ਸ਼ਨੀਵਾਰ, 3 ਜਨਵਰੀ, 2026
20 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 214

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 3 JANUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਮਦਾਨੀ ਤੇ ਅਮਰੀਕੀ ਸਾਂਸਦਾਂ ਵੱਲੋਂ ਉਮਰ ਖ਼ਾਲਿਦ ਦੇ ਹੱਕ 'ਚ ਹਾਅ ਦਾ ਨਾਅਰਾ

## ਭਾਜਪਾ ਭੜਕੀ, ਪੱਤਰ ਲਿਖਣ ਵਾਲਿਆਂ ਦੀ ਰਾਹੁਲ ਗਾਂਧੀ ਨਾਲ ਆੜੀ ਦਾ ਦੋਸ਼

**ਨਿਊਯਾਰਕ** : ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਕਾਰਕੁਨ ਉਮਰ ਖਾਲਿਦ ਲਈ ਇੱਕ ਨੋਟ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ 'ਕੜਵਾਹਟ' ਬਾਰੇ ਖਾਲਿਦ ਦੇ ਸ਼ਬਦਾਂ ਅਤੇ ਇਸ ਨੂੰ ਆਪਣੇ ਆਪ 'ਤੇ ਭਾਰੂ ਨਾ ਹੋਣ ਦੇਣ ਦੀ ਮਹੱਤਤਾ ਨੂੰ ਯਾਦ ਕੀਤਾ ਹੈ। ਇਹ ਨੋਟ ਖਾਲਿਦ ਦੀ ਸਾਥੀ ਬਾਨੋਜੋਤਸਨਾ ਲਾਹਿੜੀ ਦੁਆਰਾ 'ਐਕਸ' 'ਤੇ ਪੋਸਟ ਕੀਤਾ ਗਿਆ ਹੈ, ਜਿਸ ਦੇ ਕੈਪਸ਼ਨ ਵਿੱਚ ਲਿਖਿਆ ਸੀ, 'ਜਦੋਂ ਜੇਲ੍ਹਾਂ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਤਾਂ ਸ਼ਬਦ ਸਫ਼ਰ ਕਰਦੇ ਹਨ। ਜ਼ੋਹਰਾਨ ਮਮਦਾਨੀ ਨੇ ਉਮਰ ਖਾਲਿਦ ਨੂੰ ਲਿਖਿਆ।" ਮਮਦਾਨੀ ਵੱਲੋਂ ਦਸਤਖ਼ਤ ਕੀਤੇ ਗਏ ਹੱਥ ਲਿਖਤ ਨੋਟ ਵਿੱਚ ਕਿਹਾ ਗਿਆ ਹੈ, 'ਪਿਆਰੇ ਉਮਰ, ਮੈਂ ਅਕਸਰ ਕੜਵਾਹਟ ਬਾਰੇ ਤੁਹਾਡੇ ਸ਼ਬਦਾਂ ਅਤੇ ਇਸ ਨੂੰ ਆਪਣੇ ਆਪ 'ਤੇ ਭਾਰੂ ਨਾ ਹੋਣ ਦੇਣ ਦੀ ਮਹੱਤਤਾ ਬਾਰੇ ਸੋਚਦਾ ਹਾਂ। ਤੁਹਾਡੇ ਮਾਤਾ-ਪਿਤਾ ਨੂੰ ਮਿਲ ਕੇ ਖ਼ੁਸ਼ੀ ਹੋਈ। ਅਸੀਂ ਸਾਰੇ ਤੁਹਾਡੇ ਬਾਰੇ ਸੋਚ ਰਹੇ ਹਾਂ।" ਖਾਲਿਦ ਅਤੇ ਕੁਝ ਹੋਰਾਂ 'ਤੇ ਫਰਵਰੀ 2020 ਦੇ ਦਿੱਲੀ ਦੰਗਿਆਂ ਦਾ ਮਾਸਟਰਮਾਈਂਡ ਹੋਣ ਦੇ ਦੋਸ਼ ਵਿੱਚ ਸਖ਼ਤ ਅੱਤਵਾਦ ਵਿਰੋਧੀ ਕਾਨੂੰਨ, ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967 ਅਤੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਦੌਰਾਨ ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਅਮਰੀਕਾ ਵਿੱਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਖਾਲਿਦ ਨੂੰ ਜ਼ਮਾਨਤ ਦਿੱਤੀ ਜਾਵੇ ਅਤੇ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਨਿਰਪੱਖ ਅਤੇ ਸਮੇਂ ਸਿਰ ਸੁਣਵਾਈ ਯਕੀਨੀ ਬਣਾਈ ਜਾਵੇ।

ਜਾਨ ਸ਼ਾਕੋਵਸਕੀ, ਰਸ਼ੀਦ ਤਈਅਬ, ਭਾਰਤੀ ਮੂਲ ਦੀ ਪ੍ਰਮਿਲਾ ਜੈਪਾਲ, ਜਿਮ ਮੈਕਗਵਰਨ ਅਤੇ ਜੈਮੀ ਰਾਸਕਿਨ

• ਬਾਕੀ ਸਫਾ 2 'ਤੇ


ਉਮਰ ਖਾਲਿਦ


ਮਮਦਾਨੀ ਦਾ ਪੱਤਰ।




**ਕੀਨੀਆ** : ਇੱਕ ਬਾਲ ਕੱਟਣ ਵਾਲੀ ਦੁਕਾਨ 'ਚ ਅਸੀਂ ਆਮ ਤੌਰ 'ਤੇ ਕੈਂਚੀ, ਕੰਘੀ ਅਤੇ ਉਸਤਰਾ ਦੇਖਦੇ ਹਾਂ, ਪਰ ਇੱਕ ਸੈਲੂਨ ਇਸ ਤੋਂ ਬਿਲਕੁੱਲ ਵੱਖਰਾ ਹੈ, ਜਿੱਥੇ ਕੰਧਾਂ 'ਤੇ ਬੇਲਚਾ, ਰੈਂਚ ਅਤੇ ਪ੍ਰੈਸ ਟੰਗੇ ਮਿਲਦੇ ਹਨ। ਜਦ ਪਹਿਲੀ ਨਜ਼ਰ ਇਸ 'ਤੇ ਪੈਂਦੀ ਹੈ ਤਾਂ ਕਿਸੇ ਹਾਰਡਵੇਅਰ ਦੀ ਦੁਕਾਨ ਦਾ ਭੁਲੇਖਾ ਪੈਂਦਾ ਹੈ, ਪਰ ਇੱਥੇ ਸਫਾਰੀ ਮਾਰਟਿਨਸ ਆਪਣੇ ਵੱਖਰੇ ਅੰਦਾਜ਼ ਨਾਲ ਵਾਲ ਕੱਟਦੇ ਹਨ ਅਤੇ ਇਹੀ ਅੰਦਾਜ਼ ਉਨ੍ਹਾ ਨੂੰ ਦੁਨੀਆ ਭਰ 'ਚ ਮਸ਼ਹੂਰ ਕਰ ਚੁੱਕਾ ਹੈ। ਸਫਾਰੀ ਮਾਰਟਿਨਸ ਦੱਸਦਾ ਹੈ ਕਿ ਮੈਂ ਸਿਰਫ਼ ਗੈਰ ਜ਼ਰੂਰੀ ਟੂਲਜ਼ ਇਸਤੇਮਾਲ ਕਰਦਾ ਹਾਂ। ਕੁਝ ਹੀ ਸੈਕਿੰਡ ਬਾਅਦ ਉਹ ਬੇਲਚੇ ਦੀ ਧਾਰ ਨੂੰ ਬਲੇਡ ਦੀ ਤਰ੍ਹਾਂ ਸਿਰ 'ਤੇ ਚਲਾਉਂਦਾ ਹੈ। ਹਰ ਮੂਵਮੈਂਟ ਏਨਾ ਸਹੀ ਹੁੰਦਾ ਹੈ ਕਿ ਆਖਰ 'ਚ ਵਾਲ ਬਿਲਕੁਲ ਸਾਫ਼ ਅਤੇ ਸਹੀ ਦਿਖਾਈ ਦਿੰਦੇ ਹਨ। ਬੇਲਚੇ ਤੋਂ ਬਾਅਦ ਸਭ ਤੋਂ ਵੱਧ ਧਿਆਨ ਜੋ ਚੀਜ਼ ਖਿੱਚਦੀ ਹੈ, ਉਹ ਇਹ ਕਿ ਵਾਲਾਂ 'ਤੇ ਪ੍ਰੈਸ ਦਾ ਇਸਤੇਮਾਲ। ਮਾਰਟਿਨਸ ਪ੍ਰੈਸ ਦਾ ਇਸਤੇਮਾਲ ਵਾਲਾਂ ਨੂੰ ਫਿਨੀਸ਼ਿੰਗ ਟੱਚ ਦੇਣ ਲਈ ਇਸਤੇਮਾਲ ਕਰਦੇ ਹਨ। ਉਨ੍ਹਾ ਦਾ ਕਹਿਣਾ ਹੈ ਕਿ ਇਹ ਪ੍ਰੈਸ ਸਿਰਫ਼ ਟੂਲ ਨਹੀਂ, ਬਲਕਿ ਪ੍ਰੰਪਰਾ ਦਾ ਪ੍ਰਤੀਕ ਹੈ। ਉਹ ਦੱਸਦੇ ਹਨ ਕਿ ਗਰਮ ਕੀਤੀ ਗਈ ਪ੍ਰੈਸ ਪਿੰਡ ਦੇ ਇੱਕ ਬਜ਼ੁਰਗ ਤੋਂ ਆਸ਼ੀਰਵਾਦ ਲੈ ਕੇ ਇਸਤੇਮਾਲ ਕੀਤੀ ਜਾਂਦੀ ਹੈ। ਰਵਾਂਡਾ 'ਚ ਜਨਮੇ ਸਫਾਰੀ ਮਾਰਟਿਨਸ ਨੇ 2018 'ਚ ਹਾਈ ਸਕੂਲ ਦੌਰਾਨ ਵਾਲ ਕੱਟਣ ਦੀ ਟ੍ਰੇਨਿੰਗ ਲਈ ਤੇ ਫਿਰ ਕੰਮ ਸ਼ੁਰੂ ਕੀਤਾ। ਉਸ ਸਮੇਂ ਉਹ ਮੰਗਵੇਂ ਔਜ਼ਾਰਾਂ ਨਾਲ ਕਲਾਸਰੂਮ ਅਤ ਹੋਸਟਲ 'ਚ ਵਾਲ ਕੱਟਦੇ ਸਨ। ਪੰਜ ਸਾਲ ਬਾਅਦ ਉਨ੍ਹਾ ਨੇ ਕੈਮਰਾ ਚੁੱਕਿਆ ਤੇ ਪ੍ਰੰਪਰਿਕ ਔਜ਼ਾਰਾਂ ਨੂੰ ਛੱਡ ਦਿੱਤਾ ਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਸਫਾਰੀ ਮਾਰਟਿਨਸ ਵਾਲ ਕੱਟਣ ਦੇ 1500 ਕੀਨੀਆ ਸ਼ਿਲਿੰਗ (ਕਰੀਬ 8.60 ਪਾਊਂਡ) ਤੱਕ ਚਾਰਜ ਕਰਦੇ ਹਨ। ਨੈਰੋਬੀ 'ਚ ਇਹ ਕੀਮਤ ਆਮ ਵਾਲ ਕੱਟਣ ਵਾਲਿਆਂ ਤੋਂ ਕਈ ਗੁਣਾ ਜ਼ਿਆਦਾ ਹੈ। ਇਸ ਦੇ ਬਾਵਜੂਦ ਗਾਹਕ ਉਨ੍ਹਾ ਕੋਲ ਆਉਂਦੇ ਹਨ, ਕਿਉਂਕਿ ਇੱਥੇ ਸਿਰਫ਼ ਹੇਅਰਕੱਟ ਨਹੀਂ, ਬਲਕਿ ਸੋਸ਼ਲ ਮੀਡੀਆ 'ਤੇ ਕੁਝ ਮਿੰਟਾਂ ਦੀ ਸ਼ੋਹਰਤ ਮਿਲਦੀ ਹੈ। ਗਾਹਕ ਕਹਿੰਦੇ ਹਨ ਕਿ ਇਨ੍ਹਾਂ ਦਾ ਇਹ ਹੁਨਰ ਅਗਲੀ ਜਨਰੇਸ਼ਨ ਦਾ ਹੈ। ਇੱਥੇ ਸ਼ੇਵ ਕਰਾਉਣ ਬਾਅਦ ਅਸੀਂ ਆਪਣੇ ਆਪ 'ਚ ਗਰਵ ਮਹਿਸੂਸ ਕਰਦੇ ਹਾਂ। ਕੀਨਿਆ 'ਚ ਸੋਸ਼ਲ ਮੀਡੀਆ ਯੂਜਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਇੱਕ ਰਿਪੋਰਟ ਮੁਤਾਬਿਕ, ਜਨਵਰੀ 2023 'ਚ ਇੱਥੇ 1.06 ਕਰੋੜ ਯੂਜਰ ਸਨ, ਉੱਥੇ ਹੀ ਜਨਵਰੀ 2025 ਤੱਕ ਇਹ ਅੰਕੜਾ 1.51 ਤੱਕ ਪਹੁੰਚ ਗਿਆ। ਇਹੀ ਕਾਰਨ ਹੈ ਕਿ ਸਫਾਰੀ ਮਾਰਟਿਨਸ ਵਰਗੇ ਕੰਟੈਂਟ ਹੁਣ ਪ੍ਰੰਪਰਿਕ ਹੁਨਰ ਨੂੰ ਡਿਜੀਟਲ ਕਮਾਈ 'ਚ ਬਦਲ ਰਹੇ ਹਨ।

## ਡਾਇਰੀ ਅਤੇ ਕੈਲੰਡਰ ਜਾਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਸਾਲ 2026 ਲਈ ਪੰਜਾਬ ਸਰਕਾਰ ਦੀ ਅਧਿਕਾਰਤ ਡਾਇਰੀ ਅਤੇ ਕੈਲੰਡਰ ਜਾਰੀ ਕੀਤਾ ਜੋ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ ਬਾਰੇ ਜਾਣਕਾਰੀ ਦੇਣ ਲਈ ਇੱਕ ਅਹਿਮ ਸੰਸਥਾਗਤ ਪ੍ਰਕਾਸ਼ਨ ਹੈ। ਕੈਲੰਡਰ ਅਤੇ ਡਾਇਰੀ ਦਾ ਲੇਆਊਟ ਡਿਜ਼ਾਈਨ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੁਆਰਾ ਤਿਆਰ ਕੀਤਾ ਗਿਆ ਅਤੇ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਦੁਆਰਾ ਛਾਪਿਆ ਗਿਆ। ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਸਕੱਤਰ ਸੂਚਨਾ ਅਤੇ ਲੋਕ ਸੰਪਰਕ ਰਾਮਵੀਰ ਸਿੰਘ, ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਮਲ ਸੇਤੀਆ ਅਤੇ ਹੋਰ ਹਾਜ਼ਰ ਸਨ।

## ਮਾਨ ਵੱਲੋਂ ਮੁਹਾਲੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਵਕਾਲਤ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਵਕਾਲਤ ਕਰਦਿਆਂ ਕਿਹਾ ਕਿ ਵਿਦੇਸ਼ੀ ਕਾਰਜਾਂ ਦਾ ਵਿਸਤਾਰ ਕਰਨ ਨਾਲ ਪੂਰੇ ਖਿੱਤੇ ਵਿੱਚ ਆਰਥਿਕ ਗਤੀਵਿਧੀਆਂ, ਸੈਰ-ਸਪਾਟਾ ਅਤੇ ਨਿਵੇਸ਼ ਨੂੰ ਵੱਡਾ ਹੁਲਾਰਾ ਮਿਲੇਗਾ। ਮੁੱਖ ਮੰਤਰੀ ਨੇ ਇਹ ਟਿੱਪਣੀਆਂ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਵੱਲੋਂ ਪੰਜਾਬ ਸਰਕਾਰ ਨੂੰ 19 ਕਰੋੜ ਰੁਪਏ ਦਾ ਅੰਤ੍ਰਿਮ ਲਾਭਅੰਸ਼ ਸੌਂਪਣ ਸਮੇਂ ਕੀਤੀਆਂ, ਜਿਨ੍ਹਾਂ ਨੂੰ ਉਨ੍ਹਾਂ ਨੇ ਹਵਾਈ ਅੱਡੇ ਦੇ ਟਿਕਾਊ ਵਿਕਾਸ ਅਤੇ ਕੇਂਦਰ-ਪੰਜਾਬ ਦੀ ਮਜ਼ਬੂਤ ਭਾਈਵਾਲੀ ਦਾ ਪ੍ਰਮਾਣ ਦੱਸਿਆ। ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਦੇ ਅਧਿਕਾਰੀਆਂ, ਜਿਨ੍ਹਾਂ ਨੇ ਮੁੱਖ ਮੰਤਰੀ ਨੂੰ 19 ਕਰੋੜ ਰੁਪਏ ਦਾ ਅੰਤ੍ਰਿਮ ਲਾਭਅੰਸ਼ ਚੈੱਕ ਭੇਟ ਕੀਤਾ, ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਿਰੰਤਰ ਵਿਕਾਸ ਕੇਂਦਰ ਅਤੇ ਪੰਜਾਬ ਸਰਕਾਰਾਂ ਵਿਚਕਾਰ ਮਜ਼ਬੂਤ ਭਾਈਵਾਲੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਹਵਾਈ ਅੱਡੇ ਤੋਂ ਹੋਰ ਉਡਾਣਾਂ ਸ਼ੁਰੂ ਕਰਨ ਨਾਲ ਖਿੱਤੇ ਦੇ ਲੋਕਾਂ ਨੂੰ ਸਹੂਲਤ ਮਿਲੇਗੀ ਅਤੇ ਨਾਲ ਹੀ ਇਹ ਕਦਮ ਦੁਨੀਆ ਭਰ ਦੇ ਮੋਹਰੀ ਉੱਦਮੀਆਂ ਨੂੰ ਸੂਬੇ ਵਿੱਚ ਵੱਡਾ ਨਿਵੇਸ਼ ਕਰਨ ਲਈ ਆਕਰਸ਼ਿਤ ਕਰੇਗਾ।

## ਰੈਗਿੰਗ ਦੀ ਸ਼ਿਕਾਰ ਵਿਦਿਆਰਥਣ ਨੇ ਦਮ ਤੋੜਿਆ

**ਧਰਮਸ਼ਾਲਾ** : ਧਰਮਸ਼ਾਲਾ ਦੇ ਸਰਕਾਰੀ ਡਿਗਰੀ ਕਾਲਜ ਦੀ 19 ਸਾਲਾ ਵਿਦਿਆਰਥਣ ਦੀ ਰੈਗਿੰਗ, ਜਿਨਸੀ ਸ਼ੋਸ਼ਣ ਉਪਰੰਤ ਹੋਈ ਮੌਤ ਦੇ ਮਾਮਲੇ ਵਿੱਚ ਇੱਕ ਕਾਲਜ ਪ੍ਰੋਫੈਸਰ ਅਤੇ ਤਿੰਨ ਵਿਦਿਆਰਥਣਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਧਰਮਸ਼ਾਲਾ ਪੁਲਸ ਸਟੇਸ਼ਨ ਵਿੱਚ ਕਾਲਜ ਪ੍ਰੋਫੈਸਰ ਅਸ਼ੋਕ ਕੁਮਾਰ ਅਤੇ ਤਿੰਨ ਵਿਦਿਆਰਥਣਾਂ ਹਰਸ਼ਿਤਾ, ਆਕ੍ਰਿਤੀ ਅਤੇ ਕੋਮੋਲਿਕਾ ਵਿਰੁੱਧ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 75,115 (2) ਅਤੇ 3 (5) ਅਤੇ ਹਿਮਾਚਲ ਪ੍ਰਦੇਸ਼ ਵਿਦਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ, 2009 ਦੀ ਧਾਰਾ 3 ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਹੈ।

ਪੀੜਤ ਲੜਕੀ ਦੇ ਪਿਤਾ ਵਿਕਰਮ ਕੁਮਾਰ, ਜੋ ਕਿ ਧਰਮਸ਼ਾਲਾ ਦੇ ਸਿੱਧਬਾੜੀ ਦੇ ਰਹਿਣ ਵਾਲੇ ਹਨ, ਨੇ ਸਥਾਨਕ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਪੁਲਸ ਅਨੁਸਾਰ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੀ ਬੇਟੀ ਪੱਲਵੀ (19) ਸਰਕਾਰੀ ਡਿਗਰੀ ਕਾਲਜ, ਧਰਮਸ਼ਾਲਾ ਦੀ ਦੂਜੇ ਸਾਲ ਦੀ ਵਿਦਿਆਰਥਣ ਸੀ। ਉਨ੍ਹਾਂ ਦੋਸ਼ ਲਾਇਆ ਕਿ 18 ਸਤੰਬਰ, 2025 ਨੂੰ ਉਸੇ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਹਰਸ਼ਿਤਾ, ਆਕ੍ਰਿਤੀ ਅਤੇ ਕੋਮੋਲਿਕਾ ਨੇ ਉਸ ਦੀ ਬੇਟੀ ਨਾਲ ਕੁੱਟਮਾਰ ਕੀਤੀ ਅਤੇ ਉਸ ਨੂੰ ਡਰਾਇਆ-ਧਮਕਾਇਆ ਸੀ।

ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਕਾਲਜ ਦੇ ਇੱਕ ਪ੍ਰੋਫੈਸਰ ਅਸ਼ੋਕ ਕੁਮਾਰ ਨੇ ਪੱਲਵੀ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਸਨ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਕਥਿਤ ਪਰੇਸ਼ਾਨੀ ਅਤੇ ਡਰਾਉਣ-ਧਮਕਾਉਣ ਤੋਂ ਬਾਅਦ ਉਸ ਦੀ ਬੇਟੀ ਬਹੁਤ ਡਰ ਗਈ ਸੀ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿਣ ਲੱਗੀ, ਜਿਸ ਕਾਰਨ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ।

ਦਸੰਬਰ 2025 ਨੂੰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮੌਤ ਤੋਂ ਬਾਅਦ ਪਰਵਾਰ ਡੂੰਘੇ ਸਦਮੇ ਵਿੱਚ ਹੈ।

## ਪੰਜਾਬ ਪੁਲਸ 'ਚ ਭਰਤੀ ਕੀਤੇ ਜਾਣਗੇ 10 ਹਜ਼ਾਰ ਜਵਾਨ

**ਚੰਡੀਗੜ੍ਹ** : ਪੰਜਾਬ ਪੁਲਸ ਵਿਚ 10,000 ਜਵਾਨ ਭਰਤੀ ਕੀਤੇ ਜਾਣੇ ਹਨ। ਸਰਕਾਰ ਨੇ ਪ੍ਰਸਤਾਵ ਮਨਜ਼ੂਰ ਕਰ ਲਿਆ ਹੈ। ਇਹ ਜਾਣਕਾਰੀ ਡੀ ਜੀ ਪੀ ਪੰਜਾਬ ਗੌਰਵ ਯਾਦਵ ਵੱਲੋਂ ਸਾਂਝੀ ਕੀਤੀ ਗਈ ਹੈ। ਪੰਜਾਬ ਵਿਚ ਵਧਦੀਆਂ ਸੁਰੱਖਿਆ ਚੁਣੌਤੀਆਂ ਨੂੰ ਧਿਆਨ ਵਿਚ ਰੱਖ ਕੇ 10 ਹਜ਼ਾਰ ਜਵਾਨਾਂ ਦੀ ਭਰਤੀ ਕੀਤੀ ਜਾਵੇਗੀ। ਸਰਹੱਦੀ ਰਾਜ ਹੋਣ ਕਾਰਨ ਸੂਬੇ 'ਚ ਨਿਗਰਾਨੀ ਪ੍ਰਣਾਲੀ ਹੋਰ ਮਜ਼ਬੂਤ ਕੀਤੀ ਜਾਵੇਗੀ। ਡੀ ਜੀ ਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਹਾਲ ਹੀ ਵਿਚ 1600 ਅਹੁਦਿਆਂ ਲਈ ਨਿਯੁਕਤੀ ਪ੍ਰਕਿਰਿਆ ਪੂਰੀ ਕੀਤੀ ਹੈ ਤੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾ ਰਹੀ ਹੈ।

## ਦਿੱਲੀ 'ਚ ਲੰਗੂਰਾਂ ਦੀ ਆਵਾਜ਼ ਕੱਢਣ ਵਾਲੇ ਲੋਕਾਂ ਦੀ ਲੋੜ

**ਨਵੀਂ ਦਿੱਲੀ** : ਦਿੱਲੀ ਸਰਕਾਰ ਵਿਧਾਨ ਸਭਾ ਕੰਪਲੈਕਸ ਵਿੱਚ ਬਾਂਦਰਾਂ ਦੇ ਦਾਖਲ ਹੋਣ ਦੀ ਲਗਾਤਾਰ ਸਮੱਸਿਆ ਨਾਲ ਨਜਿੱਠਣ ਲਈ ਅਜਿਹੇ ਲੋਕਾਂ ਨੂੰ ਰੱਖਣ ਦੀ ਯੋਜਨਾ ਬਣਾ ਰਹੀ ਹੈ ਜੋ ਲੰਗੂਰਾਂ ਦੀਆਂ ਆਵਾਜ਼ਾਂ ਕੱਢ ਸਕਦੇ ਹਨ। ਅਧਿਕਾਰੀਆਂ ਮੁਤਾਬਕ ਵਿਧਾਨ ਸਭਾ ਦੇ ਆਲੇ-ਦੁਆਲੇ ਦਰਜਨਾਂ ਬਾਂਦਰ ਹਨ, ਜੋ ਤਾਰਾਂ ਅਤੇ ਡਿਸ਼ ਐਂਟੀਨਾ 'ਤੇ ਛਾਲਾਂ ਮਾਰ ਕੇ ਉਨ੍ਹਾਂ ਨੂੰ ਤੋੜ ਕੇ ਪਰੇਸ਼ਾਨੀ ਪੈਦਾ ਕਰਦੇ ਹਨ। ਇਹ ਕਦਮ ਵਿਧਾਨ ਸਭਾ ਕੰਪਲੈਕਸ ਵਿੱਚ ਬਾਂਦਰਾਂ ਦੇ ਵਾਰ-ਵਾਰ ਆਉਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜੋ ਵਿਧਾਇਕਾਂ, ਸਟਾਫ ਅਤੇ ਸੈਲਾਨੀਆਂ ਦੀ ਸੁਰੱਖਿਆ ਲਈ ਖਤਰਾ ਪੈਦਾ ਕਰਦੇ ਹਨ। ਲੋਕ ਨਿਰਮਾਣ ਵਿਭਾਗ ਨੇ ਲੰਗੂਰਾਂ ਦੀਆਂ ਆਵਾਜ਼ਾਂ ਕੱਢਣ ਦੇ ਸਮਰੱਥ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਤਾਇਨਾਤੀ ਲਈ ਟੈਂਡਰ ਕੱਢਿਆ ਹੈ। ਇਹ ਇੱਕ ਅਜਿਹਾ ਤਰੀਕਾ ਜੋ ਬਾਂਦਰਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਭਜਾਉਣ ਲਈ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਇਹ ਮਾਹਿਰ ਬਾਂਦਰਾਂ ਨੂੰ ਭਜਾਉਣ ਲਈ ਇੱਕ ਲੰਗੂਰ ਵੀ ਨਾਲ ਲਿਆਉਣਗੇ। ਅਧਿਕਾਰੀ ਨੇ ਕਿਹਾ ਕਿ ਪਹਿਲਾਂ ਵੀ ਲੰਗੂਰਾਂ ਵਰਗੀ ਆਵਾਜ਼ ਕੱਢਣ ਵਾਲੇ ਲੋਕ ਰੱਖੇ ਗਏ ਸਨ, ਪਰ ਉਨ੍ਹਾਂ ਦਾ ਇਕਰਾਰਨਾਮਾ ਖਤਮ ਹੋ ਗਿਆ ਸੀ, ਇਸ ਲਈ ਹੁਣ ਨਵੇਂ ਸਿਖਲਾਈ ਪ੍ਰਾਪਤ ਲੋਕਾਂ ਨੂੰ ਰੱਖਣ ਲਈ ਤਾਜ਼ਾ ਟੈਂਡਰ ਜਾਰੀ ਕੀਤਾ ਗਿਆ ਹੈ।

## ਸ਼ਹੀਦ ਊਧਮ ਸਿੰਘ ਦੇ ਜੀਵਨ ਫਲਸਫੇ ਤੋਂ ਸਿੱਖ ਕੇ 'ਬਨੇਗਾ' ਪ੍ਰਾਪਤੀ ਲਈ ਅੱਗੇ ਆਉਣਾ ਚਾਹੀਦਾ : ਜਗਰੂਪ



**ਫਾਜ਼ਿਲਕਾ (ਰਣਬੀਰ ਕੌਰ ਢਾਬਾਂ, ਬਲਵਿੰਦਰ ਸਿੰਘ)**-ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 'ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਅਤੇ ਬਨੇਗਾ ਪ੍ਰਾਪਤੀ' ਵਿਸ਼ੇ 'ਤੇ ਇਕ ਵਿਸ਼ੇਸ਼ ਸੈਮੀਨਾਰ ਇੱਥੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਪਿੰਡਾਂ ਵਿੱਚੋਂ ਸੈਂਕੜੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸੈਮੀਨਾਰ ਵਿੱਚ ਬਨੇਗਾ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮਾਗਮ ਦੀ ਪ੍ਰਧਾਨਗੀ ਹਰਭਜਨ ਛੱਪੜੀ ਵਾਲਾ, ਮੋਨਿਕਾ ਨਵਾਂ ਸਲੇਮਸ਼ਾਹ ਅਤੇ ਡਾ. ਸਰਬਜੀਤ ਬਨਵਾਲਾ ਨੇ ਕੀਤੀ।

ਸੈਮੀਨਾਰ ਦਾ ਉਦਘਾਟਨ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਬੇਗ ਝੰਗੜਭੈਣੀ ਨੇ ਕੀਤਾ। ਕਾਮਰੇਡ ਜਗਰੂਪ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਸਮੁੱਚਾ ਜੀਵਨ ਸੰਘਰਸ਼ ਅਤੇ ਕੁਰਬਾਨੀਆਂ ਭਰਿਆ ਹੈ। ਉਹਨਾਂ ਕਿਹਾ ਕਿ ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਨੇ ਨਾਟਕੀ ਢੰਗ ਨਾਲ ਦੋ ਲੋਕ ਵਿਰੋਧੀ ਬਿੱਲਾਂ ਦਾ ਵਿਰੋਧ ਕਰਨ ਲਈ ਦਿੱਲੀ ਦੀ ਕੇਂਦਰੀ ਅਸੰਬਲੀ ਵਿੱਚ ਬੰਬ ਸੁੱਟੇ ਸਨ, ਸ਼ਹੀਦ ਊਧਮ ਸਿੰਘ ਨੇ ਵੀ ਸ਼ਹੀਦ ਭਗਤ ਸਿੰਘ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਮਕਸਦ ਦੀ ਪੂਰਤੀ ਲਈ ਇਕ ਖਾਸ ਦਿਨ ਦੀ ਚੋਣ ਕਰਕੇ ਆਪਣਾ ਨਾਟਕੀ ਐਕਸ਼ਨ ਕੀਤਾ ਸੀ। ਕਾਮਰੇਡ ਜਗਰੂਪ ਨੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ ਫਲਸਫੇ ਤੋਂ ਸਿੱਖ ਕੇ ਬਨੇਗਾ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਅਤੇ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਕੇਂਦਰੀ ਬੀਜੇਪੀ ਸਰਕਾਰ ਅਤੇ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲਗਾਤਾਰ ਲੋਕ ਵਿਰੋਧੀ ਕਾਨੂੰਨ ਬਣਾ ਕੇ ਲੋਕਾਂ ਖਿਲਾਫ਼ ਫੈਸਲੇ ਲੈ ਰਹੀ ਹੈ। ਇਹਨਾਂ ਖਿਲਾਫ ਲੋਕ ਲਹਿਰ ਉਸਾਰਨ ਲਈ ਸਾਨੂੰ ਚੇਤਨ ਮਨ ਨਾਲ ਲਾਮਬੰਦੀ ਕਰਨੀ ਪਵੇਗੀ। ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਅਤੇ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਪੰਜਾਬ ਦੇ ਮੀਤ ਸਕੱਤਰ ਯੂਨੀਅਨ ਐਡਵੋਕੇਟ ਪਰਮਜੀਤ ਢਾਬਾਂ ਨੇ ਕਿਹਾ ਕਿ ਦੇਸ਼ ਅਤੇ ਸੂਬੇ ਵਿੱਚ ਲਗਾਤਾਰ ਪੜ੍ਹ-ਲਿਖ ਕੇ ਡਿਗਰੀਆਂ ਪ੍ਰਾਪਤ ਕਰਨ ਵਾਲੇ

• ਬਾਕੀ ਸਫਾ 2 'ਤੇ

## ਸਤਿੰਦਰ ਸਿੰਘ ਕੋਹਲੀ ਦਾ 6 ਦਿਨ ਦਾ ਪੁਲਸ ਰਿਮਾਂਡ

**ਅੰਮ੍ਰਿਤਸਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪਾਵਨ ਸਰੂਪ ਲਾਪਤਾ ਹੋਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਸ੍ਰੀ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਸੀ.ਏ. ਸਤਿੰਦਰ ਸਿੰਘ ਕੋਹਲੀ ਨੂੰ ਬੀਤੀ ਦੇਰ ਰਾਤ ਇਥੇ ਡਿਊਟੀ ਮੈਜਿਸਟਰੇਟ ਸ੍ਰੀ ਗੌਰਵ ਕੁਮਾਰ ਸ਼ਰਮਾ ਜੇ.ਐਮ.ਆਈ.ਸੀ. ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਪੇਸ਼ ਕਰਨ ਮੌਕੇ ਏ.ਸੀ.ਪੀ. ਹਰਮਿੰਦਰ ਸਿੰਘ ਸੰਧੂ ਤੇ ਇੰਸਪੈਕਟਰ ਅਮੋਲਕ ਦੀਪ ਸਿੰਘ ਦੀ ਟੀਮ ਇਥੇ ਲੈ ਕੇ ਪੁੱਜੀ, ਜਿਨ੍ਹਾਂ ਵੱਲੋਂ ਮਾਣਯੋਗ ਅਦਾਲਤ ਪਾਸੋਂ ਹੋਰ ਪੁੱਛਗਿੱਛ ਕਰਨ ਲਈ ਛੇ ਦਿਨ ਦਾ ਰਿਮਾਂਡ ਲੈ ਲਿਆ ਗਿਆ ਹੈ।

ਪੱਤਰਕਾਰਾਂ ਨੇ ਦੋਸ਼ ਲਾਇਆ ਕਿ ਪੁਲਸ ਦੀ ਟੀਮ ਵੱਲੋਂ ਉਨ੍ਹਾਂ ਨਾਲ ਪੇਸ਼ੀ ਮੌਕੇ ਧੱਕਾ-ਮੁੱਕੀ ਵੀ ਕੀਤੀ ਗਈ ਹੈ, ਜਿਸ ਦੀ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਨਿੰਦਾ ਕੀਤੀ ਗਈ ਹੈ।

## ਐਸ ਜੀ ਪੀ ਸੀ ਤੇ ਬਾਦਲ ਪਰਵਾਰ ਕੋਹਲੀ ਨੂੰ ਕਿਉਂ ਬਚਾਅ ਰਹੇ : ਬਲਤੇਜ ਪੰਨੂ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਲਾਪਤਾ ਹੋਣ ਦੇ ਗੰਭੀਰ ਅਤੇ ਬੇਹੱਦ ਸੰਵੇਦਨਸ਼ੀਲ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਘੇਰਦਿਆਂ ਉਨ੍ਹਾਂ 'ਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਜਾਣਬੁੱਝ ਕੇ ਬਚਾਉਣ, ਹਿੱਤਾਂ ਦੇ ਟਕਰਾਅ ਅਤੇ ਇਨਸਾਫ਼ ਨੂੰ ਭਟਕਾਉਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕਰਨ ਦੇ ਦੋਸ਼ ਲਾਏ। ਸ਼ੁੱਕਰਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਜਿੱਥੇ ਐਸ ਜੀ ਪੀ ਸੀ ਪ੍ਰਧਾਨ ਧਾਮੀ ਦਾਅਵਾ ਕਰ ਰਹੇ ਹਨ ਕਿ ਇਹ ਕਾਰਵਾਈ 'ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ' ਹੈ, ਉੱਥੇ ਹੀ ਸਮੁੱਚੀ ਸਿੱਖ ਕੌਮ ਜਾਣਦੀ ਹੈ ਕਿ ਇਹ ਮਾਮਲਾ ਐਸ ਆਈ ਟੀ ਕੋਲ ਸਿਰਫ਼ ਇਸ ਦੀ ਗੰਭੀਰਤਾ ਅਤੇ ਐਸ ਜੀ ਪੀ ਸੀ ਵੱਲੋਂ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਕਾਰਵਾਈ ਕਰਨ ਵਿੱਚ ਅਸਫਲ ਰਹਿਣ ਕਾਰਨ ਪਹੁੰਚਿਆ ਹੈ। ਪੰਨੂ ਨੇ ਯਾਦ ਦਿਵਾਇਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ ਅਤੇ ਮਾਮਲੇ ਦਾ ਨਿਪਟਾਰਾ ਕਰਦਿਆਂ ਹਾਈ ਕੋਰਟ ਨੇ ਸਪੱਸ਼ਟ ਹੁਕਮ ਦਿੱਤੇ ਸਨ ਕਿ ਜਾਂਚ ਸਰਕਾਰ ਵੱਲੋਂ ਕਰਵਾਈ ਜਾਵੇ। ਅਦਾਲਤ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦੇ ਹੋਏ ਐਫ ਆਈ ਆਰ ਦਰਜ ਕੀਤੀ ਗਈ, ਕਾਬਲ ਅਫਸਰਾਂ ਦੀ ਸ਼ਮੂਲੀਅਤ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦਾ ਗਠਨ ਕੀਤਾ ਗਿਆ ਅਤੇ ਹੁਣ ਪਹਿਲੀ ਗ੍ਰਿਫਤਾਰੀ ਹੋ ਚੁੱਕੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਗ੍ਰਿਫਤਾਰ ਕੀਤਾ ਗਿਆ ਮੁਲਜ਼ਮ ਸਤਿੰਦਰ ਸਿੰਘ ਕੋਹਲੀ (ਐਸ.ਐਸ. ਕੋਹਲੀ) ਇੱਕ ਚਾਰਟਰਡ ਅਕਾਊਂਟੈਂਟ ਹੈ, ਜਿਸ

• ਬਾਕੀ ਸਫਾ 2 'ਤੇ

## ਸਿਹਤ ਬੀਮਾ ਯੋਜਨਾ ਲਈ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਾਅਦੇ ਅਨੁਸਾਰ ਸੂਬੇ ਦੇ ਸਾਰੇ ਲੋਕਾਂ ਲਈ ਵਿਆਪਕ ਸਿਹਤ ਕਵਰੇਜ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਇਸ ਮਹੀਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕਰਨ ਜਾ ਰਹੀ ਹੈ। ਸ਼ੁੱਕਰਵਾਰ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ, ਜਿਸ ਤਹਿਤ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਦਾ ਨਕਦੀ ਰਹਿਤ ਸਿਹਤ ਬੀਮਾ ਪ੍ਰਦਾਨ ਕੀਤਾ ਜਾਵੇਗਾ। ਇਸ ਸਮਝੌਤੇ 'ਤੇ ਰਾਜ ਸਿਹਤ ਏਜੰਸੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੰਯਮ ਅਗਰਵਾਲ ਅਤੇ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਦੇ ਕਾਰਜਕਾਰੀ ਡਾਇਰੈਕਟਰ ਮੈਥਿਊ ਜਾਰਜ ਨੇ ਦਸਤਖ਼ਤ ਕੀਤੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਸਮੇਤ ਪੰਜਾਬ ਦੇ ਸਾਰੇ ਨਿਵਾਸੀਆਂ ਨੂੰ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਪ੍ਰਦਾਨ ਕਰਨਾ ਹੈ। ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ 15 ਜਨਵਰੀ, 2026 ਨੂੰ ਇਸ ਯੋਜਨਾ ਦੀ ਰਸਮੀ ਸ਼ੁਰੂਆਤ ਕਰਨਗੇ।

## ਈਰਾਨ ਦੀ ਖਸਤਾ ਹਾਲਤ ਵਿਰੁੱਧ ਪ੍ਰਦਰਸ਼ਨ, 7 ਮੌਤਾਂ

**ਦੁਬਈ** : ਇਰਾਨ ਦੀ ਖਸਤਾ ਹਾਲ ਆਰਥਿਕਤਾ ਕਾਰਨ ਸ਼ੁਰੂ ਹੋਏ ਪ੍ਰਦਰਸ਼ਨ ਵੀਰਵਾਰ ਨੂੰ ਇਸਲਾਮੀ ਗਣਰਾਜ ਦੇ ਪੇਂਡੂ ਸੂਬਿਆਂ ਤੱਕ ਫੈਲ ਗਏ, ਜਿਸ ਵਿੱਚ ਸੁਰੱਖਿਆ ਬਲਾਂ ਤੇ ਪ੍ਰਦਰਸ਼ਨਕਾਰੀਆਂ 'ਚ ਹੋਈਆਂ ਝੜਪਾਂ ਵਿੱਚ ਘੱਟੋ-ਘੱਟ ਸੱਤ ਲੋਕ ਮਾਰੇ ਗਏ। ਇਹ ਮੌਤਾਂ ਧਰਮਤੰਤਰ ਸਰਕਾਰ ਦੁਆਰਾ ਪ੍ਰਦਰਸ਼ਨਾਂ ਵਿਰੁੱਧ ਸਖ਼ਤ ਕਾਰਵਾਈ ਦੀ ਸ਼ੁਰੂਆਤ ਹੋ ਸਕਦੀਆਂ ਹਨ, ਜੋ ਤਹਿਰਾਨ ਵਿੱਚ ਤਾਂ ਕੁਝ ਮੱਠੀਆਂ ਪਈਆਂ ਹਨ, ਪਰ ਹੋਰਨਾਂ ਖੇਤਰਾਂ ਵਿੱਚ ਤੇਜ਼ੀ ਨਾਲ ਫੈਲ ਰਹੀਆਂ ਹਨ। ਸਭ ਤੋਂ ਵੱਧ ਹਿੰਸਾ ਲੋਰੇਸਤਾਨ ਸੂਬੇ ਦੇ ਅਜ਼ਨਾ ਸ਼ਹਿਰ ਵਿੱਚ ਦੇਖੀ ਗਈ, ਜਿੱਥੇ ਤਿੰਨ ਲੋਕ ਮਾਰੇ ਗਏ ਹਨ। ਲਾਰਡੇਗਨ ਸ਼ਹਿਰ ਵਿੱਚ ਵੀ ਦੋ ਪ੍ਰਦਰਸ਼ਨਕਾਰੀਆਂ ਦੀ ਮੌਤ ਦੀ ਖ਼ਬਰ ਹੈ, ਜਿੱਥੇ ਪਹਿਲਾਂ ਵੀ 2019 ਵਿੱਚ ਸਿਹਤ ਕੇਂਦਰ ਦੀ ਲਾਪਰਵਾਹੀ ਵਿਰੁੱਧ ਵੱਡੇ ਪ੍ਰਦਰਸ਼ਨ ਹੋਏ ਸਨ। ਇਸ ਤੋਂ ਇਲਾਵਾ ਇਸਫਾਹਾਨ ਦੇ ਫੂਲਾਦਸ਼ਹਿਰ ਵਿੱਚ ਇੱਕ ਵਿਅਕਤੀ ਅਤੇ ਕੁਹਦਾਸ਼ਤ ਵਿੱਚ ਰੈਵੋਲਿਊਸ਼ਨਰੀ ਗਾਰਡ ਦੇ ਇੱਕ 21 ਸਾਲਾ ਬਾਸੀਜ ਮੈਂਬਰ ਦੀ ਮੌਤ ਹੋਈ ਹੈ।

## ਅੱਜ-ਨਾਮਾ

ਆਗੂ ਬੋਲਿਆ ਕਹਿੰਦੇ ਆ ਭਾਜਪਾਈਆ,
ਕਰੀ ਉਸ ਬੋਲਣ ਦੇ ਵਿੱਚ ਕਮਾਲ ਬੇਲੀ।
ਬਿਮਾਰੀ ਫੈਲੀ ਆ ਮੱਧ ਪ੍ਰਦੇਸ਼ ਦੇ ਵਿੱਚ,
ਪੁੱਛਿਆ ਇਹਦਾ ਸੀ ਜਦੋਂ ਸਵਾਲ ਬੇਲੀ।
ਨਹੀਂ ਸੀ ਦੇਣਾ ਜੇ ਚਾਹੁੰਦਾ ਜਵਾਬ ਆਗੂ,
ਛੱਡਦਾ ਬਾਤ ਇਹ ਕਿੱਦਾਂ ਵੀ ਟਾਲ ਬੇਲੀ।
ਉਹਨੇ ਟਾਲਣ ਦੀ ਰਤਾ ਨਾ ਲੋੜ ਸਮਝੀ,
ਕੱਢ'ਤੀ ਥੱਬੇ ਦੀ ਝੱਟ ਕੋਈ ਗਾਲ੍ਹ ਬੇਲੀ।
ਡਬਲ ਇੰਜਣ ਦੀ ਕਹਿਣ ਸਰਕਾਰ ਓਥੇ,
ਸਕਦੀ ਪੁਲਸ ਵੀ ਉਹਨੂੰ ਨਾ ਫੜ ਬੇਲੀ।
ਆਗੂ ਕਈ ਆ ਸੱਤਾ ਨਾਲ ਗਏ ਚਾਂਭਲ,
ਪੁੱਟਦੇ ਫਿਰਦੇ ਇਖਲਾਕ ਦੀ ਜੜ੍ਹ ਬੇਲੀ।

-ਤੀਸ ਮਾਰ ਖਾਂ

## ਪਾਵਰਕਾਮ ਦਫਤਰ ਅੱਗੇ ਦੂਜਾ ਜਥਾ ਭੁੱਖ ਹੜਤਾਲ 'ਤੇ ਬੈਠਿਆ




**ਪਟਿਆਲਾ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸੰਬੰਧਤ 11 ਆਗੂਆਂ ਨੇ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੇ ਪੰਜਾਬ ਸਰਕਾਰ ਦੇ ਮਨਸੂਬਿਆਂ ਖਿਲਾਫ਼ ਸ਼ੁੱਕਰਵਾਰ ਅਦਾਰੇ ਦੇ ਮੁੱਖ ਦਫਤਰ ਸਾਹਮਣੇ ਦੂਸਰੇ ਦਿਨ ਵੀ 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ ਰੱਖ ਕੇ ਪੰਜਾਬ ਸਰਕਾਰ ਅਤੇ ਬਿਜਲੀ ਮੰਤਰੀ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਦੀ ਪਾਵਰਕਾਮ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਘਟੀਆ ਨੀਤੀ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਭੁੱਖ ਹੜਤਾਲ ਕੈਂਪ ਵਿੱਚ ਪੰਜਾਬ ਦੇ ਵੱਖ-ਵੱਖ ਸਰਕਲਾਂ ਤੋਂ ਪਹੁੰਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ, ਬਲਦੇਵ ਸਿੰਘ ਮੰਢਾਲੀ, ਚਮਕੌਰ ਸਿੰਘ ਬੀਰਮੀ, ਕੁਲਵਿੰਦਰ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਮਨਜੀਤ ਸਿੰਘ ਚਾਹਲ, ਜਰਨੈਲ ਸਿੰਘ, ਬੀ ਐੱਸ ਸੇਖੋਂ, ਬਲਵਿੰਦਰ ਸਿੰਘ ਪਸਿਆਣਾ, ਕਰਮਜੀਤ ਸਿੰਘ ਪਟਿਆਲਾ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਬਿਜਲੀ ਨਿਗਮ ਦੀਆਂ ਵੱਖ-ਵੱਖ ਸ਼ਹਿਰਾਂ ਵਿੱਚ ਵੱਡੇ ਅਕਾਰ ਦੀਆਂ ਬੇਸ਼ਕੀਮਤੀ ਜਾਇਦਾਦਾਂ ਵੇਚਣ ਲਈ ਬਜ਼ਿੱਦ ਹੈ। ਆਗੂਆਂ ਨੇ ਕਿਹਾ ਕਿ ਜਾਇਦਾਦਾਂ ਵੇਚਣ ਨਾਲ ਜਿੱਥੇ ਅਦਾਰਾ ਖੋਖਲਾ ਹੋ ਜਾਵੇਗਾ, ਉਥੇ ਵਿੱਤੀ ਤੌਰ 'ਤੇ ਵੀ ਕਮਜ਼ੋਰ ਹੋ ਜਾਵੇਗਾ। ਆਗੂਆਂ ਨੇ ਮੁਲਾਜ਼ਮ ਅਤੇ ਮਜ਼ਦੂਰ ਕਿਸਾਨ ਵਿਰੋਧੀ ਬਿਜਲੀ ਸੋਧ ਬਿੱਲ 2025 ਦੇ ਖਰੜੇ ਅਤੇ ਚਾਰ ਲੇਬਰ ਕੋਡਾਂ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਤੁਰੰਤ ਲਾਗੂ ਕਰਨ ਦੀ ਪਾਵਰ ਮੈਨੇਜਮੈਂਟ ਕੋਲੋਂ ਮੰਗ ਕੀਤੀ।

ਆਗੂਆਂ ਨੇ ਅਦਾਰੇ ਦੇ ਮੰਤਰੀ ਅਤੇ ਸੀ ਐੱਮ ਡੀ ਦੇ ਹੈਂਕੜ ਰਵੱਈਏ ਦੀ ਨਿੰਦਾ ਕਰਦਿਆਂ ਜਥੇਬੰਦੀਆਂ ਨਾਲ ਟੇਬਲ 'ਤੇ ਬੈਠ ਕੇ ਗੱਲਬਾਤ ਨਾ ਕਰਨ ਦੀ ਤਾਨਾਸ਼ਾਹੀ ਨੀਤੀ ਦੀ ਤਿੱਖੀ ਨੁਕਤਾਚੀਨੀ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਦੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਵਾਜਿਬ ਮਸਲਿਆਂ ਨੂੰ ਅਣਗੌਲਿਆਂ ਕਰਨ ਦੀ ਘਟੀਆ ਨੀਤੀ ਵਿਰੁੱਧ ਸੰਘਰਸ਼ ਨੂੰ ਹੋਰ ਤਿੱਖਾ ਕਰਨ ਬਾਰੇ ਹਾਜ਼ਰੀਨ ਨੂੰ ਵੱਡੀ ਲਾਮਬੰਦੀ ਕਰਨ ਦਾ ਸੱਦਾ ਦਿੰਦਿਆਂ 21

• ਬਾਕੀ ਸਫਾ 2 'ਤੇ

## ਦੇਸ਼ ਭਗਤ ਯਾਦਗਾਰ ਹਾਲ 'ਚ ਲਿਫ਼ਟ ਲਈ ਤਾਰੀ ਅਟਵਾਲ ਦਾ ਧੰਨਵਾਦ



**ਜਲੰਧਰ** : ਦੇਸ਼ ਭਗਤ ਯਾਦਗਾਰ ਹਾਲ ਅੰਦਰ ਨਵੇਂ ਵਰ੍ਹੇ ਮੌਕੇ ਅਵਤਾਰ ਤਾਰੀ ਅਟਵਾਲ ਬਰਮਿੰਘਮ (ਯੂ.ਕੇ.) ਨੇ ਬਹੁਤ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਹਾਲ, ਉਸ ਤੋਂ ਵੀ ਉਤਲੀ ਮੰਜ਼ਲ 'ਤੇ ਬਣੇ ਦੋ ਹਾਲਾਂ ਦੀ ਸੁਚੱਜੀ ਵਰਤੋਂ ਅਤੇ ਸਾਹਿਤਕ, ਸਭਿਆਚਾਰਕ, ਵਿਗਿਆਨਕ, ਜਮਹੂਰੀ ਵਿਚਾਰਾਂ, ਸਰਗਰਮੀਆਂ ਕਰਨ ਲਈ ਦਰਸ਼ਕਾਂ/ਸਰੋਤਿਆਂ ਦੇ ਪਹੁੰਚਣ ਦੀ ਸੁਵਿਧਾ ਨੂੰ ਧਿਆਨ 'ਚ ਰੱਖਦਿਆਂ ਗ਼ਦਰੀ ਬਾਬਾ ਜਵਾਲਾ ਸਿੰਘ ਹਾਲ ਲਿਫ਼ਟ ਲਾਉਣ ਦੇ ਪ੍ਰੋਜੈਕਟ ਨੇਪਰੇ ਚਾੜ੍ਹਨ ਲਈ ਆਉਣ ਵਾਲੇ ਸਾਰੇ ਖਰਚੇ ਦੀ ਜ਼ਿੰਮੇਵਾਰੀ ਚੁੱਕਣ ਦੀ ਖੁਸ਼ੀ ਸਾਂਝੀ ਕੀਤੀ।

ਬਰਮਿੰਘਮ ਤੋਂ ਆਏ ਕੁਲਵੰਤ ਸਿੰਘ ਕਮਲ ਨੇ ਦੱਸਿਆ ਕਿ ਇਹ ਲਿਫ਼ਟ ਦਾ ਸਾਰਾ ਖ਼ਰਚਾ ਤਾਰੀ ਅਟਵਾਲ ਨੇ ਕਰਨ ਦੀ ਜ਼ਿੰਮੇਵਾਰੀ ਓਟਦੇ ਹੋਏ ਕਿਹਾ ਹੈ ਕਿ ਮਹਾਨ ਗ਼ਦਰੀ ਦੇਸ਼ ਭਗਤਾਂ ਅਤੇ ਆਜ਼ਾਦੀ ਸੰਗਰਾਮ ਦੀਆਂ ਭੁੱਲੀਆਂ-ਵਿਸਰੀਆਂ ਮਹਾਨ ਲਹਿਰਾਂ ਅਤੇ ਉਹਨਾਂ ਦੇ ਸ਼ਹੀਦਾਂ ਦੀ ਅਮਿੱਟ ਦੇਣ ਨੂੰ ਸਿਜਦਾ ਕਰਨ ਲਈ ਇਹ ਮਾਮੂਲੀ ਜਿਹਾ ਯੋਗਦਾਨ ਹੈ। ਉਹਨਾਂ ਦੇ ਜੱਦੀ ਪਿੰਡ ਮ ਾ ੳ

• ਬਾਕੀ ਸਫਾ 2 'ਤੇ

CMYK

# ਸੁਧਾਰ ਦੀ ਆੜ ਹੇਠ ਮਨਰੇਗਾ ਨੂੰ ਖੋਖਲਾ ਕਰ ਰਹੀ ਹੈ ਕੇਂਦਰ ਸਰਕਾਰ : ਹੈਪੀ ਗਰਗ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸਾਬਕਾ ਬਲਾਕ ਪ੍ਰਧਾਨ ਤੇ ਉੱਪ ਮੀਡੀਆ ਕੋਆਰਡੀਨੇਟਰ ਐਡਵੋਕੇਟ ਹੈਪੀ ਗਰਗ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਗਰੀਬ ਵਿਰੋਧੀ ਏਜੰਡੇ ਨੂੰ ਅੱਗੇ ਵਧਾਉਣ ਲਈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਗਨਰੇਗਾ) ਦੇ ਸੁਧਾਰਾਂ ਦੇ ਨਾਂ 'ਤੇ ਜਾਣਬੁੱਝ ਕੇ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ।ਉਨ੍ਹਾਂ ਕਿਹਾ ਕਿ 23,000 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਭਾਜਪਾ ਦੇ ਸੁਧਾਰਾਂ ਦੇ ਦਾਅਵਿਆਂ ਦੀ ਅਸਲੀਅਤ ਨੂੰ ਬੇਨਕਾਬ ਕਰਦੇ ਹਨ। ਉਨ੍ਹਾਂ ਕਿਹਾ ਕਿ ਵਿੱਤੀ ਬੋਝ ਦਾ 40 ਫੀਸਦੀ ਹਿੱਸਾ ਰਾਜਾਂ 'ਤੇ ਪਾ ਕੇ ਤੇ ਸਕੀਮ ਦੇ ਅਧਿਕਾਰ-ਅਧਾਰਿਤ ਢਾਂਚੇ ਨੂੰ ਖੋਖਲਾ ਕਰਕੇ ਭਾਜਪਾ ਨੇ ਅਸਲ ਵਿੱਚ ਰੁਜ਼ਗਾਰ ਦੀ ਗਾਰੰਟੀ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਪੰਜਾਬ ਵਿਧਾਨ ਸਭਾ ਇਨ੍ਹਾਂ ਕਦਮਾਂ ਵਿਰੁੱਧ ਕਾਮਿਆਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ, ਉੱਥੇ ਹੀ ਕਾਂਗਰਸ ਸ਼ਾਸਤ ਰਾਜਾਂ ਨੇ ਚੁੱਪ ਰਹਿਣ ਦਾ ਰਾਹ ਚੁਣਿਆ ਹੈ।ਉਨ੍ਹਾਂ ਕਿਹਾ ਕਿ ਭਾਜਪਾ ਲੀਡਰਸ਼ਿਪ ਵੱਲੋਂ ਆਪਣੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ 'ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਬਾਰੇ ਸਥਾਈ ਕਮੇਟੀ 2024-25' ਦਾ ਗ਼ਲਤ ਹਵਾਲਾ ਦੇਣ ਲਈ ਨਿਸ਼ਾਨਾ ਸਾਧਿਆ।ਉਨ੍ਹਾਂ ਸਪੱਸ਼ਟ ਕੀਤਾ ਕਿ ਸਪਤਗਿਰੀ ਸ਼ੰਕਰ ਉਲਾਕਾ ਦੀ ਪ੍ਰਧਾਨਗੀ ਵਾਲੀ ਕਮੇਟੀ ਨੇ ਕਦੇ ਵੀ ਸਕੀਮ ਦਾ ਨਾਮ ਧਰਮ ਦੇ ਆਧਾਰ 'ਤੇ ਰੱਖਣ ਜਾਂ ਪਾਬੰਦੀਸ਼ੁਦਾ ਤਬਦੀਲੀਆਂ ਲਿਆਉਣ ਦੀ ਸਿਫ਼ਾਰਸ਼ ਨਹੀਂ ਕੀਤੀ ਸੀ, ਇਸ ਦੀ ਬਜਾਏ ਕਮੇਟੀ ਨੇ ਪੈਂਡਿੰਗ ਫੰਡਾਂ ਨੂੰ ਤੁਰੰਤ ਜਾਰੀ ਕਰਨ ਦੀ ਅਪੀਲ ਕੀਤੀ ਸੀ।

# ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਕਲੱਬ ਵੱਲੋਂ ਖ਼ੂਨਦਾਨ ਕੈਂਪ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਜੱਗਬਾਣੀ ਪੰਜਾਬ ਕੇਸਰੀ ਦੇ ਦਫ਼ਤਰ ਦੇਵੀਗੜ੍ਹ ਵਿਖੇ ਖੂਨਦਾਨ ਕੈਂਪ ਲਾਇਆ ਗਿਆ।ਖੂਨਦਾਨ ਕੈਂਪ ਦਾ ਰਸਮੀ ਉਦਘਾਟਨ ਰਾਜਿੰਦਰ ਸਿੰਘ ਵਿਰਕ ਸ਼੍ਰੋਮਣੀ ਅਕਾਲੀ ਦਲ ਸਰਨੇ ਨੇ ਖੁਦ ਖੂਨ ਦਾਨ ਕਰਕੇ ਕੀਤਾ।ਇਹ ਖੂਨਦਾਨ ਕੈਂਪ ਪੱਤਰਕਾਰ ਮੁਖਤਿਆਰ ਸਿੰਘ ਨੌਗਾਵਾਂ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ।ਖੂਨਦਾਨ ਕੈਂਪ ਵਿੱਚ ਜਸਵਿੰਦਰ ਸਿੰਘ, ਪੱਪੂ ਸਿੰਘ, ਗੁਰਮੁੱਖ ਸਿੰਘ, ਮਹਿੰਦਰ ਸਿੰਘ, ਮੱਖਣ ਸਿੰਘ, ਅਮਰੀਕ ਸਿੰਘ, ਮੋਹਨ ਸਿੰਘ, ਹਰਵਿੰਦਰ ਸਿੰਘ, ਹੈਪੀ, ਵਿਸ਼ਾਲ ਸਿੰਘ, ਲਖਵਿੰਦਰ ਸਿੰਘ ਫੌਜੀ, ਹਰੀਸ਼ ਜੋਸ਼ੀ, ਕੁਲਵੰਤ ਸਿੰਘ, ਕਾਰਤਿਕ, ਸੋਨੂੰ, ਗੁਰਮੁੱਖ ਸਿੰਘ, ਅਮਨਪ੍ਰੀਤ ਸਿੰਘ, ਰਜਤ, ਗੁਰਪ੍ਰੀਤ ਸਿੰਘ, ਪਾਰਸ ਸਿੰਘ, ਸੁਨੀਲ ਕੁਮਾਰ ਤੇ ਗੁਰਦੀਪ ਸਿੰਘ ਸਮੇਤ 23 ਖੂਨਦਾਨੀਆਂ ਨੇ ਖੂਨ ਦਾਨ ਕੀਤਾ।ਇਸ ਮੌਕੇ ਰਾਜਿੰਦਰ ਸਿੰਘ ਵਿਰਕ ਸ਼੍ਰੋਮਣੀ ਅਕਾਲੀ ਦਲ ਸਰਨੇ ਨੇ ਕਿਹਾ ਕਿ ਦਸਮੇਸ਼ ਪਿਤਾ ਦੇ ਜਨਮ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ ਲਗਾਉਣਾ ਮਹਾਨ ਕਾਰਜ ਹੈ।ਸਾਨੂੰ ਇਹੋ ਜਿਹੇ ਨੇਕ ਭਲਾਈ ਦੇ ਕਾਰਜ ਕਰਦੇ ਰਹਿਣੇ ਚਾਹੀਦੇ ਹਨ।ਹਰ ਇੱਕ ਤੰਦਰੁਸਤ ਵਿਅਕਤੀ ਨੂੰ ਖੂਨਦਾਨ ਕਰਨਾ ਚਾਹੀਦਾ ਹੈ।ਖੂਨਦਾਨ ਮਹਾਂਦਾਨ ਹੈ, ਕੋਈ ਵੀ ਖੂਨਦਾਨੀ ਹਰ ਤਿੰਨ ਮਹੀਨੇ ਬਾਅਦ ਖੂਨਦਾਨ ਕਰ ਸਕਦਾ ਹੈ।ਰਾਜਿੰਦਰ ਸਿੰਘ ਵਿਰਕ ਵੱਲੋਂ ਸਮੂਹ ਖੂਨਦਾਨੀਆਂ ਨੂੰ ਮੱਗ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

# ਨਵੇਂ ਸਾਲ 'ਤੇ 'ਆਪ' ਵਰਕਰਾਂ ਗੁਰੂ ਸਾਹਿਬ ਦਾ ਪ੍ਰਕਾਸ਼ ਕਰਵਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਵੇਂ ਸਾਲ ਦੀ ਖੁਸ਼ੀ ਤੇ ਸ਼ੁਭ ਆਰੰਭ ਦੇ ਤਹਿਤ ਮੋਗਾ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਕਰਵਾਇਆ ਗਿਆ।ਇਸ ਪਾਵਨ ਮੌਕੇ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਓਟ ਆਸਰਾ ਲਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ।ਇਸ ਸਮਾਗਮ ਦੌਰਾਨ ਮੇਅਰ ਪਰਵੀਨ ਕੁਮਾਰ ਪੀਨਾ, ਹੈਪੀ ਕਾਨਪੁਰੀਆ, ਵਿੱਕੀ ਦੌਧਰੀਆ, ਸਨੀ ਗਿੱਲ ਸਮੇਤ ਆਮ ਆਦਮੀ ਪਾਰਟੀ ਦੇ ਹੋਰ ਵਰਕਰਾਂ ਨੇ ਵੀ ਗੁਰੂ ਘਰ ਵਿੱਚ ਹਾਜ਼ਰੀ ਭਰੀ ਤੇ ਨਵੇਂ ਸਾਲ ਦੀ ਸੁੱਖ-ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ। ਜਾਣਕਾਰੀ ਦਿੰਦਿਆਂ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਨਵੇਂ ਸਾਲ ਨੂੰ ਲੈ ਕੇ ਪਾਰਟੀ ਵਰਕਰਾਂ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਵਰਕਰਾਂ ਵੱਲੋਂ ਗੁਰੂ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਸਭ ਲਈ ਸੁੱਖ, ਸ਼ਾਂਤੀ ਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਗਈ ਹੈ, ਉੱਥੇ ਹੀ ਮੇਅਰ ਪ੍ਰਵੀਨ ਕੁਮਾਰ ਪੀਨਾ ਨੇ ਕਿਹਾ ਕਿ ਨਵੇਂ ਸਾਲ ਦੀ ਆਮਦ ਮੌਕੇ ਗੁਰਦੁਆਰਾ ਸਾਹਿਬ ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਓਟ ਆਸਰਾ ਲਿਆ ਗਿਆ ਹੈ ਤੇ ਇਸ ਤਰ੍ਹਾਂ ਨਵੇਂ ਸਾਲ ਦੀ ਸ਼ੁਰੂਆਤ ਗੁਰੂ ਘਰ ਤੋਂ ਕੀਤੀ ਗਈ ਹੈ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੁਖਮਨੀ ਸਾਹਿਬ ਪਾਠਾਂ ਦੇ ਪਾਏ ਭੋਗ

*ਨਵੇਂ ਸਾਲ 'ਚ ਸਾਨੂੰ ਸਮਾਜ ਸੇਵਾ ਲਈ ਹੋਰ ਵਧੇਰੇ ਕੰਮ ਕਰਨ ਦਾ ਪ੍ਰਣ ਕਰਨਾ ਚਾਹੀਦੈ : ਡੀ ਸੀ*



**ਮੋਗਾ (ਇਕਬਾਲ ਸਿੰਘ ਖਹਿਰਾ)**-ਨਵਾਂ ਸਾਲ-2026 ਦੀ ਸ਼ੁੱਭ ਆਰੰਭਤਾ 'ਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਪੰਜਾਬ ਸਟੇਟ ਮਨਿਸਟਰੀਅਲ ਯੂਨੀਅਨ ਮੋਗਾ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।ਇਸ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਵਧੀਕ ਡਿਪਟੀ ਕਮਿਸ਼ਨਰ (ਜ) ਜਸਪਿੰਦਰ ਸਿੰਘ, ਸੀਨੀਅਰ ਕਪਤਾਨ ਪੁਲਸ ਮੋਗਾ ਅਜੈ ਗਾਂਧੀ, ਐੱਸ.ਡੀ.ਐੱਮ. ਮਨਜੀਤ ਸਿੰਘ ਰਾਜਲਾ ਸਮੇਤ ਹੋਰ ਸੀਨੀਅਰ ਅਧਿਕਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹਾਜ਼ਰੀਆਂ ਭਰ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਸਮੂਹ ਵਿਭਾਗਾਂ ਦੇ ਮੁਲਾਜ਼ਮ ਵੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਨਵੇਂ ਸਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਨਵੇਂ ਸਾਲ ਦੀ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਾਨੂੰ ਨਵੇਂ ਸਾਲ 'ਚ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਮਾਜ ਸੇਵਾ ਲਈ ਹੋਰ ਵਧੇਰੇ ਤਨਦੇਹੀ, ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰੀਏ ਤੇ ਆਪਣੇ ਫ਼ਰਜ਼ਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਈਏ।ਉਨ੍ਹਾਂ ਕਿਹਾ ਕਿ ਪ੍ਰਮਾਤਮਾ ਨੇ ਸਾਨੂੰ ਸਰਕਾਰੀ ਨੌਕਰੀ ਦੀ ਬਖਸ਼ਿਸ਼ ਕੀਤੀ ਹੈ ਤੇ ਅਸੀਂ ਖੁਸ਼ਕਿਸਮਤ ਹਾਂ, ਇਸ ਲਈ ਸਾਨੂੰ ਲੋਕਾਂ ਦੇ ਕੰਮ ਖਿੜੇ ਮੱਥੇ ਤੇ ਪਹਿਲ ਦੇ ਆਧਾਰ 'ਤੇ ਕਰਨ ਲਈ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਸਾਗਰ ਸੇਤੀਆ ਤੇ ਐੱਸ.ਐੱਸ.ਪੀ. ਅਜੈ ਗਾਂਧੀ ਨੇ ਸਾਂਝੇ ਤੌਰ 'ਤੇ ਜ਼ਿਲ੍ਹੇ ਦੇ ਸਮੂਹ ਨਿਵਾਸੀਆਂ ਨੂੰ ਨਵੇਂ ਸਾਲ ਦੀਆਂ ਦਿਲੋਂ ਵਧਾਈਆਂ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਅਖੀਰ ਵਿੱਚ ਚਾਹ, ਪ੍ਰਸ਼ਾਦਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੀ ਕਾਰਜਕਾਰਨੀ ਦੀ ਚੋਣ, ਡਾ. ਬਲਜੀਤ ਸ਼ਰਮਾ ਲਗਾਤਾਰ ਦੂਜੀ ਵਾਰ ਬਣੇ ਪ੍ਰਧਾਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਇਲਾਕੇ ਦੀ ਪ੍ਰਮੁੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾ 'ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ (ਰਜਿ.) ਫ਼ਰੀਦਕੋਟ' ਦੀ ਇੱਕ ਵਿਸ਼ੇਸ਼ ਮੀਟਿੰਗ ਸੀਨੀਅਰ ਮੈਂਬਰ ਰਿਟਾਇਰਡ ਡੀ.ਐੱਸ.ਪੀ. ਹਰਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਦੌਰਾਨ ਆਉਣ ਵਾਲੇ ਦੋ ਸਾਲਾਂ ਦੇ ਸਮੇਂ ਲਈ ਨਵੀਂ ਕਾਰਜਕਾਰਨੀ ਦੀ ਚੋਣ ਸਰਬਸੰਮਤੀ ਨਾਲ ਨੇਪਰੇ ਚਾੜ੍ਹੀ ਗਈ।ਨਵੀਂ ਚੁਣੀ ਕਾਰਜਕਾਰਨੀ 'ਚ ਸੁਸਾਇਟੀ ਦੇ ਮੈਂਬਰਾਂ ਵੱਲੋਂ ਖ਼ੂਨਦਾਨ ਦੇ ਖੇਤਰ ਵਿੱਚ ਸਟੇਟ ਐਵਾਰਡੀ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਦੀਆਂ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣਿਆ ਗਿਆ।ਇਸ ਤੋਂ ਇਲਾਵਾ ਹੋਰ ਅਹੁਦੇਦਾਰਾਂ 'ਚ ਚੇਅਰਮੈਨ ਅਸ਼ੋਕ ਭਟਨਾਗਰ (ਦੋ ਵਾਰ ਦੇ ਸਟੇਟ ਅਵਾਰਡੀ), ਸਰਪ੍ਰਸਤ ਸੁਰਿੰਦਰ ਸਿੰਘ ਕੋਹਲੀ (ਰਿਟਾਇਰਡ ਸੁਪਰਡੈਂਟ, ਸਿਹਤ ਵਿਭਾਗ) ਤੇ ਕਰਮਜੀਤ ਸਿੰਘ ਕਾਕਾ, ਜਨਰਲ ਸਕੱਤਰ ਡਾਕਟਰ ਪਰਮਿੰਦਰ ਸਿੰਘ (ਸੇਵਾ ਮੁਕਤ ਪ੍ਰਿੰਸੀਪਲ, ਸਰਕਾਰੀ ਬਰਜਿੰਦਰਾ ਕਾਲਜ), ਖ਼ਜ਼ਾਨਚੀ ਪਰਮਜੀਤ ਸਿੰਘ ਪੰਮਾ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ (ਰਿਟਾਇਰਡ ਡੀ.ਐੱਸ.ਪੀ.), ਮੀਤ ਪ੍ਰਧਾਨ ਗੁਰਮੀਤ ਸਿੰਘ ਬੱਗੂ, ਜੁਆਇੰਟ ਸਕੱਤਰ ਗੁਰਮੀਤ ਸਿੰਘ ਗਿੱਲ, ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਬਰਾੜ, ਪੀ.ਆਰ.ਓ. ਡਾਕਟਰ ਪ੍ਰਸ਼ੋਤਮ ਗੁਪਤਾ ਤੇ ਪੰਡਿਤ ਗਗਨ ਮਿਸ਼ਰਾ, ਅਸ਼ੋਕ ਸ਼ਰਮਾ (ਰਿਟਾਇਰਡ ਏ.ਐੱਸ.ਆਈ.), ਬਲਵਿੰਦਰ ਸਚਦੇਵਾ, ਗੁਰਮੀਤ ਸਿੰਘ ਨੀਲਾ ਸਰਾਂ, ਅਸ਼ੋਕ ਸ਼ਰਮਾ ਕੇਬਲ ਵਾਲੇ ਤੇ ਰਾਜੇਸ਼ ਕੁਮਾਰ ਰਾਜੂ (ਰਿਟਾਇਰਡ ਹੈੱਡ ਮਾਸਟਰ) ਨੂੰ ਕਾਰਜਕਾਰਨੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ।

# ਪੁਰਾਣੀ ਵਾਰਡਬੰਦੀ ਬਹਾਲ ਰੱਖਣ ਲਈ ਜਨਤਕ ਸੰਘਰਸ਼ ਵਿੱਢਣ ਦੀ ਤਿਆਰੀ : ਆਗੂ

**ਕਾਰਜ ਸਾਧਕ ਅਫਸਰ ਵੱਲੋਂ ਪੁਰਾਣੀ ਵਾਰਡਬੰਦੀ ਬਹਾਲੀ ਦਾ ਭਰੋਸਾ**



**ਮਾਨਸਾ (ਆਤਮਾ ਸਿੰਘ ਪਮਾਰ)**-21 ਮੈਂਬਰੀ ਸੰਘਰਸ਼ ਕਮੇਟੀ ਵੱਲੋਂ ਤੈਅਸ਼ੁਦਾ ਪ੍ਰੋਗਰਾਮ ਤਹਿਤ ਵਾਰਡਬੰਦੀ 'ਚ ਕੀਤੀ ਜਾ ਰਹੀ ਬੇਲੋੜੀ ਛੇੜ-ਛਾੜ ਖਿਲਾਫ਼ ਹਲਕਾ ਵਿਧਾਇਕ ਦੀ ਰਿਹਾਇਸ਼ ਦੇ ਘਿਰਾਓ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।ਇਸ ਦੌਰਾਨ ਪ੍ਰਸ਼ਾਸਨ ਦੀ ਪਹਿਲ ਕਦਮੀ 'ਤੇ ਅੱਜ ਨਗਰ ਕੌਂਸਲ ਮਾਨਸਾ ਦੇ ਦਫ਼ਤਰ ਵਿਖੇ ਕਮੇਟੀ ਦੇ ਨੁਮਾਇੰਦਿਆਂ ਨਾਲ ਕਾਰਜ ਸਾਧਕ ਅਫਸਰ ਕੁਲਦੀਪ ਸਿੰਘ ਨਾਲ ਡੀ ਐੱਸ ਪੀ ਦੀ ਮੌਜੂਦਗੀ 'ਚ ਖੁੱਲ੍ਹੀ ਮੀਟਿੰਗ ਹੋਈ।ਮੀਟਿੰਗ ਦੌਰਾਨ ਕੀਤੀ ਜਾ ਰਹੀ ਗਲਤ ਵਾਰਡਬੰਦੀ ਸਬੰਧੀ ਇਤਰਾਜ਼ ਪ੍ਰਗਟ ਕਰਦਿਆਂ ਗੱਲਬਾਤ ਕੀਤੀ ਗਈ ਤਾਂ ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਇਹ ਇੱਕ ਪ੍ਰਸਤਾਵ ਬਣਾਇਆ ਗਿਆ ਹੈ।ਇਸ ਸਬੰਧੀ ਨੋਟਿਸ ਅਖ਼ਬਾਰ ਰਾਹੀਂ ਦਿੱਤਾ ਗਿਆ ਸੀ ਕਿ ਜਿਸ ਨੂੰ ਵੀ ਇਸ ਸਬੰਧੀ ਇਤਰਾਜ਼ ਹੈ, ਉਹ ਸੱਤ ਦਿਨ ਅੰਦਰ ਕਰ ਸਕਦਾ ਹੈ, ਇਸ ਲਈ ਉਸ ਸਬੰਧੀ ਅੱਜ ਆਖਰੀ ਦਿਨ ਹੈ।ਉਨ੍ਹਾਂ ਦੱਸਿਆ ਕਿ 21 ਮੈਂਬਰੀ ਸੰਘਰਸ਼ ਕਮੇਟੀ ਤੇ ਵੱਖ ਵੱਖ ਜਥੇਬੰਦੀਆਂ ਅਤੇ ਸ਼ਹਿਰ ਦੇ ਨੁਮਾਇੰਦਿਆਂ ਵੱਲੋਂ ਪਹਿਲਾਂ ਵੀ ਇਤਰਾਜ਼ ਕਰਦਿਆਂ ਮੰਗ ਪੱਤਰ ਆਇਆ ਹੋਇਆ ਹੈ ਅਤੇ ਅੱਜ ਦੀ ਮੀਟਿੰਗ ਵਿੱਚ ਇਸ ਸਬੰਧੀ ਵਿਸਥਾਰ ਪੂਰਵਕ ਇਤਰਾਜ਼ ਰੱਖਦਿਆਂ ਆਮ ਪਬਲਿਕ ਨੂੰ ਹੋਣ ਵਾਲੀ ਖੱਜਲਖੁਆਰੀ, ਸਮੇਂ ਤੇ ਪੈਸੇ ਦੀ ਬਰਬਾਦੀ ਬਾਰੇ ਸਮਾਜ ਸੇਵੀ, ਧਾਰਮਿਕ, ਜਨਤਕ ਜਮਹੂਰੀ ਤੇ ਰਾਜਨੀਤਕ ਸੰਸਥਾਵਾਂ ਸਬੰਧੀ ਜਾਣਕਾਰੀ ਦਿੱਤੀ ਹੈ।ਨੁਮਾਇੰਦਿਆਂ ਨੇ ਕਿਹਾ ਕਿ ਨਵੀਂ ਬਣਾਈ ਪ੍ਰਪੋਜ਼ਲ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਲਈ ਪੁਰਾਣੀ ਵਾਰਡਬੰਦੀ ਨਾਲ ਹੀ ਸੰਸਥਾਵਾਂ ਤੇ ਸ਼ਹਿਰ ਨਿਵਾਸੀ ਸਹਿਮਤ ਹਨ ਤੇ ਪੰਜਾਬ ਸਰਕਾਰ ਰਾਜਨੀਤਕ ਲਾਹਾ ਲੈਣ ਦੀ ਕੋਸ਼ਿਸ਼ ਦੀ ਬਜਾਏ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੁਰਾਣੀ ਵਾਰਡਬੰਦੀ ਨੂੰ ਪਹਿਲਾਂ ਦੀ ਤਰ੍ਹਾਂ ਰੱਖ ਕੇ ਨਵੀਂ ਪ੍ਰਪੋਜ਼ਲ ਨੂੰ ਮੁੱਢੋਂ ਹੀ ਖ਼ਾਰਜ ਕੀਤਾ ਜਾਵੇ।ਕਾਰਜ ਸਾਧਕ ਅਫਸਰ ਕੁਲਦੀਪ ਸਿੰਘ ਨੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਵਾਰਡਬੰਦੀ ਸਬੰਧੀ ਸਿਰਫ਼ ਪ੍ਰਪੋਜ਼ਲ ਹੈ, ਇਹ ਕੋਈ ਅੰਤਿਮ ਫੈਸਲਾ ਨਹੀਂ।ਉਨ੍ਹਾਂ ਪੁਰਾਣੀ ਵਾਰਡਬੰਦੀ ਬਹਾਲ ਰੱਖਣ ਆਏ ਇਤਰਾਜ਼ ਤੇ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜਣ ਦਾ ਭਰੋਸਾ ਦਿਵਾਇਆ।

ਇਸ ਸਮੇਂ ਆਗੂਆਂ ਨੇ ਵਾਅਦਾ ਖਿਲਾਫ਼ੀ ਲਈ ਸਰਕਾਰ ਤੇ ਪ੍ਰਸ਼ਾਸਨ ਨੂੰ ਤਿੱਖਾ ਸੰਘਰਸ਼ ਵਿੱਢਣ ਦੀ ਚਿਤਾਵਨੀ ਵੀ ਦਿੱਤੀ।ਇਸ ਸਮੇਂ ਰੁਲਦੂ ਸਿੰਘ ਮਾਨਸਾ, ਕ੍ਰਿਸ਼ਨ ਚੌਹਾਨ, ਗੁਰਲਾਭ ਸਿੰਘ ਮਾਹਲ, ਪ੍ਰੇਮ ਅਰੋੜਾ, ਧੰਨਾ ਮੱਲ ਗੋਇਲ, ਸਤੀਸ਼ ਗੋਇਲ, ਸੁਰਿੰਦਰ ਪੱਪੀ ਦਾਨੇਵਾਲੀਆ, ਹਰਵਿੰਦਰ ਭਾਰਦਵਾਜ, ਹਰਿੰਦਰ ਮਾਨਸ਼ਾਹੀਆ, ਜਤਿੰਦਰ ਆਗਰਾ, ਪਿੰਦਰ ਸਿੰਘ ਆਦਿ ਮੀਟਿੰਗ ਦੌਰਾਨ ਹਾਜ਼ਰ ਸਨ।

# ਬੰਦ ਪਈਆਂ ਸਟਰੀਟ ਲਾਈਟਾਂ ਕਾਰਨ ਲੋਕ ਪ੍ਰੇਸ਼ਾਨ

**ਕੋਟ ਈਸੇ ਖਾਂ (ਅਰੋੜਾ)**-ਧਰਮਕੋਟ ਰੋਡ 'ਤੇ ਸਟਰੀਟ ਲਾਈਟਾਂ ਬੰਦ ਪਈਆਂ ਹਨ, ਜਿਸ ਕਾਰਨ ਇਲਾਕੇ 'ਚ ਸ਼ਾਮ ਦੇ ਸਮੇਂ ਘੁੱਪ ਹਨੇਰਾ ਛਾਅ ਜਾਂਦਾ ਹੈ।ਹਨੇਰੇ ਕਾਰਨ ਰਾਹਗੀਰਾਂ ਤੇ ਵਾਹਨ ਚਾਲਕਾਂ ਨੂੰ ਆਵਾਜਾਈ ਦੌਰਾਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਸ-ਪਾਸ ਦੇ ਦੁਕਾਨਦਾਰਾਂ ਤੇ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਰੋਜ਼ਾਨਾ ਆਉਣ-ਜਾਣ ਵਾਲੇ ਵਿਦਿਆਰਥੀ, ਮਜ਼ਦੂਰ ਤੇ ਦੋਪਹੀਆ ਵਾਹਨ ਚਾਲਕ ਸਭ ਤੋਂ ਵੱਧ ਪ੍ਰਭਾਵਤ ਹੋ ਰਹੇ ਹਨ।ਹਨੇਰੇ ਕਾਰਨ ਪੈਦਲ ਆਉਣ-ਜਾਣ ਵਾਲਿਆਂ ਰਾਹਗੀਰਾਂ ਨੂੰ ਮੁਸ਼ਕਲ ਆ ਰਹੀ ਹੈ ਤੇ ਹਨੇਰਾ ਹੋਣ ਕਰਕੇ ਚੋਰੀਆਂ ਦਾ ਵੀ ਖ਼ਤਰਾ ਵਧ ਜਾਂਦਾ ਹੈ। ਲੋਕਾਂ ਨੇ ਨਗਰ ਪੰਚਾਇਤ ਤੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਧਰਮਕੋਟ ਰੋਡ 'ਤੇ ਬੰਦ ਪਈਆਂ ਸਟਰੀਟ ਲਾਈਟਾਂ ਨੂੰ ਤੁਰੰਤ ਠੀਕ ਕਰਾਇਆ ਜਾਵੇ ਤਾਂ ਜੁ ਆਉਣ-ਜਾਣ ਵਾਲੇ ਰਾਹਗੀਰਾਂ ਤੇ ਦੁਕਾਨਦਾਰਾਂ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਕਿਸੇ ਵੀ ਘਟਨਾ ਆਦਿ ਤੋਂ ਬਚਿਆ ਜਾ ਸਕੇ। ਜਦ ਇਸ ਸਬੰਧੀ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਨਾਲ ਫੋਨ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦ ਹੀ ਲਾਈਟਾਂ ਚਾਲੂ ਕਰਾ ਦਿੱਤੀਆਂ ਜਾਣਗੀਆਂ।

# ਕੈਨੇਡਾ ਤੋਂ ਆਈ ਮਹਿਲਾ ਦਾ ਗੋਲੀਆਂ ਮਾਰ ਕੇ ਕਤਲ



**ਕਪੂਰਥਲਾ (ਪ੍ਰੀਤ ਸੰਗੋਜਲਾ, ਮਨਜੀਤ ਮਾਨ)**-ਕਪੂਰਥਲਾ ਦੇ ਭੀੜਭਾੜ ਵਾਲੇ ਇਲਾਕੇ ਸੇਨਿਪੁਰਾ ਵਿੱਚ ਦਿਨ ਦਿਹਾੜੇ ਗੋਲੀਆਂ ਮਾਰ ਕੇ ਇੱਕ 40 ਸਾਲਾ ਮਹਿਲਾ ਦੀ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੀ ਪਛਾਣ ਹੇਮਪ੍ਰੀਤ ਕੌਰ ਉਰਫ਼ ਹੇਮਾ ਵਜੋਂ ਹੋਈ ਹੈ, ਜੋ ਕਰੀਬ ਇੱਕ ਮਹੀਨਾ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਆਈ ਸੀ। ਮਿਲੀ ਜਾਣਕਾਰੀ ਅਨੁਸਾਰ ਦੁਪਹਿਰ ਸਮੇਂ ਦੋ ਅਣਪਛਾਤੇ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਤੇ ਜ਼ਬਰਦਸਤੀ ਘਰ ਅੰਦਰ ਦਾਖ਼ਲ ਹੋ ਗਏ।ਕੁਝ ਸਮੇਂ ਬਾਅਦ ਗੋਲੀਆਂ ਚੱਲਣ ਦੀ ਆਵਾਜ਼ ਆਈ।ਪੁਲਿਸ ਅਨੁਸਾਰ ਕੁੱਲ ਚਾਰ ਗੋਲੀਆਂ ਚਲਾਈਆਂ ਗਈਆਂ, ਜਿਨ੍ਹਾਂ 'ਚੋਂ ਇੱਕ ਗੋਲੀ ਹੇਮਪ੍ਰੀਤ ਕੌਰ ਨੂੰ ਲੱਗੀ, ਜੋ ਘਾਤਕ ਸਾਬਤ ਹੋਈ ਜਦ ਕਿ ਤਿੰਨ ਗੋਲੀਆਂ ਹਵਾਈ ਫ਼ਾਇਰ ਕੀਤੀਆਂ ਗਈਆਂ।ਆਸ-ਪਾਸ ਲੱਗੇ ਨਿਗਰਾਨ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਸਰਕਾਰ ਬਣਨੀ ਤੈਅ : ਭੋਲਾ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਵਿੱਚ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਤੇਜ਼ੀ ਨਾਲ ਤਪਦਾ ਨਜ਼ਰ ਆ ਰਿਹਾ ਹੈ।ਇਸ ਦਰਮਿਆਨ ਕਾਂਗਰਸ ਪਾਰਟੀ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਭੋਲਾ ਸਿੰਘ ਸਮਾਧ ਭਾਈ ਨੇ ਦਾਅਵਾ ਕੀਤਾ ਹੈ ਕਿ 2027 ਦੀਆਂ ਚੋਣਾਂ ਵਿੱਚ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਣਨੀ ਪੂਰੀ ਤਰ੍ਹਾਂ ਤੈਅ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਚੁੱਕਾ ਹੈ ਤੇ ਹੁਣ ਲੋਕਾਂ ਕੋਲ ਇੱਕ ਹੀ ਭਰੋਸੇਯੋਗ ਵਿਕਲਪ ਕਾਂਗਰਸ ਪਾਰਟੀ ਹੀ ਬਚੀ ਹੈ।ਭੋਲਾ ਸਿੰਘ ਸਮਾਧ ਭਾਈ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਪੰਜਾਬ ਦੀ ਜਨਤਾ ਨਾਲ ਜੋ ਵੱਡੇ-ਵੱਡੇ ਵਾਅਦੇ ਕੀਤੇ ਸਨ, ਉਹ ਜ਼ਮੀਨੀ ਪੱਧਰ 'ਤੇ ਪੂਰੇ ਕਰਨ ਵਿੱਚ ਨਾਕਾਮ ਰਹੀ ਹੈ।ਸੂਬੇ ਵਿੱਚ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ ਤੇ ਕਾਨੂੰਨ-ਵਿਵਸਥਾ ਦੀ ਕਮਜ਼ੋਰ ਸਥਿਤੀ ਕਾਰਨ ਆਮ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ।ਉਨ੍ਹਾਂ ਆਖਿਆ ਕਿ ਕਿਸਾਨ, ਨੌਜਵਾਨ, ਵਪਾਰੀ ਤੇ ਮੁਲਾਜ਼ਮ ਵਰਗ ਸਭ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਹਨ।ਉਨ੍ਹਾਂ ਦੱਸਿਆ ਕਿ ਇਸ ਦੇ ਉਲਟ ਕਾਂਗਰਸ ਪਾਰਟੀ ਦੀ ਨੀਤੀ ਹਮੇਸ਼ਾ ਲੋਕ-ਹਿਤੈਸ਼ੀ ਰਹੀ ਹੈ ਤੇ ਪਾਰਟੀ ਨੇ ਆਪਣੇ ਸ਼ਾਸਨ ਦੌਰਾਨ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਲਿਜਾਣ ਲਈ ਅਹਿਮ ਕਦਮ ਚੁੱਕੇ।ਕਾਂਗਰਸ ਸਰਕਾਰਾਂ ਦੌਰਾਨ ਸੂਬੇ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ, ਸਮਾਜਿਕ ਸੁਰੱਖਿਆ ਯੋਜਨਾਵਾਂ ਤੇ ਲੋਕਾਂ ਦੀ ਭਲਾਈ ਲਈ ਕਈ ਇਤਿਹਾਸਕ ਫ਼ੈਸਲੇ ਲਏ ਗਏ।ਭੋਲਾ ਸਿੰਘ ਸਮਾਧ ਭਾਈ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਕਾਂਗਰਸ ਪਾਰਟੀ ਨਾਲ ਜੁੜ ਰਿਹਾ ਹੈ ਤੇ ਪਾਰਟੀ ਦਿਨੋਂ-ਦਿਨ ਮਜ਼ਬੂਤੀ ਵੱਲ ਵਧ ਰਹੀ ਹੈ। ਜ਼ਮੀਨੀ ਪੱਧਰ 'ਤੇ ਵਰਕਰਾਂ ਦੀ ਸਰਗਰਮੀ ਤੇ ਲੋਕਾਂ ਦਾ ਵਧਦਾ ਸਮਰਥਨ ਇਸ ਗੱਲ ਦਾ ਸਬੂਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਇੱਕ ਵਾਰ ਫਿਰ ਪੰਜਾਬ ਦੀ ਸੱਤਾ ਸੰਭਾਲੇਗੀ।ਅੰਤ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹੀ ਉਹ ਪਾਰਟੀ ਹੈ, ਜੋ ਪੰਜਾਬ ਨੂੰ ਇੱਕ ਨਵੀਂ ਦਿਸ਼ਾ, ਸਥਿਰਤਾ ਤੇ ਖ਼ੁਸ਼ਹਾਲੀ ਪ੍ਰਦਾਨ ਕਰ ਸਕਦੀ ਹੈ ਅਤੇ 2027 ਵਿੱਚ ਪੰਜਾਬ ਦੀ ਜਨਤਾ ਕਾਂਗਰਸ ਨੂੰ ਭਾਰੀ ਬਹੁਮੱਤ ਨਾਲ ਜਿਤਾਏਗੀ।

# ਪੱਤਰਕਾਰਾਂ ਤੇ ਆਰ ਟੀ ਆਈ ਕਾਰਕੁਨ 'ਤੇ ਪਰਚਾ ਪ੍ਰੈੱਸ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ : ਸ਼ਰਮਾ

**ਕੇਸ ਨੂੰ ਖਾਰਜ ਕਰਨ ਲਈ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ**




**ਮਮਦੋਟ (ਜਸਬੀਰ ਸਿੰਘ ਕੰਬੋਜ)**-ਬਠਿੰਡਾ ਜ਼ਿਲ੍ਹਾ ਯੂਨਿਟ ਦੇ ਪ੍ਰੈੱਸ ਸਕੱਤਰ ਸਾਥੀ ਮਨਦੀਪ ਸਿੰਘ ਮੱਕੜ, ਲੋਕ ਆਵਾਜ਼ ਟੀਵੀ ਦੇ ਮਨਿੰਦਰ ਸਿੰਘ ਸਿੱਧੂ, ਮਿੰਟੂ ਗੁਰੂਸਰੀਆ, ਮਾਨਕ ਗੋਇਲ ਆਰ ਟੀ ਆਈ ਕਾਰਕੁਨਾਂ ਖਿਲਾਫ, ਜੋ ਲੁਧਿਆਣਾ ਸ਼ਹਿਰੀ ਸਾਈਬਰ ਕ੍ਰਾਈਮ ਪੁਲਸ ਵੱਲੋਂ ਕੇਸ ਦਰਜ ਕੀਤਾ ਗਿਆ ਹੈ, ਇਹ ਪ੍ਰੈੱਸ ਦੀ ਆਜ਼ਾਦੀ ਤੇ ਬੋਲਣ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ।ਇਸ ਗੱਲ ਦਾ ਪ੍ਰਗਟਾਵਾ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸਟੇਟ ਕਮੇਟੀ ਮੈਂਬਰ ਬਲਦੇਵ ਰਾਜ ਸ਼ਰਮਾ ਨੇ ਪ੍ਰੈੱਸ ਕਲੱਬ ਮਮਦੋਟ ਵਿਖੇ ਪੱਤਰਕਾਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ 2022 ਤੋਂ ਪਹਿਲਾਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਆਪਣੇ ਸੰਬੋਧਨ ਦੌਰਾਨ ਕਿਹਾ ਕਰਦੇ ਸਨ ਕਿ ਜਦ ਵੀ ਸਿਆਸੀ ਆਗੂ ਤੁਹਾਡੇ ਪਿੰਡਾਂ ਵਿੱਚ ਦੌਰੇ ਜਾਂ ਤੁਹਾਡੇ ਕੋਲ ਵੋਟਾਂ ਮੰਗਣ ਆਉਣ ਤੇ ਉਨ੍ਹਾਂ ਨੂੰ ਸਵਾਲ ਪੁੱਛੋ, ਮੋਬਾਇਲ 'ਤੇ ਵੀਡੀਓ ਬਣਾ ਕੇ ਆਪਣੇ ਹਲਕੇ ਸਬੰਧੀ ਸਵਾਲ ਪੁੱਛਣਾ ਤੁਹਾਡਾ ਬੁਨਿਆਦੀ ਹੱਕ ਹੈ, ਪਰ ਹੁਣ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਵੱਲੋਂ ਸਵਾਲ ਕਰਨ ਦੇ ਅਧਿਕਾਰ ਨੂੰ ਖਤਮ ਕਰਨ ਦੇ ਰਾਹ ਪੈ ਗਈ ਹੈ, ਜੋ ਕਿਸੇ ਵੀ ਸੂਰਤ ਵਿੱਚ ਬਰਦਾਸ਼ਤਯੋਗ ਨਹੀਂ ਹੈ।ਮੀਟਿੰਗ ਤੋਂ ਬਾਅਦ ਪੱਤਰਕਾਰਾਂ ਤੇ ਆਰ ਟੀ ਆਈ ਕਾਰਕੁਨ 'ਤੇ ਹੋਏ ਇਸ ਧੱਕੇ ਖਿਲਾਫ ਪੰਜਾਬ ਐਂਡ ਚੰਡੀਗੜ੍ਹ ਜਨਰਲ ਯੂਨੀਅਨ ਦੇ ਸੱਦੇ 'ਤੇ ਇਸ ਕੇਸ ਨੂੰ ਖ਼ਾਰਜ ਕਰਨ ਜਾਂ ਵਾਪਸ ਲੈਣ ਸਬੰਧੀ ਮਾਨਯੋਗ ਨਾਇਬ ਤਹਿਸੀਲਦਾਰ ਮਮਦੋਟ ਸ੍ਰੀ ਅਵਿਨਾਸ਼ ਚੰਦਰ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਸਟੇਟ ਕਮੇਟੀ ਮੈਂਬਰ ਬਲਦੇਵ ਰਾਜ ਸ਼ਰਮਾ, ਜਸਬੀਰ ਸਿੰਘ ਕੰਬੋਜ ਚੇਅਰਮੈਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਤਜਿੰਦਰ ਢੀਂਗੜਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ ਸੀਨੀਅਰ ਪੱਤਰਕਾਰ ਬਲਜੀਤ ਸਿੰਘ ਕਚੂਰਾ, ਜਸਵੰਤ ਸਿੰਘ ਥਿੰਦ ਪ੍ਰਧਾਨ ਪ੍ਰੈੱਸ ਕਲੱਬ ਦਿਹਾਤੀ, ਹਰਪਾਲ ਸੋਢੀ ਚੇਅਰਮੈਨ ਪ੍ਰੈੱਸ ਕਲੱਬ ਮਮਦੋਟ, ਜੋਗਿੰਦਰ ਸਿੰਘ ਭੋਲਾ ਸਾਬਕਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਗੁਰਪ੍ਰੀਤ ਸਿੰਘ ਸੰਧੂ, ਰਜਿੰਦਰ ਸਿੰਘ ਹਾਂਡਾ, ਰਵਿੰਦਰ ਸਿੰਘ ਕਾਲਾ, ਸੰਜੀਵ ਮੈਦਾਨ, ਬਗੀਚਾ ਸਿੰਘ, ਨਿਸ਼ਾਨ ਸਿੰਘ ਖਾਲਸਾ, ਭੁਪਿੰਦਰ ਨਰੂਲਾ, ਹਰਪ੍ਰੀਤ ਸਿੰਘ ਹੈਪੀ ਤੇ ਸੰਦੀਪ ਸੋਨੀ ਹਾਜ਼ਰ ਸਨ।

# ਅਮਰੀਕਾ ਆਈ ਟੀ ਕੰਪਨੀ ਦੇ ਮਾਲਕ ਨੇ ਪਟਿਆਲਾ 'ਚ ਕਰਵਾਇਆ ਵਿਆਹ

**ਲਾੜਾ-ਲਾੜੀ ਕਾਰ ਦੀ ਥਾਂ ਰਿਕਸ਼ੇ 'ਤੇ ਬੈਠ ਕੇ ਗਏ ਘਰ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼ਹਿਰ ਦੇ ਸਿੰਗਲਾ ਪਰਿਵਾਰ ਦੇ ਫਰਜੰਦ ਤੇ ਅਮਰੀਕਾ ਵਿਖੇ ਆਈ. ਟੀ. ਕੰਪਨੀ ਦੇ ਮਾਲਕ ਕਾਨਵ ਸਿੰਗਲਾ ਅਤੇ ਅਮਰੀਕਾ ਦੀ ਹੀ ਆਈ. ਟੀ. ਐਕਸਪਰਟ ਸ਼੍ਰੇਆ ਨੇ ਮੰਦਰ 'ਚ ਵਿਆਹ ਕਰਵਾ ਕੇ ਸਾਦੇ ਵਿਆਹ ਦਾ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੱਤਾ। ਸਭ ਤੋਂ ਸਾਦਗੀ ਵਾਲੀ ਗੱਲ ਇਹ ਰਹੀ ਕਿ ਉਹ ਵਿਆਹ ਤੋਂ ਬਾਅਦ ਵੀ ਕਾਰ ਦੀ ਬਜਾਏ ਰਿਕਸ਼ਾ 'ਤੇ ਹੀ ਬੈਠ ਕੇ ਘਰ ਪਹੁੰਚ ਗਏ, ਜਿੱਥੇ ਉਨ੍ਹਾਂ ਆਪਣੇ ਪਿਤਾ ਸੰਦੀਪ ਸਿੰਗਲਾ ਤੇ ਮਾਤਾ ਜਯੋਤੀ ਸਿੰਗਲਾ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਕਾਨਵ ਸਿੰਗਲਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬੇਲੋੜੇ ਖਰਚਿਆਂ ਤੋਂ ਬਚਣਾ ਚਾਹੀਦਾ ਹੈ।ਮੰਦਰ ਤੋਂ ਵੱਡਾ ਕੋਈ ਸਥਾਨ ਨਹੀਂ, ਜਿੱਥੇ ਭਗਵਾਨ ਦੇ ਸਾਹਮਣੇ ਤੁਸੀਂ ਬੰਧਨ 'ਚ ਬੱਝ ਜਾਂਦੇ ਹੋ। ਉਨ੍ਹਾਂ ਕਿਹਾ ਕਿ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਜਿੰਨਾ ਸਾਦਾ ਰਿਹਾ ਜਾਵੇ, ਵਧੀਆ ਹੈ।ਉਨ੍ਹਾਂ ਦੀ ਹਮਸਫਰ ਸ਼੍ਰੇਆ ਨੇ ਵੀ ਇਸ ਕੰਮ 'ਚ ਮੇਰਾ ਸਾਥ ਦਿੱਤਾ, ਜਿਸ ਦੇ ਲਈ ਉਨ੍ਹਾਂ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਦਿਖਾਵੇ ਲਈ ਜਾਂ ਮਜਬੂਰੀਵਸ ਵਿਆਹਾਂ 'ਤੇ ਜ਼ਿਆਦਾ ਖਰਚਾ ਕਰਨਾ ਪੈਂਦਾ ਅਤੇ ਉਹ ਸਾਡੇ ਪਰਿਵਾਰਾਂ ਦੀ ਆਰਥਿਕਤਾ ਨੂੰ ਪੱਟੜੀ ਤੋਂ ਥੱਲੇ ਉਤਾਰ ਦਿੰਦਾ ਹੈ।ਕਾਨਵ ਨੇ ਕਿਹਾ ਕਿ ਉਹ ਤਾਂ ਸਾਦਾ ਵਿਆਹ ਦਾ ਪਹਿਲਾਂ ਮਨ ਬਣਾ ਚੁੱਕੇ ਸਨ, ਪਰ ਉਹ ਸਾਰਿਆਂ ਨੂੰ ਸਾਦੇ ਵਿਆਹ ਦਾ ਸੁਨੇਹਾ ਜ਼ਰੂਰ ਦੇਣਾ ਚਾਹੁੰਣਗੇ।

# ਕਲੀਨ ਐਂਡ ਗਰੀਨ ਪਾਰਕ ਕਲੱਬ ਨੇ ਨਵਾਂ ਸਾਲ ਉਤਸ਼ਾਹ ਤੇ ਚਾਵਾਂ ਨਾਲ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਕਲੀਨ ਐਂਡ ਗਰੀਨ ਪਾਰਕ ਕਲੱਬ ਵੱਲੋਂ ਨਵਾਂ ਸਾਲ ਕਲੱਬ ਦੇ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਭਾਨ ਦੀ ਅਗਵਾਈ ਵਿੱਚ ਬੜੇ ਚਾਵਾਂ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਯੋਗਾ ਇੰਸਟਰਕਟਰ ਅਮਰੀਕ ਸਿੰਘ, ਮੈਡਮ ਸੋਨੀਆ ਤੇ ਰਜਿੰਦਰ ਕੁਮਾਰ ਵੱਲੋਂ ਯੋਗਾ ਕਰਵਾਇਆ ਗਿਆ ਅਤੇ ਯੋਗਾ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਲਗਾਤਾਰ ਯੋਗਾ ਕਰਨ ਨਾਲ ਸਰੀਰ ਵਿਚਲੀਆਂ ਨਾਮੁਰਾਦ ਬਿਮਾਰੀਆਂ ਸਦਾ ਲਈ ਖਤਮ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਸਾਇੰਸ ਕੋਲੇ ਅਜੇ ਤੱਕ ਮੁਕੰਮਲ ਇਲਾਜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਯੋਗਾ ਕਰਨ ਨਾਲ ਸਰੀਰ ਫਿੱਟ, ਨਿਰੋਗ ਤੇ ਤੰਦਰੁਸਤ ਰਹਿੰਦਾ ਹੈ। ਨਿਰੰਤਰ ਯੋਗਾ ਕਰਨ ਨਾਲ ਸਰੀਰ ਨੂੰ ਬਿਮਾਰੀਆਂ ਨਹੀਂ ਲੱਗਦੀਆਂ, ਸਰੀਰ ਨਿਰੋਗ ਤੇ ਤੰਦਰੁਸਤ ਰਹਿੰਦਾ ਹੈ।ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਭਾਨ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦੇਣ ਉਪਰੰਤ ਦੱਸਿਆ ਕਿ ਕਲੀਨ ਐਂਡ ਗਰੀਨ ਪਾਰਕ ਕਲੱਬ ਕਰਕੇ ਇਸ ਪਾਰਕ ਦੀ ਸਾਫ ਸਫਾਈ ਤੇ ਮੇਨਟੇਨ ਹੋ ਰਹੀ ਹੈ, ਨਵੇਂ ਝੂਲੇ ਲੱਗ ਰਹੇ ਹਨ। ਪਿਛਲੇ ਸਾਲ ਸੜਕ ਹਾਦਸੇ ਵਿੱਚ ਸਮਾਣਾ ਸ਼ਹਿਰ ਦੇ ਸਦਾ ਲਈ ਅਲਵਿਦਾ ਕਹਿ ਗਏ ਬੱਚਿਆਂ ਦੀ ਯਾਦ ਵਿੱਚ ਪਾਰਕ ਦਾ ਨਵਾਂ ਗੇਟ ਉਸਾਰੀ ਅਧੀਨ ਹੈ, ਜੋ ਜਲਦੀ ਬਣ ਕੇ ਤਿਆਰ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਪਾਰਕ ਵਿੱਚ ਹਰ ਰੋਜ਼ ਸਵੇਰ ਤੋਂ ਲੈ ਕੇ ਦੇਰ ਸ਼ਾਮ ਤੱਕ ਬੱਚੇ, ਬਜ਼ੁਰਗ ਤੇ ਨੌਜਵਾਨ ਸੈਰ, ਕਸਰਤ ਤੇ ਯੋਗਾ ਕਰਨ ਲਈ ਆਉਂਦੇ ਹਨ। ਉਨ੍ਹਾਂ ਨੇ ਨਗਰ ਕੌਂਸਲ ਪਾਸੋਂ ਮੰਗ ਕੀਤੀ ਹੈ ਕਿ ਇਸ ਪਾਰਕ ਵਿੱਚ ਇੱਕ ਫੁਹਾਰਾ ਲਗਾਇਆ ਜਾਵੇ ਤਾਂ ਪਾਰਕ ਦੀ ਸ਼ਾਨ ਹੋਰ ਵਧ ਜਾਵੇਗੀ। ਇਸ ਮੌਕੇ ਅਸ਼ੋਕ ਛਾਵੜਾ ਤੇ ਮੈਡਮ ਕਿਰਨ ਬਾਲਾ ਦਾ ਜਨਮ ਦਿਨ ਬੜੇ ਉਤਸ਼ਾਹ ਤੇ ਚਾਵਾਂ ਨਾਲ ਮਨਾਇਆ ਗਿਆ।ਸਾਬਕਾ ਕੌਂਸਲਰ ਸੁਰਿੰਦਰ ਕੌਰ ਭਾਨ, ਮੈਡਮ ਸੋਨੀਆ, ਅਨੀਲ ਕੁਮਾਰ, ਅਸ਼ੋਕ ਸਾਬੜਾ, ਨੰਦ ਲਾਲ, ਰਜਿੰਦਰ ਕੁਮਾਰ, ਵਿਨੋਦ ਕੁਮਾਰ ਬੰਸੀ ਲਾਲ, ਅਮਰੀਕ ਸਿੰਘ, ਮਦਨ ਲਾਲ ਤੋਂ ਇਲਾਵਾ ਸੈਂਕੜੇ ਯੋਗਾ ਸਿਖਿਆਰਥੀ ਹਾਜ਼ਰ ਸਨ।

# ਮਨਰੇਗਾ ਸਮੇਤ ਲੋਕ ਵਿਰੋਧੀ ਕਾਲੇ ਨਵੇਂ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਲਾਮਬੰਦੀ ਸ਼ੁਰੂ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਡੇਹਲੋਂ ਪੱਖੋਵਾਲ ਦੇ ਕਈ ਪਿੰਡਾਂ ਜੱਸੋਵਾਲ ਸੂਦਾਂ, ਫੱਲੇਵਾਲ ਕਲਾਂ, ਨੰਗਲ ਖੁਰਦ ਦੇ ਮਨਰੇਗਾ ਮਜ਼ਦੂਰਾਂ ਨੇ ਵੀ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਰੀਬ ਵਿਰੋਧੀ ਨਵੇਂ 'ਵੀ ਬੀ-ਜੀ ਰਾਮ ਜੀ' ਕਾਨੂੰਨ ਖਿਲਾਫ਼ ਜਨਤਕ ਇਕੱਠ ਕਰਕੇ ਆਪਣੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਮਨਰੇਗਾ ਮਜ਼ਦੂਰਾਂ ਦੇ ਜਨਤਕ ਇਕੱਠਾਂ ਨੂੰ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਰਜਿ:) ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਪੱਖੋਵਾਲ ਬਲਾਕ ਦੇ ਕਨਵੀਨਰ ਮਾ: ਚਰਨਜੀਤ ਸਿੰਘ ਫੱਲੇਵਾਲ ਨੇ ਸੰਬੋਧਨ ਕੀਤਾ। ਮਜ਼ਦੂਰ ਕਿਸਾਨ ਆਗੂਆਂ ਨੇ ਮੋਦੀ ਸਰਕਾਰ ਵਲੋਂ ਮਨਰੇਗਾ ਮਜ਼ਦੂਰਾਂ ਨੂੰ 125 ਦਿਨ ਰੁਜਗਾਰ ਦੇਣ ਨੂੰ ਗੁੰਮਰਾਹਕੁੰਨ ਕਰਾਰ ਦਿੰਦੇ ਹੋਏ ਤੱਤ ਰੂਪ 'ਚ ਨਵੇਂ ਕਾਨੂੰਨ 100 ਦਿਨ ਰੁਜ਼ਗਾਰ ਦੀ ਗਾਰੰਟੀ ਤੇ ਜਵਾਬਦੇਹੀ ਤੋਂ ਵੀ ਭੱਜਣ ਤੇ ਗ਼ਰੀਬਾਂ ਦੇ ਬਲਦੇ ਚੁੱਲਿਆਂ ਨੂੰ ਠੰਡੇ ਕਰਕੇ ਹੋਰ ਵੀ ਬੇਕਾਰੀ ਤੇ ਭੁੱਖਮਰੀ ਦੇ ਮੂੰਹ ਧੱਕਣ ਦੇ ਦੋਸ਼ੀ ਕਰਾਰ ਦਿੱਤਾ, ਕਿਉਂਕਿ ਕੇਂਦਰ ਸਰਕਾਰ ਨੇ ਮਨਰੇਗਾ ਕਾਨੂੰਨ ਦਾ ਬਜਟ 90 ਪ੍ਰਤੀਸ਼ਤ ਤੋਂ ਘਟਾ ਕੇ 60 ਪ੍ਰਤੀਸ਼ਤ ਕਰ ਦਿੱਤਾ ਹੈ।

ਸੂਬਾ ਸਰਕਾਰਾਂ ਪਹਿਲਾਂ ਹੀ ਮਨਰੇਗਾ ਕੰਮ 'ਚ ਬਣਦਾ ਹਿੱਸਾ ਪਾਉਣ ਤੋਂ ਹੱਥ ਖੜੇ ਕਰ ਚੁੱਕੀਆਂ ਹਨ, ਮੁਲਾਜ਼ਮਾਂ ਨੂੰ ਤਨਖਾਹਾਂ ਤੇ ਪੇਂਡੂ ਵਿਕਾਸ ਲਈ ਖਜ਼ਾਨਾ ਖਾਲੀ ਦਾ ਢਿੰਡੋਰਾ ਪਿੱਟਿਆ ਜਾ ਰਿਹਾ ਹੈ।ਹੜ੍ਹ ਪੀੜ੍ਹਤਾਂ ਲਈ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਐਲਾਨੀ ਨਿਗੂਣੀ ਮੁਆਵਜ਼ਾ ਰਾਸ਼ੀ ਵੀ ਅਜੇ ਤੱਕ ਨਹੀਂ ਦਿੱਤੀ।ਅਜਿਹੀ ਹਾਲਤ 'ਚ ਮਨਰੇਗਾ ਲਈ ਪੈਸਾ ਨਹੀਂ ਤਾਂ ਮਨਰੇਗਾ ਕੰਮ ਨਹੀਂ ਚੱਲ ਸਕਦਾ, ਜਦਕਿ ਪਹਿਲੀਆਂ ਕੇਂਦਰ ਤੇ ਸੂਬਾ ਸਰਕਾਰਾਂ ਵੀ ਵਿਕਾਸ ਦੇ ਨਾਂਅ ਹੇਠ ਮਨਰੇਗਾ ਦਾ ਬੱਜਟ ਲਗਾਤਾਰ ਘਟਾਉਂਦੀਆਂ ਆ ਰਹੀਆਂ ਤੇ ਵੱਡੇ ਕਾਰਪੋਰੇਟ ਘਰਾਣਿਆਂ ਤੇ ਜਾਗੀਰਦਾਰਾਂ ਨੂੰ ਸਸਤੀਆਂ ਜ਼ਮੀਨਾਂ, ਸਸਤੀ ਕਿਰਤ ਸ਼ਕਤੀ, ਸਰਕਾਰੀ ਖਜ਼ਾਨੇ, ਅਰਬਾਂ ਰੁਪਏ ਦੇ ਕਰਜ਼ੇ ਮੁਆਫ਼ੀ ਤੇ ਟੈਕਸ ਛੋਟਾਂ ਦੇ ਗੱਫੇ ਦਿੰਦੀਆਂ ਆ ਰਹੀਆਂ ਹਨ।ਮਜ਼ਦੂਰ ਕਿਸਾਨ ਆਗੂਆਂ ਨੇ ਦੱਸਿਆ ਕਿ ਮਜ਼ਦੂਰ ਯੂਨੀਅਨਾਂ ਲੰਮੇ ਸਮੇਂ ਤੋਂ ਮਨਰੇਗਾ ਮਜ਼ਦੂਰਾਂ ਲਈ ਨਿਗੂਣੇ 100 ਦਿਨ ਰੁਜ਼ਗਾਰ ਦੀ ਥਾਂ 200 ਦਿਨ ਰੁਜਗਾਰ ਤੇ ਘੱਟੋ-ਘੱਟ 700 ਰੁਪਏ ਦਿਹਾੜੀ ਦੇਣ ਦੀ ਮੰਗ ਕਰਦੀਆਂ ਆ ਰਹੀਆਂ ਹਨ, ਪ੍ਰੰਤੂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਹੁਣ ਉਲਟੀ ਗੰਗਾ ਵਹਾਉਂਦੇ ਹੋਏ 100 ਦਿਨ ਰੁਜ਼ਗਾਰ ਗਾਰੰਟੀ ਵੀ ਖ਼ਤਮ ਕਰ ਦਿੱਤੀ ਹੈ।ਇਸੇ ਸਮੇਂ ਦੌਰਾਨ ਮਜ਼ਦੂਰਾਂ ਨੂੰ ਲੁੱਟਣ-ਕੁੱਟਣ ਤੇ ਗੁਲਾਮ ਬਣਾਉਣ ਵਾਲੇ 4 ਕਿਰਤ ਕੋਡ ਬਣਾਉਣ, ਬਿਜਲੀ ਸੋਧ ਬਿੱਲ-2025, ਬੀਜ ਬਿੱਲ, ਸਰਕਾਰੀ ਜਾਇਦਾਦਾਂ ਤੇ ਪੰਚਾਇਤੀ ਜ਼ਮੀਨਾਂ ਵੇਚਣ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ, ਭਾਰਤ -ਅਮਰੀਕਾ ਮੁਕਤ ਵਪਾਰ ਵਾਰਤਾ/ਸਮਝੌਤੇ ਕਰਨ ਦੇ ਤਾਜ਼ਾ ਹਮਲਿਆਂ ਬਾਰੇ ਵੀ ਚੇਤੰਨ ਕਰਦੇ ਹੋਏ ਇਨ੍ਹਾਂ ਸੱਜਰੇ ਹਮਲਿਆਂ ਖਿਲਾਫ਼ ਸੂਬੇ ਦੀਆਂ 90 ਦੇ ਕਰੀਬ ਖੇਤ ਮਜ਼ਦੂਰ, ਸਨਅਤੀ ਮਜ਼ਦੂਰ, ਕਿਸਾਨ, ਮੁਲਾਜ਼ਮ, ਨੌਜਵਾਨ, ਵਿਦਿਆਰਥੀ ਤੇ ਠੇਕਾ ਮੁਲਾਜਮ ਜਥੇਬੰਦੀਆਂ ਵਲੋਂ ਵਿੱਢੇ ਸਾਂਝੇ ਸੰਘਰਸ਼ ਵਿੱਚ ਸ਼ਾਮਲ ਹੋਣ 'ਤੇ ਸਭਨਾਂ ਹਾਕਮ ਜਮਾਤੀ ਸਿਆਸੀ ਪਾਰਟੀਆਂ ਵਲੋਂ ਮਨਰੇਗਾ ਮਜ਼ਦੂਰਾਂ, ਗਰੀਬ ਲੋਕਾਂ ਨਾਲ ਪ੍ਰਗਟਾਏ ਜਾ ਰਹੇ ਨਕਲੀ ਹੇਜ ਤੋਂ ਵੀ ਸੁਚੇਤ ਰਹਿਣ ਦਾ ਸੱਦਾ ਦਿੱਤਾ ਗਿਆ।ਲੋਕਾਂ ਦੀ ਰੋਟੀ-ਰੋਜ਼ੀ ਤੇ ਸਵੈਮਾਣ ਨਾਲ ਜਿਉਣ ਦੇ ਅਧਿਕਾਰਾਂ ਖਿਲਾਫ਼ ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਬੋਲੇ ਨਿੱਜੀਕਰਨ ਦੇ ਸੱਜਰੇ ਹਮਲਿਆਂ ਖਿਲਾਫ਼ ਵਿਸ਼ਾਲ ਏਕਤਾ ਉਸਾਰਨ ਤੇ ਸਾਂਝੇ ਘੋਲਾਂ ਦਾ ਮੈਦਾਨ ਭਖਾਉਣ ਦੀ ਤਿਆਰੀ ਵਜੋਂ 4 ਜਨਵਰੀ ਨੂੰ ਬਲਾਕ ਦੇ ਪਿੰਡਾਂ 'ਚ ਮੋਟਰ ਸਾਈਕਲ ਮਾਰਚ ਤੇ 16 ਜਨਵਰੀ ਨੂੰ ਜਿਲ੍ਹਾ ਹੈੱਡ ਕੁਆਟਰਾਂ 'ਤੇ ਧਰਨੇ-ਪ੍ਰਦਰਸ਼ਨਾਂ 'ਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ।ਇਸ ਮੌਕੇ ਵੱਖ-ਵੱਖ ਪਿੰਡਾਂ 'ਚ ਵੱਡੀ ਗਿਣਤੀ 'ਚ ਮਨਰੇਗਾ ਮਜ਼ਦੂਰਾਂ ਸਮੇਤ ਔਰਤਾਂ ਨੇ ਵੀ ਭਰਵਾਂ ਹੁੰਗਾਰਾ ਦਿੰਦੇ ਹੋਏ ਕਾਲੇ ਕਾਨੂੰਨਾਂ ਤੇ ਸਰਕਾਰਾਂ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਰੋਹ ਦਾ ਪ੍ਰਗਟਾਵਾ ਕੀਤਾ।

# ਸਫਾ 1 ਦੇ ਬਾਕੀ...

## ਮਮਦਾਨੀ ਤੇ ਅਮਰੀਕੀ...

ਸਮੇਤ ਅੱਠ ਸੰਸਦ ਮੈਂਬਰਾਂ ਨੇ ਕਵਾਤਰਾ ਨੂੰ ਲਿਖੇ ਪੱਤਰ ਵਿੱਚ ਫਰਵਰੀ 2020 ਦੀ ਦਿੱਲੀ ਹਿੰਸਾ ਦੇ ਸੰਬੰਧ ਵਿੱਚ ਚਾਰਜ ਕੀਤੇ ਗਏ ਵਿਅਕਤੀਆਂ, ਜਿਨ੍ਹਾਂ ਵਿੱਚ ਖਾਲਿਦ ਵੀ ਸ਼ਾਮਲ ਹੈ, ਦੀ ਲੰਬੀ ਪ੍ਰੀ-ਟਰਾਇਲ ਹਿਰਾਸਤ ਬਾਰੇ ਨਿਰੰਤਰ ਚਿੰਤਾ ਪ੍ਰਗਟਾਈ ਹੈ। ਅਮਰੀਕੀ ਸਾਂਸਦਾਂ ਦੇ ਪੱਤਰ 'ਤੇ ਭੜਕਦਿਆਂ ਭਾਜਪਾ ਨੇ ਕਿਹਾ ਹੈ ਕਿ ਪੱਤਰ ਲਿਖਣ ਵਾਲੇ ਭਾਰਤ ਵਿਰੋਧੀਆਂ ਦੇ ਨਾਲ ਰਾਹੁਲ ਗਾਂਧੀ ਦਾ ਲਿੰਕ ਹੈ। ਭਾਜਪਾ ਦੇ ਆਗੂ ਪ੍ਰਦੀਪ ਭੰਡਾਰੀ ਨੇ ਕਿਹਾ ਹੈ ਕਿ ਪੱਤਰ ਲਿਖਣ ਵਾਲਿਆਂ ਵਿੱਚੋਂ ਇੱਕ ਸਾਂਸਦ ਜਾਨ ਸ਼ਾਕੋਵਸਕੀ ਨੇ 2024 ਵਿੱਚ ਭਾਰਤ ਵਿਰੋਧੀ ਈਹਾਨ ਉਮਰ ਨਾਲ ਮਿਲ ਕੇ ਰਾਹੁਲ ਗਾਂਧੀ ਨਾਲ ਮੀਟਿੰਗ ਕੀਤੀ ਸੀ। ਭੰਡਾਰੀ ਨੇ ਉਹ ਤਸਵੀਰ ਵੀ ਸਾਂਝੀ ਕੀਤੀ ਹੈ, ਜਿਸ ਵਿੱਚ ਰਾਹੁਲ ਅਮਰੀਕੀ ਦੌਰੇ ਦੌਰਾਨ ਸ਼ਾਕੋਵਸਕੀ, ਸੈਮ ਪਿਤਰੋਦਾ ਤੇ ਹੋਰਨਾਂ ਨਾਲ ਨਜ਼ਰ ਆ ਰਹੇ ਹਨ। ਭੰਡਾਰੀ ਨੇ ਦਾਅਵਾ ਕੀਤਾ ਕਿ 2024 ਵਿੱਚ ਰਾਹੁਲ ਨਾਲ ਮੁਲਾਕਾਤ ਤੋਂ ਬਾਅਦ ਸ਼ਾਕੋਵਸਕੀ ਨੇ ਕੌਮਾਂਤਰੀ ਇਸਲਾਮੋਫੋਬੀਆ ਨਾਲ ਨਜਿੱਠਣ ਵਾਲਾ ਬਿੱਲ ਪੇਸ਼ ਕੀਤਾ ਸੀ, ਜਿਸ ਵਿੱਚ ਭਾਰਤ 'ਚ ਮੁਸਲਮ ਭਾਈਚਾਰੇ 'ਤੇ ਹਮਲਿਆਂ ਦੀ ਗੱਲ ਕਹੀ ਸੀ। ਉਸੇ ਸ਼ਾਕੋਵਸਕੀ ਨੇ ਉਮਰ ਖਾਲਿਦ ਬਾਰੇ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਹੈ। ਉਨ੍ਹਾ ਅੱਗੇ ਕਿਹਾ ਕਿ ਜਿਹੜੇ ਲੋਕ ਭਾਰਤ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ, ਚੁਣੀ ਹੋਈ ਸਰਕਾਰ ਨੂੰ ਬਦਨਾਮ ਕਰਨਾ ਚਾਹੁੰਦੇ ਹਨ ਤੇ ਦਹਿਸ਼ਤਗਰਦੀ ਵਿਰੋਧੀ ਕਾਨੂੰਨਾਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ, ਰਾਹੁਲ ਗਾਂਧੀ ਦੇ ਦੁਆਲੇ ਇਕੱਠੇ ਹੋ ਰਹੇ ਹਨ।

## ਪਾਵਰਕਾਮ ਦਫਤਰ ਅੱਗੇ ...

ਜਨਵਰੀ ਨੂੰ ਮੁੱਖ ਦਫਤਰ ਦੇ ਗੇਟਾਂ 'ਤੇ ਸੂਬਾ ਪੱਧਰ ਦੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਲਈ ਕਮਰਕੱਸੇ ਕਰਨ 'ਤੇ ਜ਼ੋਰ ਦਿੱਤਾ। ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਕੁਲਵਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਉਦੀਪੁਰ, ਸਰਬਜੀਤ ਸਿੰਘ ਲੰਗ, ਗੁਰਦੀਪ ਸਿੰਘ ਮੁਕਤਸਰ, ਰਵੀ ਲੌਂਗੋਵਾਲ, ਜੰਗੀਰ ਸਿੰਘ ਕਟਾਰੀਆ, ਕੁਲਵਿੰਦਰ ਸਿੰਘ, ਕੇਵਲ ਸਿੰਘ ਬਨਵੈਤ, ਰਜਿੰਦਰ ਠਾਕੁਰ, ਗੁਰਪਿਆਰ ਸਿੰਘ, ਗੁਰਮੇਲ ਸਿੰਘ ਨੇ 24 ਘੰਟੇ ਲਈ ਲੜੀਵਾਰ ਭੁੱਖ ਹੜਤਾਲ 'ਤੇ ਬੈਠੇ।ਰੋਸ ਧਰਨੇ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਪ੍ਰਭਜੋਤ ਸਿੰਘ, ਮੁਲਾਜ਼ਮ ਆਗੂ ਰਸ਼ਪਾਲ ਸਿੰਘ ਪਾਲੀ, ਕੁਲਵੰਤ ਸਿੰਘ ਤੇ ਲਖਵਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਸ਼ਹੀਦ ਊਧਮ ਸਿੰਘ ਦੇ ਜੀਵਨ...

ਨੌਜਵਾਨਾਂ ਨੂੰ ਸਾਜ਼ਿਸ਼ ਤਹਿਤ ਰੁਜ਼ਗਾਰ ਦੇਣ ਦੀ ਬਜਾਏ, ਕੁਰਾਹੇ ਪਾਇਆ ਜਾ ਰਿਹਾ ਹੈ।ਉਹਨਾਂ ਕਿਹਾ ਕਿ ਜੇਕਰ ਹਰ ਇੱਕ ਨੌਜਵਾਨ ਨੂੰ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ ਤਾਂ ਉਹ ਗਲਤ ਅਲਾਮਤਾਂ ਵਾਲੇ ਪਾਸੇ ਨਹੀਂ ਜਾਵੇਗਾ।

ਉਹਨਾਂ ਕਿਹਾ ਕਿ ਪਾਰਲੀਮੈਂਟ ਵਿੱਚ ਸਭ ਲਈ ਰੁਜ਼ਗਾਰ ਦੀ ਗਾਰੰਟੀ ਕਰਦਾ ਬਨੇਗਾ ਕਾਨੂੰਨ ਬਣਾਉਣ ਲਈ ਸਾਨੂੰ ਪੜ੍ਹੇ-ਲਿਖੇ ਨੌਜਵਾਨਾਂ ਨੂੰ ਚੇਤਨ ਮਨ ਨਾਲ ਇੱਕ ਮੰਚ 'ਤੇ ਇਕੱਠਾ ਹੋਣਾ ਪਵੇਗਾ। ਸਮੂਹ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ 'ਤੇ ਕੀਤੇ ਗਏ ਨਜਾਇਜ਼ ਮੁਕੱਦਮੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਕਦੇ ਵੀ ਲੋਕ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਸਮੂਹ ਆਗੂਆਂ ਨੇ ਪੰਜਾਬ ਸਰਕਾਰ ਦੇ ਇਸ ਮਾੜੇ ਵਿਹਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਇਸ ਮੌਕੇ ਗੁਰਦਿਆਲ ਢਾਬਾਂ, ਬਲਵਿੰਦਰ ਘੁਬਾਇਆ, ਸਤੀਸ਼ ਛੱਪੜੀ ਵਾਲਾ, ਸੀਤਾ ਸਿੰਘ, ਸੋਨਾ ਸਿੰਘ ਧੂੰਨਕੀਆਂ, ਸੁਰਿੰਦਰ ਬਾਹਮਣੀ ਵਾਲਾ, ਛਿੰਦਰ ਮਹਾਲਮ, ਰਮੇਸ਼ ਪੀਰ ਮੁਹੰਮਦ, ਬਿੰਦਰ ਘੂਰੀ, ਪੰਮਾ ਥਾਰੇਵਾਲਾ, ਕਰਨੈਲ ਬੱਘੇਕਾ, ਰਾਜਵਿੰਦਰ ਨਿਉਲਾ, ਕੁਲਦੀਪ ਬੱਖੂਸ਼ਾਹ, ਹੁਸ਼ਿਆਰ ਕਾਵਾਂਵਾਲੀ, ਪ੍ਰੇਮ ਗ਼ੁਲਾਮ ਰਸੂਲ, ਅਸ਼ੋਕ ਸੈਦੋਕੇ, ਡਾਕਟਰ ਹਰਸੁਰੇਸ਼ ਹਸਤਾਕਲਾਂ, ਕਰਨ ਸੈਦੋਕੇ, ਬਲਵਿੰਦਰ ਝੰਗੜ ਭੈਣੀ, ਜੰਮੂ ਰਾਮ ਬੰਨਵਾਲਾ ਆਪਣੇ-ਆਪਣੇ ਜੱਥੇ ਲੈ ਕੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

## ਦੇਸ਼ ਭਗਤ ਯਾਦਗਾਰ...

ਸਾਹਿਬ ਤੋਂ ਮਹਿੰਦਰ ਸਿੰਘ ਵੀ ਉਹਨਾਂ ਦੇ ਨਾਲ਼ ਆਏ ਹੋਏ ਸਨ। ਇਸ ਮੌਕੇ ਕੁਲਵੰਤ ਹੋਰਾਂ ਦਾ ਪੁਸਤਕਾਂ ਦੇ ਸੈੱਟ ਦੇ ਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਵੀ ਕੀਤਾ ਗਿਆ ਅਤੇ ਉਹਨਾਂ ਹੱਥ ਤਾਰੀ ਅਟਵਾਲ ਨੂੰ ਧੰਨਵਾਦ ਪੱਤਰ ਵੀ ਭੇਜਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਡਾ. ਪਰਮਿੰਦਰ, ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ, ਖਜ਼ਾਨਚੀ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਤੇਜਿੰਦਰ ਵਿਰਲੀ, ਰਣਜੀਤ ਸਿੰਘ ਔਲਖ ਤੇ ਡਾ. ਸੈਲੇਸ਼ ਵੀ ਹਾਜ਼ਰ ਸਨ।

# ਬਜ਼ੁਰਗਾਂ ਤੇ ਵਿਧਵਾਵਾਂ ਦੀ ਪੈਨਸ਼ਨ ਰੋਕਣ ਦਾ ਅਮਲ ਨਿੰਦਣਯੋਗ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਿਸੇ ਵੀ ਮੁਲਕ ਜਾਂ ਸੂਬੇ ਦੇ ਵਾਸੀਆਂ ਦੇ ਜੀਵਨ ਪੱਧਰ ਅਤੇ ਖੁਸ਼ਹਾਲੀ ਇਸ ਗੱਲ ਉਤੇ ਨਿਰਭਰ ਹੁੰਦੀ ਹੈ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਬਿਹਤਰੀ ਤੇ ਸਹੂਲਤਾਂ ਲਈ ਬਣਾਈਆ ਗਈਆ ਯੋਜਨਾਵਾਂ ਸਹੀ ਰੂਪ ਵਿਚ ਲਾਗੂ ਹੋ ਰਹੀਆ ਹਨ ਜਾਂ ਨਹੀਂ।ਜਦੋਂ 35 ਲੱਖ 27 ਹਜ਼ਾਰ ਦੇ ਕਰੀਬ ਬੁਢੇਪਾ ਪੈਨਸ਼ਨ ਤੇ ਵਿਧਵਾਵਾਂ ਪੈਨਸ਼ਨ ਵਾਲੇ ਹਨ, ਇਨ੍ਹਾਂ ਬਜ਼ੁਰਗਾਂ ਅਤੇ ਵਿਧਵਾਵਾਂ ਦਾ ਜੀਵਨ ਨਿਰਬਾਹ ਹੀ ਇਨ੍ਹਾਂ ਨੂੰ ਮਿਲਣ ਵਾਲੀ ਤੁੱਛ ਜਿਹੀ ਪੈਨਸ਼ਨ ਉਤੇ ਹੀ ਨਿਰਭਰ ਕਰਦਾ ਹੈ, ਪਰ ਜਦੋਂ ਸਰਕਾਰ ਵੱਲੋ ਇਨ੍ਹਾਂ ਦੀਆਂ ਪੈਨਸ਼ਨਾਂ ਹੀ ਰੋਕ ਦਿੱਤੀਆ ਜਾਣ ਜਾਂ ਰਿਲੀਜ਼ ਨਾ ਕੀਤੀਆਂ ਜਾਣ ਤਾਂ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਬਜ਼ੁਰਗਾਂ ਤੇ ਵਿਧਵਾਵਾਂ ਦਾ ਰੋਜ਼ਾਨਾ ਜੀਵਨ ਕਿਵੇਂ ਨਿਰਬਾਹ ਹੋਵੇਗਾ ? ਜੋ ਪੰਜਾਬ ਸਰਕਾਰ ਨੇ ਕੁਝ ਸਮੇਂ ਲਈ ਇਹ ਪੈਨਸ਼ਨਾਂ ਰੋਕ ਕੇ ਇਨ੍ਹਾਂ ਬਜ਼ੁਰਗਾਂ ਤੇ ਵਿਧਵਾਵਾਂ ਨੂੰ ਸੰਕਟ ਵਿੱਚ ਪਾ ਦਿੱਤਾ ਹੈ, ਇਹ ਅਮਲ ਦਿਸ਼ਾਹੀਣ ਤੇ ਨਿੰਦਣਯੋਗ ਹੈ।ਇਹ ਪੈਨਸਨਾਂ ਬਿਨਾਂ ਕਿਸੇ ਦੇਰੀ ਦੇ ਤੁਰੰਤ ਜਾਰੀ ਹੋਣੀਆਂ ਚਾਹੀਦੀਆਂ ਹਨ ਤਾਂ ਜੁ ਕਿਸੇ ਵੀ ਮਜਬੂਰ, ਬਜ਼ੁਰਗ ਤੇ ਵਿਧਵਾ ਨੂੰ ਆਪਣੀ ਜ਼ਿੰਦਗੀ ਦੇ ਹੋਰ ਵੱਡੇ ਕਸ਼ਟ ਦਾ ਸਾਹਮਣਾ ਨਾ ਕਰਨਾ ਪਵੇ । ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਸਰਕਾਰ ਵੱਲੋਂ ਆਪਣੀਆਂ ਦਿਸ਼ਾਹੀਣ ਤੇ ਬੇਨਤੀਜਾ ਯੋਜਨਾਵਾਂ ਦੀ ਬਦੌਲਤ ਮਹੀਨਾਵਾਰ ਤੁੱਛ ਜਿਹੀ ਰਕਮ ਬਜ਼ੁਰਗਾਂ ਤੇ ਵਿਧਵਾਵਾਂ ਨੂੰ ਬਤੌਰ ਪੈਨਸ਼ਨ ਦੇਣ ਦੇ ਰੋਕੇ ਗਏ ਅਮਲ ਨੂੰ ਅਤਿ ਦੁਖਦਾਇਕ ਅਤੇ ਇਨ੍ਹਾਂ ਬਜ਼ੁਰਗਾਂ ਤੇ ਵਿਧਵਾਵਾਂ ਨਾਲ ਵੱਡੀ ਬੇਇਨਸਾਫ਼ੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜਦੋਂ 2020 'ਚ ਆਮ ਆਦਮੀ ਪਾਰਟੀ ਨੇ ਇਥੋ ਦੇ ਨਿਵਾਸੀਆਂ ਨੂੰ ਆਪਣੇ ਵੱਲ ਪ੍ਰੇਰਿਤ ਕਰਨ ਹਿੱਤ ਇਹ ਐਲਾਨ ਕੀਤਾ ਸੀ ਕਿ ਪੰਜਾਬ ਦੇ ਹਰ ਪੈਨਸ਼ਨਰ ਨੂੰ 2500 ਰੁਪਏ ਮਹੀਨਾ ਪੈਨਸਨ ਦਾ ਭੁਗਤਾਨ ਕੀਤਾ ਜਾਵੇਗਾ, ਜਦੋਂਕਿ ਅੱਜ ਪਹਿਲਾਂ ਤਹਿਸ਼ੁਦਾ 1500 ਰੁਪਏ ਪੈਨਸ਼ਨ ਵੀ ਸਹੀ ਸਮੇਂ ਉਤੇ ਦੇਣ ਵਿਚ ਅਸਫਲ ਸਾਬਤ ਹੋਈ ਹੈ।

## ਐਸ ਜੀ ਪੀ ਸੀ ਤੇ ...

ਨੇ ਨਾ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਕੰਮ ਕੀਤਾ ਹੈ, ਸਗੋਂ ਉਹ ਬਾਦਲ ਪਰਿਵਾਰ ਦਾ ਸੀ ਏ ਵੀ ਰਿਹਾ ਹੈ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਸੰਭਾਲਦਾ ਰਿਹਾ ਹੈ। ਪੰਨੂ ਨੇ ਕਿਹਾ ਕਿ ਸਿਰਫ਼ ਇਹੀ ਤੱਥ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ।ਵਿੱਤੀ ਬੇਨਿਯਮੀਆਂ ਬਾਰੇ ਬਲਤੇਜ ਪੰਨੂ ਨੇ ਸਾਬਕਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਾਰੀ ਸਪੱਸ਼ਟੀਕਰਨ ਦਾ ਹਵਾਲਾ ਦਿੱਤਾ, ਜਿਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਹੁਕਮ ਦਿੱਤਾ ਸੀ ਕਿ ਕੋਹਲੀ ਨਾਲ ਜੁੜੀ ਫਰਮ ਨੂੰ ਅਦਾ ਕੀਤੇ ਗਏ ਪੈਸੇ ਦਾ 75% ਹਿੱਸਾ ਵਸੂਲਿਆ ਜਾਵੇ ਅਤੇ ਵਾਪਸ ਜਮ੍ਹਾਂ ਕਰਵਾਇਆ ਜਾਵੇ। ਪੰਨੂ ਨੇ ਇਸ਼ਾਰਾ ਕੀਤਾ ਕਿ ਅੱਜ ਤੱਕ ਉਹ ਪੈਸਾ ਐਸ ਜੀ ਪੀ ਸੀ ਦੇ ਖਾਤੇ ਵਿੱਚ ਵਾਪਸ ਜਮ੍ਹਾਂ ਨਹੀਂ ਹੋਇਆ। ਜਦੋਂ ਕਿ ਉਹ ਦਾਅਵਾ ਕਰ ਰਹੀ ਹੈ ਕਿ ਉਸ ਨੇ ਮਾਮਲਾ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕੋਲ ਲਿਜਾਇਆ ਹੈ।ਪੰਨੂ ਨੇ ਹਿੱਤਾਂ ਦੇ ਟਕਰਾਅ ਦਾ ਇੱਕ ਅਹਿਮ ਸਵਾਲ ਉਠਾਇਆ ਅਤੇ ਕਿਹਾ ਕਿ ਉਹੀ ਵਕੀਲ, ਐਡਵੋਕੇਟ ਸਿਆਲਕਾ, ਪੈਸੇ ਦੀ ਵਸੂਲੀ ਲਈ ਐਸ ਜੀ ਪੀ ਸੀ ਦੀ ਤਰਫ਼ੋਂ ਪੇਸ਼ ਹੋ ਰਹੇ ਹਨ ਅਤੇ ਨਾਲ ਹੀ 328 ਸਰੂਪਾਂ ਦੇ ਮਾਮਲੇ ਵਿੱਚ ਮੁਲਜ਼ਮ ਕੋਹਲੀ ਦੇ ਬਚਾਅ ਪੱਖ ਦੇ ਵਕੀਲ ਵਜੋਂ ਵੀ ਪੇਸ਼ ਹੋ ਰਹੇ ਹਨ।ਉਨ੍ਹਾਂ ਸਵਾਲ ਕੀਤਾ ਕਿ ਕੀ ਇਹ ਸਿੱਧੇ ਤੌਰ 'ਤੇ ਹਿੱਤਾਂ ਦਾ ਟਕਰਾਅ ਨਹੀਂ ਹੈ, ਜਾਂ ਕੀ ਇਹ ਜਾਣਬੁੱਝ ਕੇ ਕੀਤਾ ਗਿਆ ਹੈ ? ਕੋਈ ਇੱਕ ਵਕੀਲ ਪੈਸੇ ਦੀ ਵਸੂਲੀ ਲਈ ਐਸ ਜੀ ਪੀ ਸੀ ਦੀ ਨੁਮਾਇੰਦਗੀ ਕਿਵੇਂ ਕਰ ਸਕਦਾ ਹੈ ਅਤੇ ਉਸੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗਾਇਬ ਹੋਣ ਦੇ ਮੁਲਜ਼ਮ ਦਾ ਬਚਾਅ ਕਿਵੇਂ ਕਰ ਸਕਦਾ ਹੈ ? ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਦਾ ਹੋਰ ਹਵਾਲਾ ਦਿੰਦੇ ਹੋਏ ਪੰਨੂ ਨੇ ਕਿਹਾ ਕਿ ਸਾਬਕਾ ਜਥੇਦਾਰ ਨੇ ਸਪੱਸ਼ਟ ਕੀਤਾ ਸੀ ਕਿ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਸੀ, ਪਰ ਇੱਕ ਹਫ਼ਤੇ ਦੇ ਅੰਦਰ ਹੀ ਐਸ ਜੀ ਪੀ ਸੀ ਨੇ ਆਪਣਾ ਮਤਾ ਬਦਲ ਦਿੱਤਾ ਅਤੇ ਫੈਸਲਾ ਕੀਤਾ ਕਿ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ, ਸਿਰਫ਼ ਇਸ ਲਈ ਕਿਉਂਕਿ ਕੋਹਲੀ ਦਾ ਨਾਂ ਸਾਹਮਣੇ ਆਇਆ ਸੀ। ਉਨ੍ਹਾਂ ਕਿਹਾ ਕਿ ਜੇਕਰ ਈਸ਼ਰ ਸਿੰਘ ਰਿਪੋਰਟ ਵਿੱਚ ਕੋਹਲੀ ਦਾ ਨਾਂ ਨਾ ਆਉਂਦਾ ਤਾਂ ਕਾਨੂੰਨੀ ਕਾਰਵਾਈ ਤੁਰੰਤ ਸ਼ੁਰੂ ਕਰ ਦਿੱਤੀ ਜਾਣੀ ਸੀ।ਪੰਨੂ ਨੇ ਇਹ ਵੀ ਦੱਸਿਆ ਕਿ ਸੁਖਬੀਰ ਬਾਦਲ ਦੇ ਨਿੱਜੀ ਚੈਨਲ ਦੇ ਇੱਕ ਪੱਤਰਕਾਰ ਦੇ ਨਾਂ 'ਤੇ ਇੱਕ ਹੋਟਲ ਵਿੱਚ ਕਮਰਾ ਬੁੱਕ ਕੀਤਾ ਗਿਆ ਸੀ, ਜਿੱਥੋਂ ਕੋਹਲੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਸਿੱਧਾ ਸਵਾਲ ਖੜ੍ਹਾ ਕਰਦਾ ਹੈ ਕਿ ਇਸ ਵਿਅਕਤੀ ਨੂੰ ਕੌਣ ਬਚਾਅ ਰਿਹਾ ਹੈ ? ਧਾਮੀ ਦੇ ਇਸ ਦਾਅਵੇ 'ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਕਿ ਇਹ ਮੁੱਦਾ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਹੈ, ਪੰਨੂ ਨੇ ਕਿਹਾ ਕਿ ਜਦੋਂ ਕੱਲ੍ਹ ਗੁਰਸਿੱਖਾਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਪ੍ਰੈੱਸ ਕਾਨਫਰੰਸ ਕੀਤੀ, ਕੀ ਉਹ ਸਿੱਖ ਨਹੀਂ ਹਨ ? ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਨਹੀਂ ਰੱਖਦੇ ? ਉਨ੍ਹਾਂ ਕਿਹਾ ਕਿ ਸੱਚਾਈ ਅਤੇ ਅਸਲੀਅਤ ਸੰਗਤ ਅਤੇ ਪੂਰੀ ਦੁਨੀਆ ਦੇ ਸਾਹਮਣੇ ਆਉਣੀ ਚਾਹੀਦੀ ਹੈ। ਬਲਤੇਜ ਪੰਨੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਸਪੱਸ਼ਟ ਲਿਖਤੀ ਨਿਰਦੇਸ਼ਾਂ ਅਤੇ ਸਮਾਂ ਸੀਮਾ ਦੇ ਬਾਵਜੂਦ ਐਸ ਜੀ ਪੀ ਸੀ ਵੱਲੋਂ ਆਪਣਾ ਸੈਟੇਲਾਈਟ ਟੀ ਵੀ ਚੈਨਲ ਸ਼ੁਰੂ ਕਰਨ ਵਿੱਚ ਅਸਫਲ ਰਹਿਣ ਦਾ ਮੁੱਦਾ ਵੀ ਉਠਾਇਆ।ਉਨ੍ਹਾਂ ਕਿਹਾ ਕਿ ਐਸ ਜੀ ਪੀ ਸੀ ਨੇ ਆਪਣਾ ਚੈਨਲ ਇਸ ਲਈ ਲਾਂਚ ਨਹੀਂ ਕੀਤਾ ਕਿਉਂਕਿ ਬਾਦਲ ਪਰਿਵਾਰ ਦੇ ਮਲਕੀਅਤ ਵਾਲੇ ਇੱਕ ਨਿੱਜੀ ਚੈਨਲ 'ਤੇ ਲਾਈਵ ਟੈਲੀਕਾਸਟ ਜਾਰੀ ਹੈ।ਉਨ੍ਹਾਂ ਅੱਗੇ ਕਿਹਾ ਕਿ ਸਭ ਕੁਝ ਇਕ ਪਰਿਵਾਰ ਦੇ ਦੁਆਲੇ ਘੁੰਮਦਾ ਹੈ, ਜਿਸ ਨੂੰ ਬਚਾਇਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਕਾਰੋਬਾਰ ਜਾਰੀ ਰਹੇ ਅਤੇ ਵੱਡੇ ਪੱਧਰ 'ਤੇ ਵਧੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

## ਥਾਣਾ ਸਿਟੀ ਗੁਰਦਾਸਪੁਰ ਵੱਲੋਂ ਹੈਰੋਇਨ ਸਣੇ ਨਸ਼ਾ ਤਸਕਰ ਗ੍ਰਿਫਤਾਰ



**ਗੁਰਦਾਸਪੁਰ, (ਜਨਕ ਮਹਾਜਨ)**- ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਗਿਫਟੀ ਮਸੀਹ ਨੂੰ ਕਾਬੂ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਕਥਿਤ ਦੋਸ਼ੀ ਦੇ ਖਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਸ੍ਰੀ ਆਦਿੱਤਯ ਸੀਨੀਅਰ ਕਪਤਾਨ ਪੁਲਸ ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ।

## ਸਰਕਾਰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ ਦਖਲ ਦੇ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਨਾਲ ਸਬੰਧਤ ਮਾਮਲੇ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਰਕਾਰ ਦੋਹਰੀ ਨੀਤੀ ਅਪਣਾ ਕੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਦੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨਿਰੰਤਰ ਸਾਹਮਣੇ ਆ ਰਹੀਆਂ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਗੰਭੀਰ ਮਾਮਲਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਪ੍ਰਬੰਧਕੀ ਮਾਮਲਿਆਂ ਵਿੱਚ ਜਾਣਬੁੱਝ ਕੇ ਦਖਲ ਦਿੱਤਾ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਗਵੰਤ ਮਾਨ ਆਪਣੇ ਸਿਆਸੀ ਆਕਾ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਅਤੇ ਆਪਣੀ ਮੁੱਖ ਮੰਤਰੀ ਦੀ ਕੁਰਸੀ ਬਚਾਉਣ ਲਈ ਅਜਿਹੀ ਸਿਆਸਤ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਬਰਗਾੜੀ ਬੇਅਦਬੀ ਮਾਮਲੇ ਸਮੇਤ ਹੋਰ ਬੇਅਦਬੀ ਦੀਆਂ ਘਟਨਾਵਾਂ 'ਚ ਇਨਸਾਫ਼ ਦੇਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਸਰਕਾਰ ਅਸਫਲ ਰਹੀ ਹੈ, ਸਗੋਂ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਿੱਚ ਵੀ ਕੋਈ ਠੋਸ ਅਤੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਗਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਵੱਲੋਂ ਚੁਣੀ ਹੋਈ ਸੰਸਥਾ ਹੈ, ਜਿਸਦੀ ਆਜ਼ਾਦ ਹੋਂਦ ਹਸਤੀ ਅਤੇ ਸੰਵਿਧਾਨਕ ਮਰਯਾਦਾ ਨੂੰ ਉਲੰਘ ਕੇ ਮਾਨ ਸਰਕਾਰ ਘੱਟਗਿਣਤੀ ਸਿੱਖਾਂ ਦੀ ਇਸ ਕੇਂਦਰੀ ਸੰਸਥਾ ਨੂੰ ਕਿਸੇ ਏਜੰਡੇ ਤਹਿਤ ਕਮਜ਼ੋਰ ਕਰਨ ਦੀ ਨੀਤੀ ਉੱਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ ਕਿ ਕੋਈ ਸਰਕਾਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਨੂੰ ਜਾਣਬੁੱਝ ਕੇ ਗਲਤ ਰੰਗ ਵਿਚ ਪੇਸ਼ ਕਰਕੇ ਵਾਰਾ ਖਾਂਦੀ ਸਿਆਸਤ ਕਰੇ। ਐਡਵੋਕੇਟ ਧਾਮੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 328 ਪਾਵਨ ਸਰੂਪਾਂ ਦੇ ਸ਼੍ਰੋਮਣੀ ਕਮੇਟੀ ਵੱਲੋਂ ਨਜਿੱਠੇ ਜਾ ਚੁੱਕੇ ਮਾਮਲੇ ਵਿਚ ਪੰਜਾਬ ਸਰਕਾਰ ਸਿਆਸਤ ਕਰਨ ਤੋਂ ਬਾਜ ਆਵੇ ਅਤੇ ਇਸ ਸਬੰਧੀ ਕਰੜੇ ਸੰਘਰਸ਼ ਲਈ ਮਜਬੂਰ ਨਾ ਕਰੇ।

## ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਵਰ੍ਹੇ-2026 ਦਾ ਕੈਲੰਡਰ ਰਿਲੀਜ਼



**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**- ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਇਕਾਈ ਅੰਮ੍ਰਿਤਸਰ ਵੱਲੋਂ ਸਥਾਨਕ ਡੀ. ਸੀ. ਦਫ਼ਤਰ ਵਿਚ ਨਵੇਂ ਵਰ੍ਹੇ 2026 ਦਾ ਕੈਲੰਡਰ ਰਿਲੀਜ਼ ਕਰਦਿਆਂ ਪ੍ਰਧਾਨ ਬਲਜਿੰਦਰ ਵਡਾਲੀ ਨੇ ਆਖਿਆ ਕਿ 2025 ਦਾ ਸਾਲ ਐਸਾ ਸਾਲ ਰਿਹਾ ਹੈ ਜਿਸ ਵਿਚ ਸਰਕਾਰ ਨੇ ਇਕ ਵੀ ਡੀ. ਏ. ਦੀ ਕਿਸ਼ਤ ਨਹੀਂ ਜਾਰੀ ਕੀਤੀ। ਇਹ ਸਰਕਾਰ ਦੀ ਨਲਾਇਕੀ ਹੈ ਕਿ ਮੁਲਾਜ਼ਮਾਂ ਦਾ ਪੇਂਡੂ ਭੱਤਾ ਤੇ ਬਾਰਡਰ ਭੱਤਾ ਵੀ ਮਾਰ ਕੇ ਬੈਠੀ ਹੋਈ ਹੈ ਅਤੇ ਪੁਰਾਣੀ ਪੈਨਸ਼ਨ ਦੇ ਝੂਠੇ ਜਿਹੇ ਨੋਟੀਫਿਕੇਸ਼ਨ ਨੂੰ ਲਾਗੂ ਵੀ ਨਹੀਂ ਕਰ ਰਹੀ। ਇਸ ਸਮੇਂ ਮੋਗਾ ਵਿਚ ਦੁਰਘਟਨਾ ਦਾ ਸ਼ਿਕਾਰ ਹੋਏ ਅਧਿਆਪਕ ਜੋੜੇ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਅਧਿਆਪਕ ਜੋੜੇ ਨੂੰ ਇਕ-ਇਕ ਕਰੋੜ ਦਾ ਮੁਆਵਜ਼ਾ ਦਿੱਤਾ ਜਾਵੇ। ਯੂਨੀਅਨ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੂੰ ਕੈਲੰਡਰ ਵੀ ਭੇਟ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨਾਲ ਗੱਲ ਕਰਦਿਆਂ ਇਸ ਗੱਲ ਦਾ ਭਰੋਸਾ ਮਿਲਿਆ ਕਿ ਈਟੀਟੀ ਤੋਂ ਐੱਚ. ਟੀ. ਦੀਆਂ ਤਰੱਕੀਆਂ ਦੀ ਪ੍ਰਕਿਰਿਆ 10 ਜਨਵਰੀ ਤੋਂ ਪਹਿਲਾਂ-ਪਹਿਲਾਂ ਸ਼ੁਰੂ ਹੋ ਜਾਵੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਕੱਤਰ ਰਕੇਸ਼ ਧਵਨ, ਦਿਨੇਸ਼ ਕੁਮਾਰ, ਗੁਰਪ੍ਰੀਤ ਰਣੀਕੇ, ਸ਼ਾਮ ਲਾਲ ਖਾਪੜ ਖੇੜੀ, ਸੰਜੀਵ ਕੁਮਾਰ, ਸੁਖਚੈਨ ਸਿੰਘ, ਅਨਿਲ ਪ੍ਰਤਾਪ, ਕੁਲਦੀਪ ਸ਼ਰਮਾ, ਹਰਦੇਵ ਭਕਨਾ, ਵਰਿੰਦਰ ਕਲੇਰ, ਸੁਖਦੇਵ ਕਲੇਰਵਾਲ, ਗੁਰਪ੍ਰੀਤ ਚਵਿੰਡਾ, ਰਵੀ ਕੁਮਾਰ ਸਾਂਘਣਾ, ਮਨਪ੍ਰੀਤ ਖਾਸਾ ਬਾਜ਼ਾਰ, ਫੈਡਰੇਸ਼ਨ ਸਕੱਤਰ ਜਸਵੰਤ ਰਾਏ, ਸਾਹਿਬ ਸੋਨੂ, ਅਸ਼ੀਸ਼ ਠਾਕੁਰ ਆਦਿ ਹਾਜ਼ਰ ਸਨ।

## ਬਰਸੀ 'ਤੇ ਵਿਸ਼ੇਸ਼ : ਸੇਵਾ ਦੇ ਪੁੰਜ ਸੰਤ ਬਾਬਾ ਪਿਆਰਾ ਸਿੰਘ ਸਾਧਪੁਰ ਵਾਲੇ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸੇਵਾ ਦੇ ਪੁੰਜ ਸੰਤ ਬਾਬਾ ਪਿਆਰਾ ਸਿੰਘ ਨੇ ਆਪਣੇ ਜੀਵਨ 'ਚ ਅਨੇਕਾਂ ਹੀ ਪ੍ਰਾਣੀਆਂ ਨੂੰ ਗੁਰੂ ਘਰ ਨਾਲ ਜੋੜਿਆ। ਉਨ੍ਹਾਂ ਦਾ ਜਨਮ 1935 ਨੂੰ 372 ਚੱਕ ਬੁੱਝਿਆਂ ਵਾਲੀ ਜ਼ਿਲ੍ਹਾ ਲਾਇਲਪੁਰ ਤਹਿਸੀਲ ਸਰਗੋਧਾ ਡਾ. ਗੱਗੋਮਾਹਲ ਪਾਕਿਸਤਾਨ ਵਿਖੇ ਹੀਰਾ ਸਿੰਘ ਦੇ ਗ੍ਰਹਿ ਮਾਤਾ ਧੰਨ ਕੌਰ ਦੀ ਕੁੱਖੋਂ ਹੋਇਆ।ਵੰਡ ਤੋਂ ਬਾਅਦ ਬਾਬਾ ਜੀ ਦਾ ਪਰਿਵਾਰ ਪਿੰਡ ਕੁਹਾਲਾ ਜ਼ਿਲ੍ਹਾ ਗੁਰਦਾਸਪੁਰ 'ਚ ਆ ਵਸਿਆ।ਪਿੰਡ ਨਿੰਬਰਵਿੰਡ ਜਿਥੇ ਬਾਬਾ ਜੀ ਦੇ ਨਾਨਕੇ ਸਨ ਉਸੇ ਪਿੰਡ ਨੇੜੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਸੀ ਜਿਥੇ ਉਨ੍ਹਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਬਾਅਦ 'ਚ 11 ਦਸੰਬਰ 1971 ਨੂੰ ਸੰਗਤਾਂ ਦੀ ਬੇਨਤੀ 'ਤੇ ਆਪ ਪਿੰਡ ਸਾਧਪੁਰ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਆ ਗਏ ਜਿਥੇ ਆਪ 24 ਸਾਲ 22 ਦਿਨ ਰਹੇ ਅਤੇ ਅਨੇਕਾਂ ਹੀ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ ਅਤੇ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਤਿਆਰ ਕਰਨ ਦਾ ਬੀੜਾ ਚੁੱਕਿਆ।ਆਪ ਜੀ ਗੁਰੂ ਦਾ ਭਾਣਾ ਮੰਨਦਿਆਂ 3 ਜਨਵਰੀ 1996 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ।ਉਨ੍ਹਾਂ ਦੀ ਸਾਲਾਨਾ 30ਵੀਂ ਬਰਸੀ 3 ਜਨਵਰੀ ਨੂੰ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਮਨਾਈ ਜਾ ਰਹੀ ਹੈ, ਜਿਸ 'ਚ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ।ਮੌਕੇ 'ਤੇ ਸੰਤ ਮਹਾਂਪੁਰਸ਼ ਅਤੇ ਹੋਰ ਧਾਰਮਿਕ ਆਗੂ ਸੰਤ ਬਾਬਾ ਪਿਆਰਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਗੁਰਦੁਆਰਾ ਬਾਬਾ ਦੀਪ ਸਿੰਘ ਸਾਧਪੁਰ ਵਿਖੇ ਪਹੁੰਚ ਰਹੇ ਹਨ ।

## ਪ੍ਰਭਾਤ ਫੇਰੀਆਂ ਦਾ ਸਿਲਸਿਲਾ ਜਾਰੀ, ਅਖੰਡ ਪਾਠ ਅੱਜ



**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੇ ਪਿੰਡ ਨਵਾਂ ਨੁਸ਼ਹਿਰਾ ਦੇ ਸਿੱਖ ਸਭਾ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪ੍ਰਭਾਤ ਫੇਰੀਆਂ ਦਾ ਸਿਲਸਿਲਾ ਜਾਰੀ ਹੈ ਅਤੇ ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 3 ਜਨਵਰੀ ਨੂੰ ਹੋਵੇਗੀ ਜਿਨ੍ਹਾਂ ਦੇ ਭੋਗ 5 ਜਨਵਰੀ ਨੂੰ ਪਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸੁਖਜੀਤ ਸਿੰਘ, ਸੈਕਟਰੀ ਅਮਰੀਕ ਸਿੰਘ, ਕੈਸ਼ੀਅਰ ਦਲੀਪ ਸਿੰਘ, ਮੁੱਖ ਸਲਾਹਕਾਰ ਕੁਲਵੰਤ ਸਿੰਘ ਰਾਣਾ ਪ੍ਰਵਾਸੀ ਭਾਰਤੀ, ਬੂਟਾ ਸਿੰਘ ਅਤੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ਼੍ਰੋਮਣੀ ਕਮੇਟੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੈੱਡ ਗ੍ਰੰਥੀ ਹਰਵਿੰਦਰ ਸਿੰਘ ਸੈਣੀ, ਕਥਾਵਾਚਕ ਭਾਈ ਗੁਰਨਾਮ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਸ ਦੌਰਾਨ ਗੁਰਦੁਆਰਾ ਘੱਲੂਘਾਰਾ ਸਾਹਿਬ ਤੋਂ ਭਾਈ ਮਨਦੀਪ ਦਾ ਰਾਗੀ ਜਥਾ ਤੇ ਹੋਰ ਮਹਾਂਪੁਰਸ਼ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਦੱਸਿਆ ਕਿ ਪਹੁੰਚੀਆਂ ਸ਼ਖਸੀਅਤਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਵਾਂ ਨੁਸ਼ਹਿਰਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

## ਪੱਤਰਕਾਰ ਅਤਰ ਸਿੰਘ ਤਰਸਿੱਕਾ ਨੂੰ ਸਦਮਾ, ਵੱਡੇ ਭਰਾ ਦਾ ਦਿਹਾਂਤ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਕਸਬਾ ਤਰਸਿੱਕਾ ਦੇ ਪੱਤਰਕਾਰ ਅਤਰ ਸਿੰਘ ਤਰਸਿੱਕਾ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ, ਉਨ੍ਹਾਂ ਦੇ ਵੱਡੇ ਭਰਾਤਾ ਸ. ਜਸਪਾਲ ਸਿੰਘ ਦਾ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਸ. ਜਸਪਾਲ ਸਿੰਘ ਕਰੀਬ 83 ਵਰ੍ਹਿਆਂ ਦੇ ਸਨ। ਇਸ ਦੁੱਖ ਦੀ ਘੜੀ ਵਿੱਚ ਇਲਾਕੇ ਦੇ ਧਾਰਮਿਕ ਅਤੇ ਸਿਆਸੀ ਆਗੂਆਂ ਵੱਲੋਂ ਪੱਤਰਕਾਰ ਅਤਰ ਸਿੰਘ ਤਰਸਿੱਕਾ ਦੇ ਭਰਾਤਾ ਸਰਦਾਰ ਜਸਪਾਲ ਸਿੰਘ ਦੇ ਹੋਏ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ।ਇਸੇ ਹੀ ਤਰ੍ਹਾਂ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ, ਗੁਰਦੁਆਰਾ ਭਗਤਾਂ ਦਾ ਡੇਰਾ ਤਰਸਿਕਾ ਦੇ ਮੁਖੀ ਸੰਤ ਬਾਬਾ ਗੁਰਦੇਵ ਸਿੰਘ, ਗੁਰਦੁਆਰਾ ਹੋਲਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਭੇਜ ਸਿੰਘ ਖਜਾਲਾ, ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ, ਸ਼੍ਰੋਮਣੀ ਕਮੇਟੀ ਮੈਂਬਰ ਬਿਕਰਮਜੀਤ ਸਿੰਘ ਕੋਟਲਾ ਅਤੇ ਹੋਰ ਇਲਾਕੇ ਦੇ ਆਗੂਆਂ ਤੇ ਪੱਤਰਕਾਰਾਂ ਵੱਲੋਂ ਅਤਰ ਸਿੰਘ ਤਰਸਿੱਕਾ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਪ੍ਰਗਟ ਕੀਤੀ ।

## ਸੜਕਾਂ 'ਤੇ ਖੜ੍ਹੇ ਰਿਕਸ਼ਾ ਚਾਲਕਾਂ, ਮਜ਼ਦੂਰਾਂ ਅਤੇ ਲੋੜਵੰਦਾਂ ਨੂੰ ਵੰਡੇ ਕੰਬਲ, ਟੋਪੀਆਂ ਤੇ ਜੁਰਾਬਾਂ ਵੰਡੀਆਂ



**ਅੰਮ੍ਰਿਤਸਰ (ਅਰੋੜਾ)**: ਰੋਟਰੀ ਕਲੱਬ ਮੇਨ ਵੱਲੋਂ ਇੱਕ ਬੇਹੱਦ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਪੰਡਿਤ ਮਹਿੰਦਰਪਾਲ ਸ਼ਰਮਾ, ਸਕੱਤਰ ਇੰਜੀ. ਮਨਜੀਤ ਸਿੰਘ ਅਤੇ ਸਾਬਕਾ ਪ੍ਰਧਾਨ ਸੀ. ਏ. ਵਿਕਾਸ ਕੁਮਾਰ ਦੀ ਦੇਖ ਰੇਖ ਵਿੱਚ ਕੜਾਕੇ ਦੀ ਸਰਦੀ ਵਿੱਚ ਠਰਦੇ ਹੋਏ ਚੌਕਾਂ ਵਿੱਚ ਖੜ੍ਹੇ ਰਿਕਸ਼ਾ ਚਾਲਕਾਂ, ਮਜ਼ਦੂਰਾਂ ਦੀ ਸਹਾਇਤਾ ਲਈ ਅਤੇ ਉਨ੍ਹਾਂ ਨੂੰ ਸਰਦੀ ਤੋਂ ਬਚਾਉਣ ਲਈ ਉਨ੍ਹਾਂ ਨੂੰ ਗਰਮ ਕੰਬਲ, ਟੋਪੀਆਂ ਅਤੇ ਗਰਮ ਜੁਰਾਬਾਂ ਵੰਡੀਆਂ।ਕਲੱਬ ਦੇ ਸਕੱਤਰ ਸਮਾਜ ਸੇਵਕ ਇੰਜੀ. ਮਨਜੀਤ ਸਿੰਘ ਨੇ ਦੱਸਿਆ ਕਿ ਰੋਟਰੀ ਕਲੱਬ ਮੇਨ ਦਾ ਇੱਕ ਸਥਾਈ ਪ੍ਰਾਜੈਕਟ ਹੈ ਜਿਸਨੂੰ ਹਰ ਸਾਲ ਕੀਤਾ ਜਾਂਦਾ ਹੈ। ਇਸ ਪ੍ਰਾਜੈਕਟ ਦੇ ਚੱਲਦੇ ਗੁਰੂ ਦੀ ਨਗਰੀ ਦੇ ਵੱਖ-ਵੱਖ ਚੌਕਾਂ ਵਿੱਚ ਖੜ੍ਹੇ ਰਿਕਸ਼ਾ ਚਾਲਕ ਅਤੇ ਮਜ਼ਦੂਰੀ ਦਾ ਇੰਤਜ਼ਾਰ ਕਰਦੇ ਲੋੜਵੰਦ ਲੋਕਾਂ ਨੂੰ ਗਰਮ ਕੱਪੜੇ ਵੰਡੇ ਜਾਂਦੇ ਹਨ।ਇਸ ਪ੍ਰਾਜੈਕਟ ਵਿੱਚ 400 ਕੰਬਲ, ਗਰਮ ਟੋਪੀਆਂ ਅਤੇ ਗਰਮ ਜੁਰਾਬਾਂ ਵੰਡੀਆਂ ਗਈਆਂ ਹਨ।ਸੀ. ਏ. ਵਿਕਾਸ ਕੁਮਾਰ ਨੇ ਕਿਹਾ ਕਿ ਰੋਟਰੀ ਕਲੱਬ ਮੇਨ ਪਿਛਲੇ 133 ਸਾਲਾਂ ਤੋਂ ਦੇਸ਼ ਅਤੇ ਸਮਾਜ ਭਲਾਈ ਕੰਮ ਕਰਦੀ ਆ ਰਹੀ ਹੈ ਜੋ ਭਵਿੱਖ ਵਿੱਚ ਲਗਾਤਾਰ ਜਾਰੀ ਰਹਿਣਗੇ।ਪ੍ਰਧਾਨ ਮਹਿੰਦਰਪਾਲ ਸ਼ਰਮਾ ਨੇ ਦੱਸਿਆ ਕਿ ਰੋਟਰੀ ਕਲੱਬ ਮੇਨ ਵੱਲੋਂ ਕੁੱਝ ਅਜਿਹੇ ਪ੍ਰਾਜੈਕਟ ਕੀਤੇ ਜਾ ਰਹੇ ਹਨ ਜਿਸ ਦੇ ਲਈ ਪੂਰੇ ਰੋਟਰੀ ਇਤਿਹਾਸ ਵਿੱਚ ਰੋਟਰੀ ਮੇਨ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੈ।ਰਤਨ ਸਿੰਘ ਚੌਂਕ ਵਿਖੇ ਐਡਵੋਕੇਟ ਸੁਦਰਸ਼ਨ ਕਪੂਰ ਦੀ ਦੇਖ-ਰੇਖ ਵਿੱਚ ਚੱਲ ਰਹੇ ਕੰਪਿਊਟਰ ਸੈਂਟਰ, ਦਲਜੀਤ ਸਿੰਘ ਆਈ ਹਸਪਤਾਲ ਵਿਖੇ ਰੋਟਰੀ ਮੇਨ ਦਾ ਆਈ ਬੈਂਕ ਅਤੇ ਹੋਰ ਵੀ ਕਈ ਅਜਿਹੇ ਪ੍ਰਾਜੈਕਟ ਚਲ ਰਹੇ ਹਨ ਜਿਸ ਦਾ ਲਾਭ ਹਰੇਕ ਨਾਗਰਿਕ ਵੱਲੋਂ ਉਠਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਨਵੇਂ ਸਾਲ ਦੇ ਸ਼ੁੱਭ ਆਰੰਭ ਦੇ ਚੱਲਦੇ ਕੀਤਾ ਗਿਆ ਹੈ।ਇਸ ਮੌਕੇ ਸਾਬਕਾ ਪ੍ਰਧਾਨ ਗੀਤਾ ਸ਼ਰਮਾ, ਸਾਬਕਾ ਗਵਰਨਰ ਸੀ. ਏ. ਦਵਿੰਦਰ ਸਿੰਘ, ਰਾਜੇਸ਼ ਮੇਹਰਾ, ਵਿਕਾਸ ਕੁਮਾਰ, ਅਸ਼ੋਕ ਸ਼ਰਮਾ, ਗੁਰਿੰਦਰਪਾਲ ਕੌਰ, ਜਸਮੀਨ ਗਿੱਲ, ਦਲਜੀਤ ਸਿੰਘ, ਡਾ. ਪੀ. ਐੱਸ ਮਲਹੋਤਰਾ, ਏ. ਆਰ. ਸੀ. ਦਲਬੀਰ ਸਿੰਘ ਸਹਿਤ ਰੋਟਰੀ ਕਲੱਬ ਮੇਨ ਦੇ ਸਮੂਹ ਮੈਂਬਰ ਮੌਜੂਦ ਸਨ।

## ਸਿੰਗੋਵਾਲ 'ਚ 14ਵਾਂ ਸਾਲਾਨਾ ਜਾਗਰਣ ਕਰਵਾਇਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**: ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੀਨਾਨਗਰ ਦੇ ਪਿੰਡ ਸਿੰਗੋਵਾਲ ਵਿਖੇ ਸ਼ਿਵ ਸੈਨਾ (ਬਾਲ ਸਾਹਿਬ ਠਾਕਰੇ ਸ਼ਿੰਦੇ ਪਾਰਟੀ) ਪੰਜਾਬ ਦੇ ਵਾਇਸ ਪ੍ਰਧਾਨ ਸੰਜੀਵ ਪਿੰਕੂ ਦੀ ਪ੍ਰਧਾਨਗੀ ਹੇਠ ਮਹਾਂਮਾਈ ਦਾ ਜਾਗਰਣ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਉੱਘੇ ਸਮਾਜਸੇਵੀ ਪ੍ਰਚਾਰ ਸਕੱਤਰ ਸ਼ਿਵ ਸੈਨਾ ਪਹੁੰਚੇ ਅਤੇ ਸ਼ਿਵ ਸੈਨਾ ਵੱਲੋਂ ਕਮਲ ਬਿੱਟੂ, ਸੋਨੂ ਸ਼ਰਮਾ, ਹਰਦੇਵ ਰਿੱਟੂ, ਸ਼ਹਿਰੀ ਪ੍ਰਧਾਨ ਬਿੱਲਾ, ਅਸ਼ੂ ਮਹਾਜਨ, ਕਸ਼ਲ ਘਰੋਟਾ, ਪਿੰਡ ਦੇ ਸਰਪੰਚ ਗੁਰਨਾਮ ਸਿੰਘ ਅਤੇ ਬਾਕੀ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਜੀਵ ਪਿੰਕੂ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹ ਮਹਾਂਮਾਈ ਦਾ ਜਾਗਰਣ ਅਸੀਂ ਹਰ ਸਾਲ ਕਰਵਾਉਂਦੇ ਹਾਂ ਅਤੇ ਇਸ ਸਾਲ ਇਹ 14ਵਾਂ ਜਾਗਰਣ ਸੀ, ਅਸੀਂ ਇਸ ਜਾਗਰਣ ਲਈ ਸਪੈਸ਼ਲ ਪਵਿੱਤਰ ਜੋਤ ਮਾਤਾ ਚਿੰਤਪੂਰਨੀ ਤੋਂ ਲੈ ਕੇ ਆਉਂਦੇ ਹਾਂ। 1 ਜਨਵਰੀ ਨੂੰ ਮਹਾਂਮਾਈ ਦਾ ਲੰਗਰ ਚਲਦਾ ਹੈ ਅਤੇ ਰਾਤ ਨੂੰ ਜਾਗਰਣ ਹੁੰਦਾ ਹੈ। ਪਿੰਡ ਦੇ ਲੋਕਾਂ ਨੇ ਇਸ ਕਾਰਜ ਲਈ ਪੂਰਾ ਸਹਿਯੋਗ ਦਿੱਤਾ।

## ਨਵੇਂ ਸਾਲ ਦੀ ਆਮਦ ਮੌਕੇ ਥਾਣਾ ਧਾਰੀਵਾਲ 'ਚ ਧਾਰਮਿਕ ਸਮਾਗਮ ਕਰਵਾਇਆ





**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਨਵੇਂ ਸਾਲ ਦੀ ਆਮਦ ਮੌਕੇ ਥਾਣਾ ਧਾਰੀਵਾਲ ਦੇ ਮੁਖੀ ਮਹਿਲਾ ਸਬ ਇੰਸਪੈਕਟਰ ਦੀਪਿਕਾ ਅਤੇ ਸਮੂਹ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਭੋਗ ਉਪਰੰਤ ਕੀਰਤਨੀ ਜਥਾ ਭਾਈ ਅਮਰਜੀਤ ਸਿੰਘ ਖੁੰਡਾ ਵਾਲਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਇਲਾਕੇ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਕਾਦੀਆਂ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ। ਇਸ ਮੌਕੇ ਜਗਰੂਪ ਸੇਖਵਾਂ ਨੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਲੋਕਹਿੱਤ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਲ 2026 ਵਿਕਾਸ ਵਰ੍ਹੇ ਵਜੋਂ ਮਨਾਇਆ ਜਾਵੇਗਾ, ਜਿਸ ਨਾਲ ਪੰਜਾਬ ਤਰੱਕੀ ਵੱਲ ਵਧੇਗਾ। ਸਮਾਗਮ ਦੌਰਾਨ ਡੀਐੱਸਪੀ ਕੁਲਵੰਤ ਸਿੰਘ ਮਾਨ ਨੇ ਸਮੁੱਚੇ ਪੁਲਸ ਵਿਭਾਗ ਦੀ ਤਰਫ਼ੋਂ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਹ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਭਰਿਆ ਅਤੇ ਨਵੀਆਂ ਉਮੰਗਾਂ ਆਸਾਂ ਪੂਰਨ ਹੋਵੇ। ਉਨ੍ਹਾਂ ਨੇ ਲੋਕਾਂ ਨੂੰ ਨਸ਼ਾ ਮੁਕਤ ਸਮਾਜ ਸਿਰਜਣ ਲਈ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਨਸ਼ਿਆਂ ਵਿਰੁੱਧ ਲੜਾਈ ਵਿੱਚ ਪੁਲਸ ਅਤੇ ਆਮ ਪਬਲਿਕ ਦੇ ਸਾਂਝੇ ਯਤਨ ਬਹੁਤ ਜ਼ਰੂਰੀ ਹਨ। ਸਮਾਗਮ ਵਿੱਚ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ, ਜ਼ਿਲ੍ਹਾ ਪਰਿਸ਼ਦ ਮੈਂਬਰ ਜਤਿੰਦਰ ਕੌਰ ਖੁੰਡੀ, ਬਲਾਕ ਸੰਮਤੀ ਮੈਂਬਰਾਂ, ਪਿੰਡਾਂ ਦੇ ਪੰਚਾਂ ਸਰਪੰਚਾਂ ਸਮੇਤ ਹੋਰ ਵੀ ਪਤਵੰਤਿਆਂ ਤੋਂ ਇਲਾਵਾ ਥਾਣਾ ਭੈਣੀ ਮੀਆਂ ਖਾਂ ਦੇ ਮੁਖੀ ਸਬ ਇੰਸਪੈਕਟਰ ਦਵਿੰਦਰ ਸਿੰਘ, ਥਾਣਾ ਕਾਹਨੂੰਵਾਨ ਦੇ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ, ਥਾਣਾ ਧਾਰੀਵਾਲ ਦੇ ਮੁੱਖ ਮੁਨਸ਼ੀ ਜੁਗਰਾਜ ਸਿੰਘ, ਸਬ ਇੰਸਪੈਕਟਰ ਯੂਸਫ ਮਸੀਹ, ਏਐੱਸਆਈ ਰਮੇਸ਼ ਕੁਮਾਰ, ਏਐੱਸਆਈ ਹਰਜਿੰਦਰ ਸਿੰਘ, ਏਐੱਸਆਈ ਗੁਰਮੇਜ ਸਿੰਘ, ਏਐੱਸਆਈ ਰਣਜੀਤ ਸਿੰਘ, ਏਐੱਸਆਈ ਸੁਖਦੇਵ ਸਿੰਘ, ਏਐੱਸਆਈ ਨਿਰਮਲ ਸਿੰਘ, ਜੇ ਪੀ ਸਿੰਘ, ਅਮਨਦੀਪ ਕੌਰ, ਪੁਲੀਸ ਸਾਂਝ ਕੇਂਦਰ ਧਾਰੀਵਾਲ ਅਤੇ ਸੀ. ਆਈ. ਡੀ. ਦਫਤਰ ਧਾਰੀਵਾਲ ਦੇ ਸਟਾਫ ਸ਼ਾਮਲ ਸਨ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਕਸ਼ਨ ਹੈਲਪਲਾਈਨ 'ਤੇ ਪ੍ਰਾਪਤ 774 ਸ਼ਿਕਾਇਤਾਂ ਦਾ ਨਿਪਟਾਰਾ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਾਰੀ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 96462-22555 'ਤੇ ਪ੍ਰਾਪਤ 774 ਸ਼ਿਕਾਇਤਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਕਰਕੇ ਜਿਥੇ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕੀਤੀ ਗਈ ਹੈ, ਉਥੇ ਨਿਵਾਸੀਆਂ ਵੱਲੋਂ ਵੀ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਐਕਸ਼ਨ ਹੈਲਪਲਾਈਨ 'ਤੇ ਆਉਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਬੰਧਤ ਅਧਿਕਾਰੀਆਂ ਦੇ ਯਤਨਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਹੋਰ ਡਟ ਕੇ ਕੰਮ ਕਰਨ ਲਈ ਕਿਹਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਾਲੀ ਪਲਾਟਾਂ ਦੀ ਸਾਫ-ਸਫਾਈ ਸੰਬੰਧੀ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 'ਤੇ ਪ੍ਰਾਪਤ 473 ਸ਼ਿਕਾਇਤਾਂ ਦਾ ਹੁਣ ਤੱਕ ਸਫ਼ਲਤਾਪੂਰਵਕ ਹੱਲ ਕੀਤਾ ਗਿਆ ਹੈ। ਜਦਕਿ ਪਲਾਟਾਂ ਦੀ ਸਾਫ਼-ਸਫਾਈ ਨਾ ਕਰਵਾਉਣ ਵਾਲੇ ਮਾਲਕਾਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਂਦਿਆਂ 204 ਪਲਾਟ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਅਤੇ 23 ਮਾਮਲਿਆਂ ਵਿੱਚ ਰੈੱਡ ਐਂਟਰੀ ਲਈ ਸਿਫਾਰਿਸ਼ ਕੀਤੀ ਗਈ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਵਿੱਢੀ ਮੁਹਿੰਮ ਵਿੱਚ ਪਲਾਟ ਮਾਲਕਾਂ ਵੱਲੋਂ ਵੀ ਸਾਥ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਫਾਈ ਪਸੰਦ ਵਿਅਕਤੀਆਂ ਵੱਲੋਂ ਪਲਾਟਾਂ ਦੀ ਸਫਾਈ ਕਰਵਾਉਣ ਤੋਂ ਇਲਾਵਾ ਚਾਰਦਿਵਾਰੀਆਂ ਵੀ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਮਾਲ ਰਿਕਾਰਡ ਵਿੱਚ ਰੈੱਡ ਐਂਟਰੀ ਵੀ ਕੀਤੀ ਜਾਵੇਗੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕਦਮ ਸ਼ਹਿਰ ਦੀ ਦਿੱਖ ਸੰਵਾਰਨ ਅਤੇ ਸਾਫ-ਸੁਥਰਾ ਰੱਖਣ ਲਈ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐਕਸ਼ਨ ਹੈਲਪਲਾਈਨ ਰਾਹੀਂ ਅਜਿਹੀਆਂ 60 ਸ਼ਿਕਾਇਤਾਂ ਦਾ ਹੱਲ ਯਕੀਨੀ ਬਣਾਇਆ ਗਿਆ ਹੈ।ਪੰਜਾਬ ਸਰਕਾਰ ਵੱਲੋਂ ਸਫਾਈ ਪੱਖੋਂ ਸ਼ਹਿਰਾਂ ਅਤੇ ਪਿੰਡਾਂ ਦੀ ਨੁਹਾਰ ਬਦਲਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਸ਼ਹਿਰ ਨੂੰ ਸਾਫ-ਸੁਥਰਾ ਬਣਾਉਣ ਵਿੱਚ ਜਨਤਾ ਤੋਂ ਸਹਿਯੋਗ ਦੀ ਮੰਗ ਕੀਤੀ। ਮੀਟਿੰਗ ਵਿੱਚ ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ., ਸੀ.ਐਮ.ਐਫ.ਓ. ਨਵਦੀਪ ਸਿੰਘ, ਜੁਆਇੰਟ ਕਮਿਸ਼ਨਰ ਨਗਰ ਨਿਗਮ ਸੁਮਨਦੀਪ ਕੌਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਰੋਟਰੀ ਕਲੱਬ ਆਸਥਾ ਨੇ ਕੁਸ਼ਟ ਆਸ਼ਰਮ 'ਚ ਰੋਗੀਆਂ ਨੂੰ ਗਰਮ ਕੱਪੜੇ ਵੰਡੇ



**ਅੰਮ੍ਰਿਤਸਰ (ਅਰੋੜਾ)**: ਰੋਟਰੀ ਕਲੱਬ ਆਸਥਾ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣੇ ਸਥਾਈ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਕੁਸ਼ਟ ਆਸ਼ਰਮ ਝਬਾਲ ਰੋਡ ਵਿਖੇ ਰਹਿਣ ਵਾਲੇ ਲੋਕਾਂ ਨੂੰ ਸਰਦੀ ਤੋਂ ਬਚਾਓ ਦੇ ਲਈ ਕਲੱਬ ਦੇ ਪ੍ਰਧਾਨ ਇੰਜੀ. ਅਸ਼ੋਕ ਕੁਮਾਰ ਸ਼ਰਮਾ, ਸਕੱਤਰ ਸਰਬਜੀਤ ਸਿੰਘ ਅਤੇ ਇਸ ਵਿਸ਼ਾਲ ਪ੍ਰਾਜੈਕਟ ਦੇ ਚੇਅਰਮੈਨ ਕਲੱਬ ਦੇ ਸਾਬਕਾ ਪ੍ਰਧਾਨ ਅੰਦੇਸ਼ ਭੱਲਾ ਦੀ ਪ੍ਰਧਾਨਗੀ ਵਿੱਚ ਕੁਸ਼ਟ ਆਸ਼ਰਮ ਦੇ ਲੋਕਾਂ ਨੂੰ ਗਰਮ ਕੱਪੜੇ ਵੰਡੇ ਗਏ।ਕਲੱਬ ਦੇ ਸਾਬਕਾ ਪ੍ਰਧਾਨ ਪ੍ਰਾਜੈਕਟ ਚੇਅਰਮੈਨ ਅੰਦੇਸ਼ ਭੱਲਾ ਨੇ ਦੱਸਿਆ ਕਿ 5 ਸਾਲ ਤੋਂ ਆਪਣੇ ਪਿਤਾ ਦੀ ਬਰਸੀ 'ਤੇ ਹਮੇਸ਼ਾ ਕੁਸ਼ਟ ਆਸ਼ਰਮ ਦੇ ਲੋਕਾਂ ਨੂੰ ਗਰਮ ਕੱਪੜੇ ਭੇਟ ਕਰਦੇ ਆ ਰਹੇ ਹਨ।ਅੰਦੇਸ਼ ਭੱਲਾ ਨੇ ਕਿਹਾ ਕਿ ਆਪਣੇ ਬਜ਼ੁਰਗਾਂ ਨੂੰ ਯਾਦ ਰੱਖਣ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਸ ਤਰ੍ਹਾਂ ਦੇ ਲੋੜਵੰਦਾਂ ਦੀ ਜ਼ਰੂਰਤ ਅਨੁਸਾਰ ਸਹਾਇਤਾ ਕਰਨੀ ਚਾਹੀਦੀ ਹੈ।ਕਲੱਬ ਦੇ ਪ੍ਰਧਾਨ ਅਸ਼ੋਕ ਸ਼ਰਮਾ ਨੇ ਕਿਹਾ ਕਿ ਸਾਨੂੰ ਆਪਣਾ ਅਤੇ ਆਪਣੇ ਬੱਚਿਆਂ ਦੇ ਜਨਮ ਦਿਨ ਅਤੇ ਵਿਆਹ ਦੀ ਵਰ੍ਹੇਗੰਢ 'ਤੇ ਅਜਿਹੇ ਕੰਮ ਕਰਨ ਜਿਸ ਵਿੱਚ ਸਮਾਜ ਵਿੱਚ ਰਹਿਣ ਵਾਲੇ ਲੋੜਵੰਦ ਲੋਕਾਂ ਦਾ ਭਲਾ ਹੋਵੇ। ਇਸ ਮੌਕੇ ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਪਰਜਮੀਤ ਸਿੰਘ, ਸਾਬਕਾ ਪ੍ਰਧਾਨ ਕੇ. ਐੱਸ. ਚੱਠਾ, ਸਾਬਕਾ ਪ੍ਰਧਾਨ ਹਰਦੇਸ਼ ਦਵੇਸਰ, ਅਸ਼ਵਨੀ ਅਵਸਥੀ, ਐੱਚ. ਐੱਸ. ਜੋਗੀ, ਮਨੀਸ਼ਾ ਭੱਲਾ ਸਹਿਤ ਰੋਟਰੀ ਕਲੱਬ ਆਸਥਾ ਦੇ ਸਮੂਹ ਮੈਂਬਰ ਮੌਜੂਦ ਸਨ।

## ਚਾਈਨਾ ਡੋਰ ਵੇਚਣ ਵਾਲਿਆਂ 'ਤੇ ਕੱਸਾਂਗੇ ਸ਼ਿਕੰਜਾ : ਚੌਕੀ ਇੰਚਾਰਜ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਪਤੰਗਬਾਜ਼ੀ ਦਾ ਤਿਉਹਾਰ ਜਿੱਥੇ ਖ਼ੁਸ਼ੀਆਂ ਅਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ, ਉੱਥੇ ਹੀ ਕੁਝ ਲਾਲਚੀ ਲੋਕਾਂ ਨੇ ਆਪਣੇ ਨਿੱਜੀ ਫ਼ਾਇਦੇ ਲਈ ਇਸ ਨੂੰ ਮਨੁੱਖੀ ਜਾਨਾਂ ਅਤੇ ਪੰਛੀਆਂ ਲਈ ਘਾਤਕ ਬਣਾ ਦਿੱਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐੱਸਐੱਸਪੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਵਿੰਡਾ ਦੇਵੀ ਚੌਕੀ ਇੰਚਾਰਜ ਹਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਇੱਕ ਜਾਨਲੇਵਾ ਖ਼ਤਰਾ ਬਣ ਚੁੱਕੀ ਹੈ, ਜਿਸ ਵਿਰੁੱਧ ਹਲਕਾ ਮਜੀਠਾ ਦੀ ਪੁਲਸ ਹੁਣ ਸਖ਼ਤ ਰੁਖ਼ ਅਖ਼ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਕੋਈ ਵੀ ਛੋਟਾ ਜਾਂ ਵੱਡਾ ਦੁਕਾਨਦਾਰ ਜੇਕਰ ਚਾਈਨਾ ਡੋਰ ਵੇਚਦਾ ਫੜਿਆ ਗਿਆ, ਤਾਂ ਉਸ ਵਿਰੁੱਧ ਤੁਰੰਤ ਮੁਕੱਦਮਾ ਦਰਜ ਕਰਕੇ ਉਸਨੂੰ ਸਿੱਧਾ ਜੇਲ੍ਹ ਭੇਜਿਆ ਜਾਵੇਗਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਨਾਬਾਲਗ ਬੱਚਿਆਂ ਦੇ ਮਾਪਿਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਬੱਚਿਆਂ 'ਤੇ ਨਜ਼ਰ ਰੱਖਣ। ਜੇਕਰ ਕੋਈ ਬੱਚਾ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਮਿਲਿਆ ਤਾਂ ਉਸਦੇ ਮਾਪਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਪੁਲਸ ਵੱਲੋਂ ਇਲਾਕੇ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ ਅਤੇ ਚਾਈਨਾ ਡੋਰ ਦੇ ਕਾਰੋਬਾਰ 'ਤੇ ਬਾਜ਼ ਵਾਲੀ ਅੱਖ ਰੱਖੀ ਜਾ ਰਹੀ ਹੈ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਵਿਅਕਤੀ ਚਾਈਨਾ ਡੋਰ ਵੇਚਦਾ ਹੈ ਜਾਂ ਇਸ ਦੀ ਵਰਤੋਂ ਕਰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

## ਥਾਰ ਅਤੇ ਸਕੂਟਰੀ ਦੀ ਆਪਸੀ ਟੱਕਰ 'ਚ ਔਰਤ ਦੀ ਮੌਤ



**ਗੁਰਦਾਸਪੁਰ, (ਜਨਕ ਮਹਾਜਨ)**- ਬੀਤੀ ਦੇਰ ਸ਼ਾਮ ਗੁਰਦਾਸਪੁਰ ਸ਼ਹਿਰ ਅੰਦਰ ਥਾਰ ਸਵਾਰ ਗੱਡੀ ਚਾਲਕ ਵੱਲੋਂ ਇੱਕ ਸਕੂਟਰੀ ਸਵਾਰ ਔਰਤ ਨੂੰ ਟੱਕਰ ਮਾਰ ਦਿੱਤੀ ਜਿਸ 'ਤੇ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਔਰਤ ਦੇ ਭਤੀਜੇ ਵਿਸ਼ਾਲ ਨੇ ਦੱਸਿਆ ਕਿ ਉਸ ਦੀ ਭੂਆ ਪਰਮਜੀਤ ਕੌਰ ਜੋ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੀ ਸਕੀਮ ਨੰਬਰ-7 ਵਿਚ ਆਪਣੀ 14 ਸਾਲਾਂ ਬੇਟੀ ਨਾਲ ਰਹਿੰਦੀ ਸੀ, ਬੀਤੀ ਸ਼ਾਮ ਸਬਜ਼ੀ ਖਰੀਦਣ ਲਈ ਬਾਜ਼ਾਰ ਗਈ ਸੀ ਕਿ ਵਾਪਸੀ 'ਤੇ ਇੱਕ ਤੇਜ਼ ਰਫਤਾਰ ਥਾਰ ਗੱਡੀ ਨੇ ਸਕੂਟਰੀ ਸਵਾਰ ਉਨ੍ਹਾਂ ਦੀ ਭੂਆ ਪਰਮਜੀਤ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਿਸ਼ਾਲ ਨੇ ਦੱਸਿਆ ਕਿ ਥਾਰ ਸਵਾਰ ਵਿਅਕਤੀ ਨਸ਼ੇ ਵਿੱਚ ਸੀ ਅਤੇ ਲੋਕਾਂ ਨੇ ਉਸ ਨੂੰ ਫੜ੍ਹ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਇਸ ਮੌਕੇ ਏਐੱਸਆਈ ਜੈ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਥਾਰ ਚਾਲਕ ਅਤੇ ਥਾਰ ਗੱਡੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਪਰਮਜੀਤ ਕੌਰ ਦੀ ਲਾਸ਼ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਪੋਸਟਮਾਰਟਮ ਲਈ ਭੇਜਿਆ ਗਿਆ ਹੈ।

## ਹਰ ਪੰਜਾਬੀ ਦਾ ਇੱਕ ਹੀ ਨਾਅਰਾ, ਕਾਂਗਰਸ ਬਿਨਾਂ ਨਹੀਂ ਗੁਜ਼ਾਰਾ : ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਆਪਣੇ ਹੱਥਾਂ 'ਤੇ ਦੰਦੀਆਂ ਵੱਢ ਰਹੀ ਹੈ।ਆਪ ਸਰਕਾਰ ਨੇ ਜੋ ਪੰਜਾਬ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਉਨ੍ਹਾਂ ਵਿੱਚੋਂ ਇੱਕ ਵਾਅਦਾ ਵੀ ਪੂਰਾ ਨਹੀਂ ਕੀਤਾ।ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦਾ ਵਾਅਦਾ, ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਦਾ ਵਾਅਦਾ, ਬੇਅਦਬੀ ਦਾ ਇਨਸਾਫ਼ ਦੇਣ ਦਾ ਵਾਅਦਾ, ਬੇਰੁਜ਼ਗਾਰੀ ਦੂਰ ਕਰਨ ਦਾ ਵਾਅਦਾ, ਵੀ ਆਈ ਪੀ ਕਲਚਰ ਖ਼ਤਮ ਕਰਨ ਦਾ ਵਾਅਦਾ ਇਨ੍ਹਾਂ ਵਾਅਦਿਆਂ ਵਿੱਚੋਂ ਆਪ ਸਰਕਾਰ ਨੇ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ।ਪੰਜਾਬ ਸਰਕਾਰ ਨੇ ਨਵਾਂ ਸਾਲ ਚੜ੍ਹਦਿਆਂ ਹੀ ਸੱਚਾਈ ਦਬਾਉਣ ਵਾਲੇ ਮੀਡੀਆ ਦੀ ਆਵਾਜ਼ ਬੰਦ ਕਰਨ ਲਈ ਉਨ੍ਹਾਂ 'ਤੇ ਪਰਚੇ ਕੀਤੇ।ਨਸ਼ਾ ਪਹਿਲਾਂ ਨਾਲੋਂ ਜ਼ਿਆਦਾ ਵਧਿਆ।ਪੰਜਾਬ ਵਿੱਚ ਲੋਕਰਾਜ ਖਤਮ ਕਰਕੇ ਗੈਂਗਸਟਰ ਰਾਜ ਪੈਦਾ ਕੀਤਾ।ਹਲਕਾ ਰਾਜਾਸਾਂਸੀ ਵਿੱਚ ਮੌਜੂਦਾ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਅਤੇ ਉਨ੍ਹਾਂ ਦੇ ਭਤੀਜੇ ਦਿਲਰਾਜ ਸਿੰਘ ਸਰਕਾਰੀਆ ਤੇ ਉਨ੍ਹਾਂ ਦੀ ਹਲਕੇ ਵਿੱਚ ਵੱਧ ਰਹੀ ਲੋਕਪ੍ਰਿਅਤਾ ਤੋਂ ਡਰਦਿਆਂ ਉਨ੍ਹਾਂ ਉਤੇ ਨਾਜਾਇਜ਼ ਪਰਚੇ ਦਰਜ ਕਰਵਾਏ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਰਾਜਾਸਾਂਸੀ ਦੀ ਜਨਤਾ ਅੱਜ ਵੀ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਨਾਲ ਚੱਟਾਨ ਵਾਂਗ ਖੜ੍ਹੀ ਹੈ।ਪੰਜਾਬ ਦੀ ਜਨਤਾ ਬੜੀ ਬੇਸਬਰੀ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੀ ਹੈ ਤਾਂ ਜੋ ਪੰਜਾਬ ਦੀ ਜ਼ਾਲਮ ਸਰਕਾਰ ਨੂੰ ਪੰਜਾਬ ਵਿੱਚੋਂ ਹਮੇਸ਼ਾਂ ਲਈ ਚਲਦਾ ਕਰਕੇ ਪੰਜਾਬ ਵਿੱਚ ਪੰਜਾਬ ਅਤੇ ਪੰਜਾਬੀਆਂ ਦੀ ਹਮਦਰਦ ਕਾਂਗਰਸ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਾਈ ਜਾ ਸਕੇ।ਕੱਕੜ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੇ ਹਲਕਾ ਰਾਜਾਸਾਂਸੀ ਦੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੁਬਾਰਾ ਮੰਤਰੀ ਬਣ ਕੇ ਹਲਕੇ ਵਿੱਚ ਰਹਿੰਦੇ ਵਿਕਾਸ ਨੂੰ ਪੂਰਾ ਕਰਨਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਲਕੇ ਵਿੱਚ ਵਿਰੋਧੀਆਂ 'ਤੇ ਪਰਚੇ ਦਰਜ ਕਰਨ ਅਤੇ ਉਨ੍ਹਾਂ ਨੂੰ ਧੱਕੇਸ਼ਾਹੀ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਨ ਤੋਂ ਬਿਨਾਂ ਕੋਈ ਕੰਮ ਨਹੀਂ ਕੀਤਾ। ਹਲਕਾ ਰਾਜਾਸਾਂਸੀ ਦੀ ਗੈਰਤਮੰਦ ਜਨਤਾ ਇਸ ਵਾਰ ਵੀ ਹਲਕੇ ਦੇ ਹਰਮਨਪਿਆਰੇ ਨੇਤਾ ਮੌਜੂਦਾ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਲੀਡ ਨਾਲ ਜਿਤਾਉਣਗੇ ਅਤੇ ਆਪਣੇ ਹਲਕੇ ਨੂੰ ਫਿਰ ਖੁਸ਼ਹਾਲ ਬਣਾਉਣਗੇ।ਉਨ੍ਹਾਂ ਕਿਹਾ ਕਿ ਅੱਜ ਹਰ ਪੰਜਾਬੀ ਦਾ ਇੱਕ ਹੀ ਨਾਅਰਾ ਹੈ ਕਿ ਕਾਂਗਰਸ ਦੀ ਸਰਕਾਰ ਬਿਨਾਂ ਗੁਜ਼ਾਰਾ ਨਹੀਂ ਹੋਣ ਵਾਲਾ।

## ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਨੇ ਗੱਡੀਆਂ ਤੇ ਹੋਰ ਵਾਹਨਾਂ ਉੱਪਰ ਲਾਏ ਰਿਫਲੈਕਟਰ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ, ਨਦਰਿ ਕਰਮਿ ਸੇਵਾ ਦਲ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਮਰੀਕਾ ਅਤੇ ਸੋਚ ਸੈਂਟਰ ਸਿਆਟਲ ਅਮਰੀਕਾ ਵੱਲੋਂ ਐਕਸੀਡੈਂਟ ਦੌਰਾਨ ਜ਼ਖ਼ਮੀ ਹੋ ਗਏ ਲੋਕਾਂ ਦੀ ਆਰਥਿਕ ਮਦਦ ਤੋਂ ਇਲਾਵਾ ਪੋਹ ਦੇ ਮਹੀਨੇ ਗਹਿਰੀ ਧੁੰਦ ਦੀ ਵਜ੍ਹਾ ਨਾਲ਼ ਸੜਕਾਂ ਉੱਪਰ ਵਾਪਰਦੇ ਹਾਦਸਿਆਂ ਤੋਂ ਲੋਕਾਂ ਨੂੰ ਬਚਾਉਣ ਲਈ ਅਸੀਂ ਪਿਛਲੇ ਸਾਲ ਦੀ ਤਰ੍ਹਾਂ ਹੀ ਇਸ ਵਾਰ ਵੀ ਟਰੈਕਟਰ ਟਰਾਲੀਆਂ, ਟਰੱਕ, ਟੈਂਪੂ, ਘੜੁੱਕੇ ਅਤੇ ਹੋਰ ਗੱਡੀਆਂ ਉੱਪਰ ਰਿਫਲੈਕਟਰ ਲਗਾ ਰਹੇ ਹਾਂ।ਇਸ ਮੌਕੇ ਸਤਿੰਦਰ ਸਿੰਘ ਖ਼ਾਲਸਾ, ਤਲਵਿੰਦਰ ਸਿੰਘ ਕੰਗ, ਵਿਕਾਸ ਵਰਮਾਂ, ਰਾਜ ਸਤੀਜਾ, ਮਾ: ਪਰਮਿੰਦਰ ਸਿੰਘ, ਮਾਸਟਰ ਰੁਪਿੰਦਰਜੀਤ ਸਿੰਘ ਬੰਟੀ, ਮੋਤੀ ਲਾਲ ਕਾਲੀਆ, ਬਾਡੀ ਬਿਲਡਰ ਸਤਿੰਦਰ ਸਿੰਘ ਨੇਂ ਦੱਸਿਆ ਕਿ ਅੱਜ ਲੋਹੀਆਂ ਸ਼ਹਿਰ ਦੇ ਸੁਲਤਾਨਪੁਰ ਵਾਲ਼ੇ ਤਿਰਾਹੇ ਉੱਪਰ ਵੱਖ-ਵੱਖ ਗੱਡੀਆਂ ਨੂੰ 700 ਦੇ ਕਰੀਬ ਰਿਫਲੈਕਟਰ ਲਗਾਏ ਗਏ ਹਨ ਜਦਕਿ ਆਉਂਦੇ ਦਿਨਾਂ ਵਿੱਚ ਵੀ ਇਹ ਮੁਹਿੰਮ ਜਾਰੀ ਰਹੇਗੀ। ਇਸ ਮੌਕੇ ਉਕਤ ਤੋਂ ਇਲਾਵਾ ਸੁਖਵਿੰਦਰ ਸਿੰਘ ਸੋਨੂੰ, ਅਬਦੁਲ ਅਲੀ, ਡਾ: ਹਰਬੰਸ ਸ਼ਰਮਾਂ, ਪਰਮਜੀਤ ਸਿੰਘ ਪੰਮਾ, ਸਾਹਿਲ ਸਚਦੇਵਾ, ਗਗਨਦੀਪ, ਅਤੇ ਅਰਮਾਨ ਵੀ ਮੌਜੂਦ ਸਨ।

## ਅਨੁਸੂਚਿਤ ਜਾਤੀਆਂ ਲਈ ਰਾਖਵੇਂ ਫੰਡ ਸਿਰਫ਼ ਐੱਸ ਸੀ ਭਾਈਚਾਰੇ 'ਤੇ ਹੀ ਖਰਚੇ ਜਾਣ : ਡਾ. ਬਲਜੀਤ ਕੌਰ



ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਭਲਾਈ ਲਈ ਲਾਗੂ ਕੀਤੇ ਜਾ ਰਹੇ ਅਨੁਸੂਚਿਤ ਜਾਤੀਆਂ ਸਬ-ਪਲਾਨ (ਐਸ.ਸੀ.ਐਸ.ਪੀ.) ਦੀ ਪ੍ਰਗਤੀ ਦੀ ਸਮੀਖਿਆ ਲਈ ਇਕ ਅਹਿਮ ਬੈਠਕ ਕੀਤੀ।ਇਸ ਬੈਠਕ ਦੌਰਾਨ ਐਸ.ਸੀ. ਸਬ-ਪਲਾਨ ਅਧੀਨ ਸਕੀਮਾਂ ਲਾਗੂ ਕਰ ਰਹੇ ਲਗਭਗ 25 ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਵਿਸਥਾਰ ਨਾਲ ਚਰਚਾ ਕੀਤੀ ਗਈ।ਮੀਟਿੰਗ ਵਿੱਚ ਡਾ. ਬਲਜੀਤ ਕੌਰ ਨੇ ਵਿੱਤੀ ਸਾਲ 2025-26 ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਐਸ.ਸੀ. ਸਬ-ਪਲਾਨ ਤਹਿਤ ਕੀਤੇ ਜਾ ਰਹੇ ਕਾਰਜਾਂ ਦਾ ਜਾਇਜ਼ਾ ਲਿਆ।ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਯੋਜਨਾਵਾਂ ਲਈ ਰੱਖੀ ਗਈ ਰਾਸ਼ੀ ਹਾਲੇ ਤੱਕ ਖਰਚ ਨਹੀਂ ਹੋਈ, ਉਸ ਦੀ ਵਰਤੋਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਰਾਸ਼ੀ ਤੁਰੰਤ ਜਾਰੀ ਕਰਵਾ ਕੇ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਪਹੁੰਚਾਇਆ ਜਾਵੇ।ਮੰਤਰੀ ਨੇ ਸਪੱਸ਼ਟ ਕੀਤਾ ਕਿ ਐਸ.ਸੀ. ਸਬ-ਪਲਾਨ ਤਹਿਤ ਰੱਖੀ ਗਈ ਰਾਸ਼ੀ ਦੀ ਵਰਤੋਂ ਸਿਰਫ਼ ਅਨੁਸੂਚਿਤ ਜਾਤੀ ਭਾਈਚਾਰੇ ਦੀ ਭਲਾਈ ਲਈ ਹੀ ਕੀਤੀ ਜਾਵੇ ਅਤੇ ਇਸ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਜਾਂ ਗਲਤ ਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਾ. ਬਲਜੀਤ ਕੌਰ ਨੇ ਵਿਭਾਗਾਂ ਨੂੰ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਮੌਜੂਦਾ ਲੋੜਾਂ ਦੇ ਅਨੁਕੂਲ ਨਵੀਆਂ, ਲੋਕ-ਹਿਤੈਸ਼ੀ ਅਤੇ ਨਿਵੇਕਲੀਆਂ ਸਕੀਮਾਂ ਤਿਆਰ ਕਰਨ 'ਤੇ ਵੀ ਜ਼ੋਰ ਦਿੱਤਾ।

## ਲੋਕ ਇਨਸਾਫ਼ ਮੰਚ ਵੱਲੋਂ ਪੱਤਰਕਾਰਾਂ 'ਤੇ ਦਰਜ ਪਰਚਿਆਂ ਦੀ ਸਖ਼ਤ ਨਿਖੇਧੀ

**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਵੱਲੋਂ ਨਵੇਂ ਸਾਲ ਦੇ ਤੋਹਫ਼ੇ ਵਜੋਂ ਪੱਤਰਕਾਰ ਮਿੰਟੂ ਗੁਰੂਸਰੀਆ, ਮਨਿੰਦਰਜੀਤ ਸਿੱਧੂ ਅਤੇ ਮਾਨਿਕ ਗੋਇਲ ਸਮੇਤ 10 ਵਿਅਕਤੀਆਂ ਵਿਰੁੱਧ ਦਰਜ ਕੀਤੇ ਗਏ ਪੁਲਸ ਮੁਕੱਦਮੇ ਦੇ ਵਿਰੋਧ ਵਿੱਚ ਲੋਕ ਇਨਸਾਫ਼ ਮੰਚ ਦੀ ਇੱਕ ਹੰਗਾਮੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਮੰਚ ਦੇ ਆਗੂਆਂ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਲੋਕਤੰਤਰ ਦਾ ਕਤਲ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਕਰਾਰ ਦਿੱਤਾ। ਮੰਚ ਦੇ ਮੁੱਖ ਆਗੂਆਂ ਜਰਨੈਲ ਫਿਲੌਰ, ਮਾ. ਹੰਸ ਰਾਜ, ਅਤੇ ਪਰਸ਼ੋਤਮ ਫਿਲੌਰ ਅਤੇ ਅਮਰਜੀਤ ਲਾਡੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਮਾਨਿਕ ਗੋਇਲ ਨੇ ਸਵਾਲ ਪੁੱਛ ਕੇ ਕੋਈ ਗੁਨਾਹ ਨਹੀਂ ਕੀਤਾ।ਮੰਚ ਦੇ ਆਗੂਆਂ ਨੇ ਕਿਹਾ ਕਿ ਸਾਲ 2026 ਪੰਜਾਬ ਦੀ ਸਿਆਸਤ ਲਈ ਬੇਹੱਦ ਅਹਿਮ ਹੈ, ਪਰ ਮੌਜੂਦਾ ਸਰਕਾਰ ਆਪਣੀਆਂ ਚੋਣ ਗਰੰਟੀਆਂ ਪੂਰੀਆਂ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।ਮੀਟਿੰਗ ਦੌਰਾਨ ਬੋਲਦਿਆਂ ਰਾਮਜੀ ਦਾਸ ਗੰਨਾਪਿੰਡ, ਰਾਜ ਕੁਮਾਰ ਹੰਸ, ਅਤੇ ਡਾ. ਅਸ਼ੋਕ ਕੁਮਾਰ ਨੇ ਕਿਹਾ ਨੇ ਕਿਹਾ ਕਿ ਪੰਜਾਬ ਦਾ ਕਰਜ਼ਾ 4.17 ਲੱਖ ਕਰੋੜ ਦੇ ਕਰੀਬ ਪਹੁੰਚਣ ਵਾਲਾ ਹੈ।ਲੋਕ ਇਨਸਾਫ਼ ਮੰਚ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਜਲਦ ਹੀ ਇਹ ਨਾਜਾਇਜ਼ ਪਰਚੇ ਰੱਦ ਨਾ ਕੀਤੇ ਤਾਂ ਪੂਰੇ ਪੰਜਾਬ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

## ਲੋਕ-ਪੱਖੀ ਪੱਤਰਕਾਰਾਂ ਵਿਰੁੱਧ ਦਰਜ ਝੂਠਾ ਕੇਸ ਵਾਪਸ ਲਵੇ ਪੰਜਾਬ ਸਰਕਾਰ : ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਹੈਲੀਕਾਪਟਰ ਦੀ ਦੁਰਵਰਤੋਂ ਬਾਰੇ ਸਵਾਲ ਉਠਾਉਣ ਵਾਲੇ ਪੱਤਰਕਾਰਾਂ ਅਤੇ ਆਰ. ਟੀ. ਆਈ. ਕਾਰਕੁਨ ਮਾਨਿਕ ਗੋਇਲ ਸਮੇਤ 10 ਵਿਅਕਤੀਆਂ ਵਿਰੁੱਧ ਕੇਸ ਦਰਜ ਕਰਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਕੇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।ਫਰੰਟ ਦੇ ਆਗੂਆਂ ਨੇ ਕਿਹਾ ਕਿ ਜਦੋਂ ਹਾਕਮ ਜਮਾਤੀ ਸਿਆਸਤਦਾਨਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਪੰਜਾਬ ਸਿਰ ਪਹਿਲਾਂ ਹੀ ਸਾਢੇ ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੈ ਤਾਂ ਪੰਜਾਬ ਦੇ ਲੋਕਾਂ ਵੱਲੋਂ ਸੱਤਾਧਾਰੀ ਜੁੰਡਲੀ ਨੂੰ ਇਹ ਸਵਾਲ ਕਰਨਾ ਜੁਰਮ ਕਿਵੇਂ ਬਣ ਗਿਆ ਕਿ ਪੰਜਾਬ ਦੇ ਲੋਕਾਂ ਦਾ ਟੈਕਸਾਂ ਦਾ ਪੈਸਾ ਬਿਨਾਂ ਕਿਸੇ ਵਜ੍ਹਾ ਦੇ ਸਰਕਾਰੀ ਹੈਲੀਕਾਪਟਰ ਦੀ ਦੁਰਵਰਤੋਂ ਕਰਨ ਅਤੇ ਝੂਠੀਆਂ ਪ੍ਰਾਪਤੀਆਂ ਦੀ ਗੁੰਮਰਾਹਕੁਨ ਇਸ਼ਤਿਹਾਰਬਾਜ਼ੀ ਉਪਰ ਪਾਣੀ ਵਾਂਗ ਕਿਉਂ ਰੋੜ੍ਹਿਆ ਜਾ ਰਿਹਾ ਹੈ।ਸੱਚ ਇਹ ਹੈ ਕਿ 'ਬਦਲਾਅ' ਦੇ ਵਾਅਦੇ ਨਾਲ ਸੱਤਾ ਵਿਚ ਆਏ ਇਸ ਸੱਤਾਧਾਰੀ ਗੁੱਟ ਨੂੰ ਪੰਜਾਬ ਦੇ ਲੋਕਾਂ ਦੇ ਹਿਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਇਸੇ ਕਾਰਨ ਇਹ ਵਾਜਬ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਸਵਾਲ ਉਠਾਉਣ ਵਾਲੇ ਪੱਤਰਕਾਰਾਂ ਤੇ ਹੋਰ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਲਈ ਝੂਠੇ ਕੇਸਾਂ ਦਾ ਸਹਾਰਾ ਲੈ ਰਹੇ ਹਨ ਅਤੇ ਚੋਣਾਂ ਸਮੇਂ ਕੀਤੇ ਵਾਅਦਿਆਂ ਦਾ ਜਵਾਬ ਮੰਗਦੇ ਬੇਰੁਜ਼ਗਾਰਾਂ ਤੇ ਹੋਰ ਲੋਕਾਂ ਨੂੰ ਪੁਲਸ ਡਾਂਗਾਂ ਨਾਲ ਕੁਟਵਾ ਕੇ ਵਿਚਾਰ ਪ੍ਰਗਟਾਵੇ ਅਤੇ ਸੰਘਰਸ਼ ਦੇ ਜਮਹੂਰੀ ਹੱਕ ਨੂੰ ਕੁਚਲ ਰਹੇ ਹਨ।ਇਸੇ ਦੌਰਾਨ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਮੀਡੀਆ ਦੀ ਆਵਾਜ਼ ਨੂੰ ਕੋਈ ਵੀ ਤਾਨਾਸ਼ਾਹ ਹੁਕਮਰਾਨ ਦਬਾ ਨਹੀਂ ਸਕਦਾ ਅਤੇ ਪੱਤਰਕਾਰ ਸੱਤਾ ਨੂੰ ਸਵਾਲ ਕਰਕੇ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਉਂਦੇ ਰਹਿਣਗੇ।ਫਰੰਟ ਦੇ ਆਗੂਆਂ ਨੇ ਕਲਮਕਾਰਾਂ, ਪੱਤਰਕਾਰਾਂ, ਸਾਹਿਤਕਾਰਾਂ, ਕਲਾਕਾਰਾਂ, ਸੰਘਰਸ਼ਸ਼ੀਲ ਜਥੇਬੰਦੀਆਂ ਸਮੇਤ ਪੰਜਾਬ ਦੇ ਸਮੂਹ ਇਨਸਾਫ਼ਪਸੰਦ ਤੇ ਜਮਹੂਰੀ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਦੀ ਇਸ ਤਾਨਾਸ਼ਾਹੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਅਤੇ ਪੰਜਾਬ ਦੇ ਸਰੋਕਾਰਾਂ ਦੇ ਹੱਕ ਵਿਚ ਡੱਟਣ ਵਾਲੀਆਂ ਮੀਡੀਆ ਆਵਾਜ਼ਾਂ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਹੈ।

## ਬੀਬੀ ਪ੍ਰਕਾਸ਼ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਭਿੱਖੀਵਿੰਡ (ਨਜ਼ਸ)**- ਸੀ. ਪੀ. ਆਈ. ਦੇ ਆਗੂ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਬੀਬੀ ਪ੍ਰਕਾਸ਼ ਕੌਰ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਹੋਇਆਂ ਹਮਦਰਦ ਪਰਿਵਾਰ ਅਤੇ ਅਜੀਤ ਅਦਾਰੇ ਨਾਲ ਅਫਸੋਸ ਜ਼ਾਹਰ ਕੀਤਾ ਹੈ।ਬੀਬੀ ਪ੍ਰਕਾਸ਼ ਕੌਰ ਜਾਣੀ ਪਹਿਚਾਣੀ ਪੰਜਾਬੀ ਸਾਹਿਤਕਾਰ ਵੀ ਸੀ।ਉਨ੍ਹਾਂ ਦੀਆਂ ਰਚਨਾਵਾਂ ਅਜੀਤ ਅਖਬਾਰ ਵਿੱਚ ਲਗਾਤਾਰ ਆਉਂਦੀਆਂ ਰਹੀਆਂ ਹਨ।ਆਪ ਡਾਕਟਰ ਸਾਧੂ ਸਿੰਘ ਹਮਦਰਦ ਟਰੱਸਟ ਦੇ ਟਰੱਸਟੀ ਅਤੇ ਸਕੱਤਰ ਵੀ ਸਨ।ਉਨ੍ਹਾਂ ਦੀ ਮੌਤ ਨਾਲ 'ਹਮਦਰਦ ਟਰੱਸਟ' ਅਤੇ ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

## ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਹੋਵੇ ਸਖ਼ਤ ਕਾਰਵਾਈ : ਅਨੁਜ ਖੇਮਕਾ



ਛੇਹਰਟਾ (ਮਨੋਜ ਕੁਮਾਰ)- ਲੋਹੜੀ ਦੇ ਤਿਓਹਾਰ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਕਰਦਿਆਂ ਅਨੁਜ ਖੇਮਕਾ ਨੇ ਕਿਹਾ ਕਿ ਇਹ ਮਾਰੂ ਡੋਰ ਹਰ ਸਾਲ ਕਈ ਪਰਿਵਾਰਾਂ ਦੀ ਖੁਸ਼ੀ ਨੂੰ ਮਾਤਮ ਵਿਚ ਬਦਲ ਦਿੰਦੀ ਹੈ। ਚਾਈਨਾ ਡੋਰ ਨਾ ਸਿਰਫ਼ ਰਾਹਗੀਰਾਂ ਲਈ, ਬਲਕਿ ਬੱਚਿਆਂ, ਪਸ਼ੂ ਤੇ ਪੰਛੀਆਂ ਲਈ ਵੀ ਨੁਕਸਾਨਦੇਹ ਹੈ। ਇਸ ਡੋਰ ਕਾਰਨ ਸੜਕ 'ਤੇ ਕਈ ਹਾਦਸੇ ਹੋ ਚੁੱਕੇ ਹਨ, ਜਿਸ ਕਾਰਨ ਕਈ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋਹੜੀ, ਮਾਘੀ ਤੇ ਬਸੰਤ ਪੰਚਮੀ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੇਕਰ ਸਮਾਂ ਰਹਿੰਦਿਆਂ ਇਸ ਡੋਰ 'ਤੇ ਲਗਾਮ ਲਗਾਈ ਜਾਵੇ, ਤਾਂ ਖੁਸ਼ੀਆਂ ਦੇ ਤਿਓਹਾਰ ਨੂੰ ਮਾਤਮ ਵਿਚ ਬਦਲਣ ਤੋਂ ਰੋਕਿਆ ਜਾ ਸਕਦਾ ਹੈ। ਪ੍ਰਸ਼ਾਸਨ ਨੂੰ ਇਸ ਮਾਰੂ ਡੋਰ ਕਾਰਨ ਹੋਣ ਵਾਲੇ ਨੁਕਸਾਨਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਏ ਜਾਣੇ ਚਾਹੀਦੇ ਹਨ। ਜਿਥੋਂ ਇਹ ਪਲਾਸਟਿਕ ਦੀ ਡੋਰ ਆਉਂਦੀ ਹੈ, ਉੱਥੇ ਕਰਾਵਾਈ ਕਿਉਂ ਨਹੀਂ ਹੁੰਦੀ ?

3-Jan-PAGE-4.qxd 1/2/2026 10:45 PM Page 1



# ਉੱਚੇ ਬੁੱਤ, ਘਟੀਆ ਚਰਿੱਤਰ

ਲਖਨਊ ਦੇ ਲੋਕਾਂ ਨੇ 25 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਿਆਮਾ ਪ੍ਰਸਾਦ ਮੁਖਰਜੀ, ਦੀਨਦਿਆਲ ਉਪਾਧਿਆਇ ਤੇ ਅਟਲ ਬਿਹਾਰੀ ਵਾਜਪਾਈ ਦੇ ਬੁੱਤਾਂ ਵਾਲੇ 'ਰਾਸ਼ਟਰ ਪ੍ਰੇਰਣਾ ਸਥੱਲ' ਦੇ ਉਦਘਾਟਨ ਦੇ ਦਿਨ ਹੀ 7 ਹਜ਼ਾਰ ਗਮਲੇ ਚੁਰਾ ਕੇ ਇਹ ਸਾਬਤ ਕਰ ਦਿੱਤਾ ਕਿ ਰਾਸ਼ਟਰੀ ਚਰਿੱਤਰ ਨਾ ਤਾਂ ਉੱਚੇ-ਉੱਚੇ ਕਾਂਸੀ ਦੇ ਬੁੱਤਾਂ ਨਾਲ ਬਣਦਾ ਹੈ, ਨਾ ਲੰਬੇ-ਚੌੜੇ ਭਾਸ਼ਣਾਂ ਨਾਲ ਤੇ ਨਾ ਹੀ ਸੁੰਦਰਤਾ ਵਧਾਉਣ ਵਾਲੇ ਗਮਲਿਆਂ ਨਾਲ। ਰਾਸ਼ਟਰੀ ਚਰਿੱਤਰ ਕਦਰਾਂ-ਕੀਮਤਾਂ ਨਾਲ ਬਣਦਾ ਹੈ ਅਤੇ ਉਸ ਨੂੰ ਮਜ਼ਬੂਤੀ ਮਿਲਦੀ ਹੈ ਉਨ੍ਹਾਂ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਤੇ ਸਮਾਜੀ ਜੀਵਨ ਵਿੱਚ ਉਤਾਰਨ ਵਾਲੇ ਸਮਾਜੀ ਤੇ ਸਿਆਸੀ ਚਰਿੱਤਰਾਂ ਨਾਲ। ਜਿਨ੍ਹਾਂ ਆਗੂਆਂ ਦੇ ਸਰਕਾਰ ਨੇ ਬੁੱਤ ਲੁਆਏ ਹਨ, ਉਨ੍ਹਾਂ ਦੇ ਯੁੱਗ ਵਿੱਚ ਜਿੰਨੇ ਵਿਰਾਟ ਚਰਿੱਤਰਾਂ ਦੇ ਲੋਕ ਸਨ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦਾ ਕੱਦ ਏਨਾ ਵੱਡਾ ਨਹੀਂ ਕਿ ਉਨ੍ਹਾਂ ਦੇ ਏਨੇ ਉੱਚੇ ਬੁੱਤ ਲਾਏ ਜਾਂਦੇ, ਪਰ ਵਿਚਾਰੀ ਭਾਜਪਾ ਕੋਲ ਜਦ ਗੌਰਵਸ਼ਾਲੀ ਸਿਆਸੀ ਵਿਰਾਸਤ ਹੈ ਹੀ ਨਹੀਂ ਤਾਂ ਜਿਹੜੀ ਵੀ ਛੋਟੀ-ਮੋਟੀ ਹੈ, ਉਸੇ ਨਾਲ ਕੰਮ ਚਲਾਉਣਾ ਪਵੇਗਾ ਜਾਂ ਫਿਰ ਦੂਜੀਆਂ ਧਾਰਾਵਾਂ ਦੀ ਵਿਰਾਸਤ ਨੂੰ ਉਸੇ ਤਰ੍ਹਾਂ ਚੁਰਾਉਣਾ ਪਵੇਗਾ, ਜਿਵੇਂ ਰਾਸ਼ਟਰ ਪ੍ਰੇਰਣਾ ਸਥੱਲ ਦੇ ਉਦਘਾਟਨ ਦੇ ਫੌਰੀ ਬਾਅਦ ਲੋਕ ਗਮਲੇ ਚੁਰਾਉਣ ਲੱਗੇ ਸਨ। ਇਸ ਪੂਰੇ ਘਟਨਾਕ੍ਰਮ ਨੇ ਸਾਬਤ ਕਰ ਦਿੱਤਾ ਹੈ ਕਿ ਲਖਨਊ ਸ਼ਹਿਰ ਦੇ ਮੱਧਵਰਗੀ ਲੋਕਾਂ ਨੇ ਸ਼ਿਆਮਾ ਪ੍ਰਸਾਦ ਮੁਖਰਜੀ, ਦੀਨਦਿਆਲ ਉਪਾਧਿਆਇ ਤੇ ਅਟਲ ਬਿਹਾਰੀ ਵਾਜਪਾਈ ਦੇ ਚਰਿੱਤਰ ਨਾਲੋਂ ਵੱਖ ਇਹੀ ਪ੍ਰੇਰਣਾ ਗ੍ਰਹਿਣ ਕੀਤੀ ਹੈ ਕਿ ਸਰਕਾਰੀ ਤੇ ਜਨਤਕ ਸੰਪਤੀ ਨੂੰ ਜਿੰਨਾ ਲੁੱਟ ਸਕੋ, ਓਨਾ ਹੀ ਚੰਗਾ ਹੈ। ਸਕੂਟਰ ਤੇ ਕਾਰ ਨਾਲ ਗਮਲੇ ਚੋਰੀ ਕਰਨ ਵਾਲਾ ਮੱਧ ਵਰਗ ਉਹੀ ਹੈ, ਜਿਸ ਨੂੰ ਯਾਰਾਨਾ ਪੂੰਜੀਵਾਦ ਵੱਲੋਂ ਕੀਤੀ ਜਾ ਰਹੀ ਰਾਸ਼ਟਰੀ ਵਸੀਲਿਆਂ ਦੀ ਲੁੱਟ ਨਹੀਂ ਦਿਖਾਈ ਦਿੰਦੀ ਤੇ ਨਾ ਹੀ ਦਿਸਦੀ ਹੈ ਬਸਤਰ ਦੇ ਹਸਦੇਵ ਵਰਗੇ ਜੰਗਲਾਂ ਦੀ ਕਟਾਈ ਅਤੇ ਅਰਾਵਲੀ ਦਾ ਵਿਨਾਸ਼। ਉਸ ਦੀ ਨਜ਼ਰ ਵਿੱਚ ਵਸੀਲਿਆਂ ਦੀ ਕੌਮੀ ਲੁੱਟ ਤੇ ਪਰਿਆਵਰਣ ਦਾ ਵਿਨਾਸ਼ ਦੋਨੋਂ ਅਸਲ ਵਿੱਚ ਆਰਥਿਕ ਤਰੱਕੀ ਵਿੱਚ ਦੁਨੀਆ ਨੂੰ ਪਛਾੜ ਦੇਣ ਅਤੇ ਵਿਸ਼ਵ ਗੁਰੂ ਬਣਨ ਦੀ ਯੋਜਨਾ ਦੇ ਹਿੱਸੇ ਹਨ। ਇਹ ਹਿੰਦੂ ਰਾਸ਼ਟਰ ਦੀ ਵਿਆਪਕ ਯੋਜਨਾ ਦਾ ਚਰਿੱਤਰ ਹੈ। ਇਹ ਚਰਿੱਤਰ ਉਸ ਸਮੇਂ ਵੀ ਦਿਸਿਆ ਸੀ ਜਦੋਂ ਅਯੁੱਧਿਆ 'ਚ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਦੇ ਬਾਅਦ ਗਮਲੇ ਲੁੱਟੇ ਜਾ ਰਹੇ ਸਨ। ਇਹ ਚਰਿੱਤਰ ਘਾਟਾਂ ਮਾਰੇ ਸਮਾਜ ਦੇ ਚਰਿੱਤਰ ਤੋਂ ਵੱਖਰਾ ਹੈ, ਜਿਹੜਾ ਨਵੇਂ ਘਾਟ 'ਤੇ ਹੋਣ ਵਾਲੇ ਦੀਪੋਤਸਵ ਪ੍ਰੋਗਰਾਮ ਵਿੱਚ ਬਚੇ ਹੋਏ ਦੀਵੇ ਬਟੋਰਦਾ ਹੈ, ਜਦਕਿ ਗਮਲਿਆਂ ਦੀ ਚੋਰੀ ਖਾਂਦੇ-ਪੀਂਦੇ ਲੋਕਾਂ ਦੀ ਕਬਜ਼ੇ ਕਰਕੇ ਬਣਾਏ ਗਏ ਲਾਅਨ ਤੇ ਪੋਰਟਿਕੋ ਨੂੰ ਸਜਾਉਣ ਦੀ ਉਪਭੋਗਤਾਵਾਦੀ ਦ੍ਰਿਸ਼ਟੀ ਦਾ ਹਿੱਸਾ ਹੈ। ਇਹ ਉਸੇ ਰਾਸ਼ਟਰੀ ਚਰਿੱਤਰ ਦਾ ਹਿੱਸਾ ਹੈ, ਜਿੱਥੇ ਬਲਾਤਕਾਰ ਤੇ ਹੱਤਿਆ ਦੇ ਦੋਸ਼ ਵਿੱਚ ਸਜ਼ਾਯਾਫਤਾ ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸੇਂਗਰ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਜਾਂਦੀ ਹੈ ਅਤੇ ਅਖ਼ਲਾਕ ਨੂੰ ਕੁੱਟ-ਕੁੱਟ ਕੇ ਮਾਰਨ ਵਾਲਿਆਂ ਖਿਲਾਫ ਮੁਕੱਦਮਾ ਵਾਪਸ ਲੈਣ ਲਈ ਅਰਜ਼ੀ ਦਿੱਤੀ ਜਾਂਦੀ ਹੈ। ਇਹ ਇਨਸਾਫ ਦਾ ਪਾਖੰਡ ਹੈ, ਜਿਹੜਾ ਅਪਰਾਧ-ਮੁਕਤ ਯੂ ਪੀ ਦੇ ਨਾਂਅ 'ਤੇ ਚਲਾਇਆ ਜਾ ਰਿਹਾ ਹੈ। ਜੇ ਇਸ ਸਮਾਜ ਦਾ ਰਾਸ਼ਟਰੀ ਚਰਿੱਤਰ ਇਹੀ ਰਹਿਣ ਵਾਲਾ ਹੈ ਤਾਂ ਇੱਥੇ ਨਾ ਲੋਕਤੰਤਰ ਬਚਣ ਵਾਲਾ ਹੈ ਤੇ ਨਾ ਹੀ ਵਿਕਾਸ ਦੀ ਕਿਸੇ ਉਪਲੱਬਧੀ ਦਾ ਲਾਭ ਰਾਸ਼ਟਰ, ਯਾਨੀ ਉਸ ਦੀ ਵਿਆਪਕ ਆਬਾਦੀ ਨੂੰ ਮਿਲਣ ਵਾਲਾ ਹੈ। ਹੁਣ ਆਪਾਂ ਭਾਰਤ ਦੇ ਇਸ ਪਾਖੰਡੀ ਚਰਿੱਤਰ ਦਾ ਦੋਸ਼ ਦੋ ਸੌ ਸਾਲ ਦੀ ਅੰਗਰੇਜ਼ਾਂ ਦੀ ਗੁਲਾਮੀ 'ਤੇ ਪਾ ਕੇ ਨਹੀਂ ਬਚ ਸਕਦੇ। ਇਹ ਸਾਡਾ ਪੌਰਾਣਿਕ ਚਰਿੱਤਰ ਹੈ, ਜਿਸ ਵਿੱਚ ਇੱਕ ਪਾਸੇ ਅਦਵੈਤਵਾਦ ਹੈ, ਤਾਂ ਦੂਜੇ ਪਾਸੇ ਛੂਤਛਾਤ। ਇਸ ਤੋਂ ਉੱਭਰੇ ਬਿਨਾਂ ਭਾਰਤ ਦਾ ਕਲਿਆਣ ਨਹੀਂ ਹੈ।

## ਤੂੜੀ ਦੀ ਪੰਡ !

ਨਾ ਕਿਸੇ ਨੇ ਉਂਗਲ ਫੜਨੀ,
ਨਾ ਕਿਸੇ ਨੇ ਸਮਝਾਉਣਾ।
ਜ਼ਖ਼ਮੀ ਹੋਈਆਂ ਰੂਹਾਂ 'ਤੇ,
ਫੰਬਾ ਕਿਸੇ ਨੇ ਨਹੀਂ ਲਗਾਉਣਾ।
ਨੱਚਣ ਟੱਪਣ ਮਨ ਕਾ ਚਾਓ,
ਕਰਕੇ ਯਾਦ ਪਊ ਪਛਤਾਉਣਾ।
ਰੋਂਦੇ ਰੋਂਦੇ ਮਰ ਜਾਵੋਗੇ,
ਆ ਕੇ ਕਿਸੇ ਨੇ ਨਹੀਂ ਹਸਾਉਣਾ।
ਅੰਨ੍ਹੀ ਗਲੀ ਵਿੱਚ ਫਸ ਚੱਲੇ ਹੋ,
ਨਹੀਂ ਕਿਸੇ ਨੇ ਬਾਹਰ ਕਢਾਉਣਾ।
ਤੂੜੀ ਦੀ ਪੰਡ ਖਿਲਰ ਰਹੀ ਹੈ,
ਇੱਕ ਡੱਕਾ ਵੀ ਹੱਥ ਨੀ ਆਉਣਾ।
ਕੱਟੜਪੁਣੇ ਤੋਂ ਪਿੱਛੇ ਹਟ ਜਾਓ,
ਰਗਾਂ 'ਚ ਵਗਦਾ ਖ਼ੂਨ ਇੱਕੋ ਹੈ।
ਮਾਰਨ ਅਤੇ ਬਚਾਵਣ ਵਾਲਾ,
ਦੁਨੀਆ ਉੱਤੇ ਜਨੂੰਨ ਇੱਕੋ ਹੈ।

-ਗੁਲਪੁਰ

# ਪੰਜਾਬ ਵਿੱਚ ਮਾਹਰ ਸਿਹਤ ਸੇਵਾਵਾਂ

**ਡਾ. ਜਸਬੀਰ ਸਿੰਘ ਔਲਖ**

ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਆਪਣੇ ਸੈਕੰਡਰੀ ਪੱਧਰ ਦੇ ਹਸਪਤਾਲਾਂ ਵਿੱਚ ਪ੍ਰਾਈਵੇਟ ਡਾਕਟਰਾਂ ਦੀਆਂ ਸੇਵਾਵਾਂ ਲਵੇਗੀ, ਜਿਸ ਅਧੀਨ ਓ ਪੀ ਡੀ ਮਰੀਜ਼ ਵੇਖਣ ਲਈ ਪ੍ਰਤੀ ਮਰੀਜ਼ 100 ਰੁਪਏ ਅਤੇ ਐਮਰਜੈਂਸੀ ਕੇਸਾਂ ਦੀ ਦੇਖਭਾਲ ਲਈ ਰਾਤ ਨੂੰ ਸਰਕਾਰੀ ਹਸਪਤਾਲ ਵਿੱਚ ਦੌਰਾ ਕਰਨ ਲਈ ਪ੍ਰਾਈਵੇਟ ਡਾਕਟਰਾਂ ਨੂੰ ਇੱਕ ਹਜ਼ਾਰ ਰੁਪਏ ਦਿੱਤੇ ਜਾਣਗੇ।

ਮਾਹਰ ਸਿਹਤ ਸੇਵਾਵਾਂ ਸੰਬੰਧੀ ਕੋਈ ਗੱਲ ਕਰਨ ਤੋਂ ਪਹਿਲਾਂ ਪੰਜਾਬ ਦੇ ਸਰਕਾਰੀ ਸਿਹਤ ਢਾਂਚੇ 'ਤੇ ਇੱਕ ਸਰਸਰੀ ਨਜ਼ਰ ਮਾਰਨੀ ਜ਼ਰੂਰੀ ਹੈ। ਸਿਹਤ ਸੰਭਾਲ ਲਈ ਤਿੰਨ ਪੱਧਰ 'ਤੇ ਸਿਹਤ ਸੰਸਥਾਵਾਂ ਕੰਮ ਕਰਦੀਆਂ ਹਨ:

1. ਮੁੱਢਲੇ ਜਾਂ ਪ੍ਰਾਇਮਰੀ ਪੱਧਰ, ਜਿਸ ਵਿੱਚ ਹੈੱਲਥ ਤੰਦਰੁਸਤੀ ਸਿਹਤ ਕੇਂਦਰ, ਸਬ- ਸੈਂਟਰ , ਮੁੱਢਲੇ ਸਿਹਤ ਕੇਂਦਰ ਆਦਿ। ਮੁੱਢਲੇ ਸਿਹਤ ਪ੍ਰਬੰਧ ਦਾ ਕੇਂਦਰ ਬਿੰਦੂ ਇਲਾਜ ਦੀ ਰੋਕਥਾਮ ਹੁੰਦਾ ਹੈ, ਜਿਸ ਨੂੰ ਵੱਖਰੇ -ਵੱਖਰੇ ਕੌਮੀ ਸਿਹਤ ਪ੍ਰੋਗਰਾਮਾਂ ਰਾਹੀਂ ਅਮਲ ਵਿੱਚ ਲਿਆਂਦਾ ਜਾਂਦਾ ਹੈ।

2. ਦੂਸਰੇ ਜਾਂ ਸੈਕੰਡਰੀ ਪੱਧਰ ਦੇ ਸਿਹਤ ਪ੍ਰਬੰਧ ਵਿੱਚ ਮਾਹਰ ਸੇਵਾਵਾਂ ਪ੍ਰਮੁੱਖ ਹੁੰਦੀਆਂ ਹਨ, ਭਾਵੇਂ ਕਿ ਇਸ ਵਿੱਚ ਵੀ ਬਿਮਾਰੀ ਤੋਂ ਰੋਕਥਾਮ ਜਾਂ ਪ੍ਰਹੇਜ਼ ਸੰਬੰਧੀ ਸੇਵਾਵਾਂ, ਜਿਵੇਂ ਕਿ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਆਦਿ ਸ਼ਾਮਲ ਹੁੰਦੀਆਂ ਹਨ। ਸੈਕੰਡਰੀ ਪੱਧਰ ਦੀਆਂ ਸਿਹਤ ਸੇਵਾਵਾਂ ਵਿੱਚ ਕਮਿਊਨਿਟੀ ਸਿਹਤ ਕੇਂਦਰ (ਸੀ ਐੱਚ ਸੀ ), ਸਬ-ਡਵੀਜ਼ਨ ਪੱਧਰੀ ਹਸਪਤਾਲ ਅਤੇ ਜ਼ਿਲ੍ਹਾ ਹਸਪਤਾਲ ਸ਼ਾਮਲ ਹਨ । ਸੀ ਐੱਚ ਸੀ ਵਿੱਚ ਇੱਕ ਸੀਨੀਅਰ ਮੈਡੀਕਲ ਅਫ਼ਸਰ, ਇੱਕ ਦੰਦਾਂ ਦਾ ਮਾਹਰ, ਮੈਡੀਸਨ , ਸਰਜਰੀ, ਗਾਇਨੀ ਅਤੇ ਬੱਚਿਆਂ ਦੇ ਚਾਰ ਮਾਹਰ ਅਤੇ ਦੋ ਜਨਰਲ ਮੈਡੀਕਲ ਅਫ਼ਸਰ (ਐੱਮ ਬੀ ਬੀ ਐੱਸ) ਦੀਆਂ ਅਸਾਮੀਆਂ ਪ੍ਰਵਾਨਿਤ ਹਨ । ਇਹਨਾਂ ਸੀ ਐੱਚ ਸੀ ਵਿੱਚ ਜੱਚਾ ਸਮੇਤ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾਣ ਦਾ ਅਸੂਲੀ ਪ੍ਰਬੰਧ ਹੋਣਾ ਚਾਹੀਦਾ ਹੈ, ਪਰ ਪੰਜਾਬ ਦੇ ਸਾਰੇ ਸੀ ਐੱਚ ਸੀ ਸ਼ਾਇਦ ਇੱਕ-ਦੋ ਨੂੰ ਛੱਡ ਕੇ ਵਿੱਚ ਇਹ ਸਾਰੀਆਂ ਅਸਾਮੀਆਂ ਭਰੀਆਂ ਤਾਂ ਦੂਰ ਦੀ ਗੱਲ, ਬਲਕਿ ਇਹਨਾਂ ਬਹੁਤੀਆਂ ਸੰਸਥਾਵਾਂ ਵਿੱਚ ਇੱਕ ਵੀ ਮਾਹਰ ਡਾਕਟਰ ਨਹੀਂ ਹਨ ਅਤੇ ਨਾ ਹੀ ਚੌਵੀ ਘੰਟੇ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ।

ਸਬ-ਡਵੀਜ਼ਨ ਹਸਪਤਾਲਾਂ ਵਿੱਚ ਸਾਰੀਆਂ ਮਾਹਰ ਸੇਵਾਵਾਂ ਦੇ ਡਾਕਟਰਾਂ ਦੀ ਇੱਕ ਇੱਕ ਪੋਸਟ ਮਨਜ਼ੂਰਸ਼ੁਦਾ ਹੈ। ਜਨਰਲ ਮੈਡੀਕਲ ਅਫ਼ਸਰਾਂ ਦੀਆਂ ਵੀ ਪੋਸਟਾਂ ਜ਼ਿਆਦਾ ਹਨ। ਇਹਨਾਂ ਵਿੱਚ ਵੀ ਬਹੁਤ ਸਾਰੇ ਹਸਪਤਾਲਾਂ ਵਿੱਚ ਕਈ ਮਾਹਰ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਜ਼ਿਲ੍ਹਾ ਹਸਪਤਾਲਾਂ ਵਿੱਚ ਮਾਹਰ ਡਾਕਟਰਾਂ ਦੀਆਂ ਇੱਕ ਤੋਂ ਜ਼ਿਆਦਾ ਪੋਸਟਾਂ ਹਨ । ਜ਼ਿਲ੍ਹਾ ਹਸਪਤਾਲਾਂ ਵਿੱਚ ਬਲੱਡ ਬੈਂਕ, ਛੋਟੇ ਬੱਚਿਆਂ ਦੀ ਦੇਖਭਾਲ ਲਈ ਨਰਸਰੀ, ਨਸ਼ਾ ਛੁਡਾਊ ਕੇਂਦਰ, ਏਡਜ਼ ਕੰਟਰੋਲ ਸੈਂਟਰ, ਜਨ-ਔਸ਼ਧੀ ਕੇਂਦਰ ਆਦਿ ਸੇਵਾਵਾਂ ਵੀ ਹੁੰਦੀਆਂ ਹਨ।

3. ਤੀਸਰੀ ਪੱਧਰ ਦੇ ਹਸਪਤਾਲਾਂ ਵਿੱਚ ਮੈਡੀਕਲ ਕਾਲਜ ਆਉਂਦੇ ਹਨ, ਜਿੱਥੇ ਮੈਡੀਕਲ ਸਿੱਖਿਆ ਅਤੇ ਖੋਜ ਦਾ ਕੰਮ ਹੋਣਾ ਚਾਹੀਦਾ ਹੈ।

ਦੂਸਰੇ ਪੱਧਰ ਦੇ ਕੋਈ ਡੇਢ ਸੌ ਹਸਪਤਾਲਾਂ ਦਾ ਨਵੀਨੀਕਰਨ ਕਰਨ ਦਾ ਸਭ ਤੋਂ ਵੱਡਾ ਪ੍ਰੋਜੈਕਟ 1995 ਵਿੱਚ ਸੰਸਾਰ ਬੈਂਕ ਤੋਂ 418 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਸ਼ੁਰੂ ਕੀਤਾ ਗਿਆ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ ਇਹਨਾਂ ਡੇਢ ਸੌ ਹਸਪਤਾਲਾਂ ਵਿੱਚ ਦੂਸਰੇ ਪੱਧਰ ਦੀਆਂ ਸਾਰੀਆਂ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਲਈ ਸੰਸਾਰ ਬੈਂਕ ਦੀਆਂ ਸ਼ਰਤਾਂ ਮੰਨਣ ਕਰਕੇ ਹੀ ਹਸਪਤਾਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਮਰੀਜ਼ਾਂ ਤੋਂ ਯੂਜ਼ਰਜ਼ ਚਾਰਜਜ਼ ਦੇ ਅਧੀਨ ਪਹਿਲੀ ਵਾਰ ਪੇਡ ਵੀ ਕੀਤੀਆਂ ਗਈਆਂ ਸਨ। ਇਹਨਾਂ ਦੂਸਰੇ ਪੱਧਰ ਦੀਆਂ ਮਾਹਰ ਸਿਹਤ ਸੇਵਾਵਾਂ ਨੂੰ ਵੱਡੀ ਮਾਰ 2012 ਵਿੱਚ ਪਈ, ਜਦੋਂ ਪੰਜਾਬ ਸਰਕਾਰ ਨੇ ਮੁੱਢਲੇ ਡੇਢ ਸੌ ਹਸਪਤਾਲਾਂ ਵਿੱਚੋਂ ਪੰਜਾਹ ਹਸਪਤਾਲ ਬਾਹਰ ਕਰ ਦਿੱਤੇ ਅਤੇ ਕਿਹਾ ਕਿ ਹੁਣ ਪੰਜਾਬ ਸਰਕਾਰ ਸਿਰਫ਼ ਸੌ ਹਸਪਤਾਲਾਂ ਵਿੱਚ ਹੀ 'ਪੂਰੀਆਂ' ਸਿਹਤ ਸਹੂਲਤਾਂ ਦੇਵੇਗੀ। ਇਸ ਪਾਲਿਸੀ ਨੇ ਕਈ ਵਧੀਆ ਢੰਗ ਨਾਲ ਚੱਲ ਰਹੇ ਕਮਿਊਨਿਟੀ ਸਿਹਤ ਕੇਂਦਰ ਇੱਕ ਕਿਸਮ ਨਾਲ ਤਬਾਹ ਕਰ ਦਿੱਤੇ। ਇਸੇ ਸਮੇਂ ਦੌਰਾਨ ਹੀ ਦੂਸਰੀ ਮਾੜੀ ਗੱਲ ਇਹ ਕੀਤੀ ਗਈ ਕਿ ਜੋ ਸਰਕਾਰੀ ਪੀ ਸੀ ਐੱਮ ਐੱਸ ਡਾਕਟਰ ਐੱਮ ਡੀ ਜਾਂ ਐੱਮ ਐੱਸ ਕਰਨ ਲਈ ਤਿੰਨ ਸਾਲ ਲਈ ਬਕਾਇਦਾ ਬਾਂਡ ਭਰਕੇ ਕੋਰਸ ਕਰਨ ਜਾਂਦੇ ਸੀ, ਉਹਨਾਂ ਦੀ ਤਿੰਨ ਸਾਲ ਲਈ ਤਨਖਾਹ ਘਟਾ ਦਿੱਤੀ ਗਈ । ਹਾਈ ਕੋਰਟ ਵੱਲੋਂ ਡਾਕਟਰਾਂ ਦੇ ਪੱਖ ਵਿੱਚ ਫ਼ੈਸਲਾ ਹੋਣ ਦੇ ਬਾਵਜੂਦ ਸਰਕਾਰ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰਕੇ ਮਾਹਰ ਡਾਕਟਰਾਂ ਦੀ ਤਨਖਾਹ 'ਤੇ ਕੱਟ ਲਗਾਉਣ ਲਈ ਬਜ਼ਿੱਦ ਹੈ। ਇਸੇ ਸਮੇਂ ਦੌਰਾਨ ਹੀ ਸਰਕਾਰੀ ਡਾਕਟਰਾਂ ਨੂੰ ਤਿੰਨ ਸਾਲ ਲਈ ਮੁੱਢਲੀ ਤਨਖ਼ਾਹ ਤੇ ਭਰਤੀ ਕਰਨ ਦੀ ਸਕੀਮ ਸ਼ੁਰੂ ਕੀਤੀ ਗਈ, ਜਿਸ ਨੇ ਜਨਤਕ ਖੇਤਰ ਦੇ ਡਾਕਟਰਾਂ ਦੇ ਮਨੋਬਲ ਨੂੰ ਬੁਰੀ ਤਰ੍ਹਾਂ ਢਾਹ ਲਗਾਈ।

ਸਰਕਾਰ ਦੀ ਮੌਜੂਦਾ ਪਹਿਲ-ਕਦਮੀਂ ਦੂਸਰੇ ਪੱਧਰ ਦੇ ਹਸਪਤਾਲਾਂ ਸੀ ਐੱਚ ਸੀ, ਸਬ-ਡਵੀਜ਼ਨਲ ਅਤੇ ਜ਼ਿਲਾ ਹਸਪਤਾਲਾਂ ਵਿੱਚ ਮਾਹਰ ਡਾਕਟਰਾਂ ਦੀਆਂ ਸੇਵਾਵਾਂ ਲੈਣ ਸੰਬੰਧੀ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਮਾਹਰ ਡਾਕਟਰ ਚਾਰ ਤਰੀਕਿਆਂ ਨਾਲ ਭਰਤੀ ਹੁੰਦੇ ਹਨ।

ੳ. ਪਹਿਲਾ, ਵੱਧ ਪੁਰਾਣਾ ਅਤੇ ਪ੍ਰਵਾਨਿਤ ਤਰੀਕਾ ਉਹ ਹੈ, ਜਿਸ ਰਾਹੀਂ ਸਰਕਾਰ ਐੱਮ ਬੀ ਬੀ ਐੱਸ ਡਾਕਟਰਾਂ ਨੂੰ ਬਤੌਰ ਮੈਡੀਕਲ ਅਫਸਰ ਭਰਤੀ ਕਰਦੀ ਹੈ। ਇਹਨਾਂ ਮੈਡੀਕਲ ਅਫਸਰਾਂ ਲਈ ਤਿੰਨ ਤੋਂ ਪੰਜ ਸਾਲ ਪੇਂਡੂ ਖੇਤਰਾਂ ਵਿੱਚ ਸੇਵਾ ਕਰਨੀ ਜ਼ਰੂਰੀ ਹੈ (ਜਿਸ ਅਧੀਨ ਉਹ ਮੁੱਢਲੀ ਸਿਹਤ ਸੰਭਾਲ ਦਾ ਕੰਮ ਕਰਦੇ ਹਨ) ਅਤੇ ਉਸ ਤੋਂ ਬਾਅਦ ਇਹਨਾਂ ਡਾਕਟਰਾਂ ਨੂੰ ਪੋਸਟ ਗ੍ਰੈਜੂਏਸ਼ਨ ਜਾਂ ਮਾਹਰ ਕੋਰਸਾਂ ਵਿੱਚ ਦਾਖਲਾ ਲੈਣ ਲਈ ਸਰਕਾਰੀ ਕੋਟੇ ਅਧੀਨ ਪੂਰੀ ਤਨਖਾਹ ਅਤੇ ਬਾਕੀ ਲਾਭਾਂ ਸਮੇਤ ਮੈਡੀਕਲ ਕਾਲਜ ਵਿੱਚ ਭੇਜਿਆ ਜਾਂਦਾ ਸੀ। ਸਰਕਾਰੀ ਖਰਚੇ 'ਤੇ ਸਪੈਸ਼ਲਿਸਟ ਕੋਰਸ ਕਰਵਾਉਣ ਦੇ ਇਵਜ਼ ਵਜੋਂ ਦਸ ਸਾਲ ਦਾ ਬਾਂਡ ਵੀ ਭਰਾਇਆ ਜਾਂਦਾ ਹੈ ਕਿ ਇਹ ਡਾਕਟਰ ਮਾਹਰ ਡਾਕਟਰ ਵਜੋਂ ਦਸ ਸਾਲ ਸਰਕਾਰੀ ਹਸਪਤਾਲਾਂ ਵਿੱਚ ਸੇਵਾਵਾਂ ਦੇਣਗੇ। ਮਾਹਰ ਡਾਕਟਰਾਂ ਦੀ ਇਹ ਕੈਟਾਗਰੀ ਬਾਂਡ ਭਰਨ ਕਰਕੇ ਨਾ ਸਿਰਫ਼ ਲੰਬੇ ਸਮੇਂ ਲਈ ਮਹਿਰ ਸੇਵਾਵਾਂ ਹੀ ਦਿੰਦੀ ਹੈ, ਬਲਕਿ ਉਸ ਤੋਂ ਬਾਅਦ ਅਠਾਰਾਂ-ਵੀਹ ਸਾਲ ਦੀ ਨੌਕਰੀ ਤੋਂ ਬਾਅਦ ਪ੍ਰਬੰਧਕੀ ਪੋਸਟਾਂ 'ਤੇ ਵੀ ਕੰਮ ਕਰਦੀ ਹੈ।ਮਾਹਰ ਸੇਵਾਵਾਂ ਦੇ ਨਾਲ-ਨਾਲ ਇਹਨਾਂ ਡਾਕਟਰਾਂ ਨੂੰ ਐਮਰਜੈਂਸੀ, ਪੋਸਟਮਾਰਟਮ, ਵੀ ਵੀ ਆਈ ਪੀ ਡਿਊਟੀਆਂ ਅਤੇ ਮੈਡੀਕਲ ਬੋਰਡਾਂ ਦਾ ਬੋਝ ਵੀ ਉਠਾਉਣਾ ਪੈਂਦਾ ਹੈ। ਐਮਰਜੈਂਸੀ ਅਤੇ ਪੋਸਟਮਾਰਟਮ ਡਿਊਟੀਆਂ ਕਰਕੇ ਉਸ ਤੋਂ ਬਾਅਦ ਲੰਮੇ ਸਮੇਂ ਤੱਕ ਗਵਾਹੀਆਂ ਦੇ ਚੱਕਰ ਵਿੱਚ ਕੋਰਟ- ਕਚਹਿਰੀ ਦੇ ਗੇੜੇ ਵੀ ਆਪਣੇ ਖਰਚੇ 'ਤੇ ਕੱਢਣੇ ਪੈਂਦੇ ਹਨ। ਜੇਕਰ ਕਿਸੇ ਮਰੀਜ਼ ਨੂੰ ਬਦਕਿਸਮਤੀ ਨਾਲ ਕਿਸੇ ਉਲਝਣ (Complication) ਆ ਜਾਵੇ ਤਾਂ ਅਣਗਹਿਲੀ ਦੇ ਦੋਸ਼ਾਂ ਅਧੀਨ ਖਪਤਕਾਰ ਫੋਰਮਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਅ) ਮਾਹਰ ਡਾਕਟਰਾਂ ਦੀ ਦੂਸਰੀ ਕੈਟੇਗਰੀ ਨੈਸ਼ਨਲ ਹੈਲਥ ਮਿਸ਼ਨ ਤਹਿਤ ਭਰਤੀ ਕੰਟਰੈਕਟ ਆਧਾਰ 'ਤੇ ਕੀਤੀ ਜਾਂਦੀ ਹੈ, ਜਿਸ ਵਿੱਚ ਕੋਈ ਵੀ ਜਾਬ ਸੁਰੱਖਿਆ ਦੀ ਗਰੰਟੀ ਨਹੀਂ ਹੈ । ਵੈਸੇ ਵੀ ਇਹ ਕੈਟਾਗਰੀ ਦੇ ਨੌਜਵਾਨ ਡਾਕਟਰਾਂ ਦੇ ਆਮ ਕਰਕੇ ਆਪੋ ਆਪਣੇ ਸ਼ਹਿਰਾਂ ਵਿੱਚ ਪਰਿਵਾਰਕ ਕਲੀਨਿਕ ਹੁੰਦੇ ਹਨ। ਸੇਵਾ ਸ਼ਰਤਾਂ ਵਿੱਚ ਅਸੁਰੱਖਿਆ ਦੀ ਭਾਵਨਾ ਤਹਿਤ ਇਹ ਡਾਕਟਰਾਂ ਦਾ ਸਰਕਾਰੀ ਸਿਹਤ ਪ੍ਰਬੰਧ ਦਾ ਲੰਮਾ ਸਮਾਂ ਹਿੱਸਾ ਬਣੇ ਰਹਿਣਾ ਮੁਸ਼ਕਲ ਹੁੰਦਾ ਹੈ।

ੲ) ਤੀਸਰੀ ਕੈਟਾਗਰੀ ਵਿੱਚ ਮਾਹਰ ਡਾਕਟਰਾਂ ਨੂੰ ਹਰ ਮਹੀਨੇ ਵਾਕ ਇਨ ਇੰਟਰਵਿਊ ਰਾਹੀਂ ਪਚਾਸੀ ਹਜ਼ਾਰ ਰੁਪਏ ਪ੍ਰਤੀ ਮਹੀਨਾ 'ਤੇ ਭਰਤੀ ਕਰਨ ਦਾ ਵੀ ਰਿਵਾਜ ਰਿਹਾ ਹੈ, ਪਰ ਕਿਉਂਕਿ ਐੱਮ ਬੀ ਬੀ ਐੱਸ ਡਾਕਟਰਾਂ ਦੀ ਤਨਖ਼ਾਹ ਅੱਸੀ ਹਜ਼ਾਰ ਦੇ ਮੁਕਾਬਲੇ ਸਿਰਫ਼ ਪੰਜ ਹਜ਼ਾਰ ਰੁਪਏ ਵੱਧ ਦੇਣ ਨਾਲ ਇਹ ਸਕੀਮ ਵੀ ਆਖਰ ਸਾਹ ਤੋੜ ਗਈ।

ਸ) ਇਸ ਸਾਲ ਸਰਕਾਰ ਨੇ ਸੇਵਾ-ਮੁਕਤੀ ਪ੍ਰਾਪਤ ਕਰ ਚੁੱਕੇ ਮਾਹਰ ਸੀਨੀਅਰ ਮੈਡੀਕਲ ਅਫਸਰਾਂ ਜਾਂ ਡਿਪਟੀ ਡਾਇਰੈਕਟਰਾਂ ਨੂੰ ਪਹਿਲਾਂ ਸੌ ਅਤੇ ਫਿਰ ਪਚਾਸੀ ਪੋਸਟਾਂ ਕੱਢੀਆਂ। ਇਹਨਾਂ ਪਹਿਲੀਆਂ ਪ੍ਰਕਾਸ਼ਤ ਪੋਸਟਾਂ ਵਿੱਚ ਤਾਂ ਰਾਖਵੇਂਕਰਨ ਦੇ ਨੁਕਤੇ ਹੀ ਸਹੀ ਨਹੀਂ ਸਨ। ਫਿਰ ਇੱਕ ਸੀਨੀਅਰ ਮੈਡੀਕਲ ਅਫ਼ਸਰ ਜਾਂ ਡਿਪਟੀ ਡਾਇਰੈਕਟਰ ਪੱਧਰ ਦਾ ਸੇਵਾ-ਮੁਕਤ ਅਧਿਕਾਰੀ ਕੀ ਆਪਣੇ ਤੋਂ ਜੂਨੀਅਰ ਅਧਿਕਾਰੀ ਦੇ ਸਾਹਮਣੇ ਪੇਸ਼ ਹੋ ਕੇ ਆਪਣੀਂ ਹਾਜ਼ਰੀ ਲਗਾਏਗਾ, ਜੋ ਕਿ ਮਾਨਸਿਕ ਤੌਰ 'ਤੇ ਉਸ ਸੀਨੀਅਰ ਅਧਿਕਾਰੀ ਨੂੰ ਵੀ ਪ੍ਰੇਸ਼ਾਨ ਕਰੇਗਾ ਅਤੇ ਜੂਨੀਅਰ ਅਧਿਕਾਰੀ ਨੂੰ ਵੀ ਧਰਮ ਸੰਕਟ ਵਿੱਚ ਨਾ ਦੇਵੇਗਾ।ਇਸ ਤੋਂ ਇਲਾਵਾ ਸੇਵਾ-ਮੁਕਤ ਅਧਿਕਾਰੀ ਨੂੰ ਉਸ ਨੂੰ ਮਿਲਣ ਵਾਲੀ ਪੈਨਸ਼ਨ ਕੱਟ ਕੇ ਤਨਖਾਹ ਦਿੱਤੀ ਜਾਵੇਗੀ, ਜਦੋਂ ਕਿ ਪੈਨਸ਼ਨ ਤਾਂ ਕਿਸੇ ਵੀ ਕਰਮਚਾਰੀ ਜਾਂ ਅਧਿਕਾਰੀ ਨੂੰ ਉਸ ਵੱਲੋਂ ਆਪਣੀ ਜ਼ਿੰਦਗੀ ਦੇ ਬੇਹਤਰੀਨ ਸਾਲ ਕਿਸੇ ਸਰਕਾਰੀ ਮਹਿਕਮੇ ਦੇ ਲੇਖੇ ਲਾਉਣ ਦੇ ਇਵਜ਼ ਵਜੋਂ ਉਸ ਦਾ ਹੱਕ ਹੈ । ਇੱਕ ਹੋਰ ਪਹਿਲੂ ਵੀ ਕਾਬਲੇ.ਗੌਰ ਹੈ ਕਿ ਕਿਸੇ ਵੀ ਮਾਹਰ ਡਾਕਟਰ ਨੇ ਜਦੋਂ ਰਾਤ ਬਰਾਤੇ ਐਮਰਜੈਂਸੀ ਕਾਲ 'ਤੇ ਆਉਣਾ ਹੁੰਦਾ ਹੈ ਤਾਂ ਉਸ ਨੂੰ, ਖਾਸ ਕਰਕੇ ਜੇਕਰ ਉਹ ਔਰਤ ਮਾਹਰ ਡਾਕਟਰ ਹੈ ਤਾਂ ਕਿੰਨਾ ਮੁਸ਼ਕਿਲ ਹੁੰਦਾ ਹੈ, ਕਿਉਂਕਿ ਸਰਕਾਰੀ ਪੱਧਰ 'ਤੇ ਮਾਹਰ ਡਾਕਟਰਾਂ ਨੂੰ ਵੇਲੇ-ਕੁਵੇਲੇ ਘਰੋਂ ਲਿਆਉਣ ਦਾ ਕੋਈ ਪ੍ਰਬੰਧ ਨਹੀਂ ਅਤੇ ਇੱਕ ਸੇਵਾ-ਮੁਕਤ ਉਮਰ ਦਰਾਜ਼ ਮਾਹਰ ਡਾਕਟਰ ਐਮਰਜੈਂਸੀ ਕਾਲ ਕਿਵੇਂ ਅਟੈਂਡ ਕਰ ਸਕਦਾ ਹੈ।

ਹ) ਹੁਣ ਸਰਕਾਰ ਪ੍ਰਾਈਵੇਟ ਡਾਕਟਰਾਂ ਦੇ ਤਿਨਕੇ ਦੇ ਸਹਾਰੇ ਮਾਹਰ ਸਿਹਤ ਸੇਵਾਵਾਂ ਦੇਣ ਦੀ ਸਕੀਮ ਬਣਾਈ ਬੈਠੀ ਹੈ। ਇੱਥੇ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਨਤਕ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਸੱਭਿਆਚਾਰ ਦਾ ਬਹੁਤ ਹੀ ਜ਼ਿਆਦਾ ਪਾੜਾ ਹੈ। ਇੱਕ ਪ੍ਰਾਈਵੇਟ ਡਾਕਟਰ ਕਿਵੇਂ ਸਰਕਾਰੀ ਅਦਾਰੇ ਵਿੱਚ ਆਪਣੀਆਂ ਸੇਵਾਵਾਂ ਦੇ ਸਕਣਗੇ, ਸ਼ਾਇਦ ਇਸ ਸੰਬੰਧੀ ਸੋਚਿਆ ਹੀ ਨਾ ਗਿਆ ਹੋਵੇ।

ਉਪਰੋਕਤ ਵਿਚਾਰ-ਵਟਾਂਦਰੇ ਤੋਂ ਇੱਕ ਸਿੱਟਾ ਇਹੋ ਨਿਕਲਦਾ ਹੈ ਕਿ ਮਾਹਰ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਐੱਮ ਬੀ ਬੀ ਐੱਸ ਡਾਕਟਰਾਂ ਅਤੇ ਸਹਾਇਕ ਅਮਲੇ ਦੀਆਂ ਅਸਾਮੀਆਂ ਰੈਗੂਲਰ ਆਧਾਰ 'ਤੇ ਪੂਰੇ ਪੇ ਸਕੇਲ ਵਿੱਚ ਭਰੀਆਂ ਜਾਣ। ਇਹ ਐੱਮ ਬੀ ਬੀ ਐਸ ਡਾਕਟਰ ਹੀ ਅਸਲ ਵਿੱਚ ਜਨਤਕ ਸਿਹਤ ਪ੍ਰਬੰਧ ਦੀ ਰੀੜ੍ਹ ਦੀ ਹੱਡੀ ਹਨ, ਜਿਹਨਾਂ ਲੰਮੇ ਸਮੇਂ ਤੱਕ ਜਨਤਕ ਸਿਹਤ ਸੰਭਾਲ ਲਈ ਬਹੁਮੰਤਵੀ ਕਾਮਿਆਂ ਦੀ ਤਰ੍ਹਾਂ ਕੰਮ ਕਰਨਾਂ ਹੈ ।ਡੰਗ-ਟਪਾਊ ਜਾਂ ਆਰਜ਼ੀ ਪ੍ਰਬੰਧ ਕਦੇ ਵੀ ਵਧੀਆ ਨਤੀਜੇ ਨਹੀਂ ਦੇ ਸਕਦਾ।

**ਸੰਪਰਕ** -98728-44163

# ਸੜਕ ਹਾਦਸਿਆਂ 'ਚ ਹੋ ਰਿਹਾ ਲਗਾਤਾਰ ਵਾਧਾ ਚਿੰਤਾਜਨਕ



ਜਗਤਾਰ ਸਮਾਲਸਰ

ਪਿਛਲੇ ਸਾਲਾਂ ਤੋਂ ਭਾਰਤ ਵਿੱਚ ਸੜਕ ਦੁਰਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ । ਦੇਸ਼ ਵਿੱਚ ਲੋਕਾਂ ਵੱਲੋਂ ਟਰੈਫ਼ਿਕ ਨਿਯਮਾਂ ਨੂੰ ਨਾ ਅਪਣਾਉਣਾ ਅਤੇ ਵਾਹਨਾਂ ਦੀ ਗਿਣਤੀ ਵਿੱਚ ਹੋ ਰਿਹਾ ਨਿਰੰਤਰ ਵਾਧਾ ਇਸ ਦਾ ਮੁੱਖ ਕਾਰਨ ਹਨ । ਉਂਝ ਵੇਖਿਆ ਜਾਵੇ ਤਾਂ ਸੜਕ ਦੁਰਘਟਨਾਵਾ ਦੇ ਵਧਣ ਦਾ ਕੋਈ ਇੱਕ ਕਾਰਨ ਨਹੀ, ਸਗੋਂ ਅਨੇਕ ਅਜਿਹੇ ਕਾਰਨ ਹਨ, ਜਿਨ੍ਹਾਂ ਨਾਲ ਸੜਕ ਘਟਨਾਵਾਂ ਵਧ ਰਹੀਆਂ ਹਨ। ਸੜਕਾਂ ਨੂੰ ਬਣਾਉਂਦੇ ਸਮੇ ਵੀ ਇੱਥੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਾਰਨ ਇਹ ਨਿਰਧਾਰਤ ਮਾਪਦੰਡ ਅਨੁਸਾਰ ਬਣ ਹੀ ਨਹੀਂ ਪਾਉਂਦੀਆਂ । ਸੜਕ ਬਣਦਿਆਂ ਵੀ ਅਨੇਕ ਅਜਿਹੀਆਂ ਕਮੀਆ ਰਹਿ ਜਾਂਦੀਆਂ ਹਨ, ਜੋ ਬਾਅਦ ਵਿੱਚ ਦੁਰਘਟਨਾਵਾਂ ਦਾ ਕਾਰਨ ਬਣਦੀਆ ਹਨ । ਇਸ ਲਈ ਸੜਕ ਬਣਦੇ ਸਮੇਂ ਸਿਸਟਮ ਵਿੱਚ ਆ ਰਹੀਆਂ ਖਾਮੀਆਂ ਨੂੰ ਦੂਰ ਕਰਨਾ ਵੀ ਅਤਿ ਜ਼ਰੂਰੀ ਹੈ ।

ਭਾਰਤ ਦੀ ਗਿਣਤੀ ਹੁਣ ਅਜਿਹੇ ਦੇਸ਼ਾਂ ਵਿੱਚ ਹੋਣ ਲੱਗੀ ਹੈ, ਜੋ ਸੜਕ ਦੁਰਘਟਨਾਵਾਂ ਵਿੱਚ ਮੋਹਰੀ ਹਨ। ਸੰਘਣੀ ਅਬਾਦੀ ਵਾਲੇ ਭਾਰਤ ਵਿੱਚ ਅੱਜ ਇਹ ਸਮੱਸਿਆ ਪੂਰੀ ਤਰ੍ਹਾਂ ਗੰਭੀਰ ਬਣ ਚੁੱਕੀ ਹੈ ਕਿ ਸਫ਼ਰ ਕਿਵੇਂ ਸੁਰੱਖਿਅਤ ਹੋਵੇ ? ਸੜਕੀ ਹਾਦਸੇ ਕਿਵੇ ਘੱਟ ਹੋਣ ? ਸੜਕ ਤੇ ਜ਼ਿੰਦਗੀਆਂ ਕਿਵੇਂ ਸੁਰੱਖਿਅਤ ਹੋਣ ? ਅੰਕੜਿਆਂ ਅਨੁਸਾਰ ਭਾਰਤ ਵਿੱਚ ਬਹੁਤੇ ਸੜਕੀ ਹਾਦਸੇ ਦੋ ਪਹੀਆ ਵਾਹਨਾਂ ਨਾਲ ਜਾ ਉਨ੍ਹਾਂ ਕਾਰਨ ਵਾਪਰਦੇ ਹਨ । ਭਾਵੇ ਟਰੈਫ਼ਿਕ ਪੁਲਸ ਵੱਲੋਂ ਦੋ-ਪਹੀਆ ਵਾਹਨ ਚਾਲਕਾਂ ਨੂੰ ਵਾਹਨ ਚਲਾਉਂਦੇ ਸਮੇਂ ਹੈਲਮੈਟ ਦਾ ਪ੍ਰਯੋਗ ਕਰਨ ਅਤੇ ਦੋ ਪਹੀਆ ਵਾਹਨਾਂ 'ਤੇ ਤੀਜੀ ਸਵਾਰੀ ਤੋਂ ਰੋਕਣ ਲਈ ਸਮੇਂ-ਸਮੇਂ 'ਤੇ ਸਮਝਾਇਆ ਜਾਂਦਾ ਹੈ, ਪਰ ਇਹ ਸਮੱਸਿਆ ਇਕੱਲੇ ਪੁਲਸ ਪ੍ਰਸ਼ਾਸਨ ਦੀ ਮੁਸਤੈਦੀ ਨਾਲ ਹੀ ਹੱਲ ਨਹੀ ਹੋ ਸਕਦੀ।

ਵੇਖਣ ਵਿੱਚ ਆਉਦਾ ਹੈ ਕਿ ਦੋ ਪਹੀਆ-ਵਾਹਨ ਅਕਸਰ ਹੀ ਛੋਟੀ-ਛੋਟੀ ਉਮਰ ਦੇ ਬੱਚਿਆਂ ਵੱਲੋਂ ਵੀ ਚਲਾਏ ਜਾ ਰਹੇ ਹਨ। ਇੱਥੇ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਹੀ ਦੋ-ਪਹੀਆ ਵਾਹਨ ਦੇ ਕੇ ਸਿੱਧੇ ਸੜਕਾਂ 'ਤੇ ਨਾ ਭੇਜਣ, ਸਗੋਂ ਕਿਸੇ ਵਧੀਆ ਡਰਾਈਵਿੰਗ ਸਕੂਲ ਵਿੱਚ ਟਰੇਨਿੰਗ ਦਿਵਾ ਕੇ ਹੀ ਉਨ੍ਹਾਂ ਨੂੰ ਸੜਕਾਂ 'ਤੇ ਉਤਾਰਿਆ ਜਾਵੇ। ਇਸ ਨਾਲ ਜਿੱਥੇ ਬੱਚਿਆਂ ਵਿੱਚ ਟਰੈਫ਼ਿਕ ਨਿਯਮਾਂ ਪ੍ਰਤੀ ਗਿਆਨ ਹੋਵੇਗਾ, ਉੱਥੇ ਹੀ ਉਹ ਇਨ੍ਹਾਂ ਨਿਯਮਾਂ ਨੂੰ ਵੀ ਅਸਾਨੀ ਨਾਲ ਅਪਣਾਉਣ ਦੇ ਕਾਬਲ ਬਣਨਗੇ । ਬਿਨਾਂ ਕਿਸੇ ਟਰੇਨਿੰਗ ਅਤੇ ਨਬਾਲਗ ਬੱਚਿਆਂ ਨੂੰ ਸਿੱਧਾ ਸੜਕ 'ਤੇ ਵਾਹਨ ਚਲਾਉਣ ਦੀ ਆਗਿਆ ਦੇਣਾ ਜਿੱਥੇ ਮੌਤ ਨੂੰ ਸੱਦਾ ਦੇਣ ਵਾਲੀ ਗੱਲ ਹੈ, ਉੱਥੇ ਹੀ ਇਹ ਕਿਸੇ ਹੋਰ ਲਈ ਵੀ ਵੱਡੇ ਹਾਦਸੇ ਦਾ ਕਾਰਨ ਬਣ ਸਕਦੇ ਹਨ। ਸਕੂਲ ਪ੍ਰਬੰਧਕਾਂ ਅਤੇ ਟਰੈਫ਼ਿਕ ਪੁਲਸ ਨੂੰ ਚਾਹਿਦਾ ਹੈ ਕਿ ਉਹ ਬੱਚਿਆ ਵਿੱਚ ਟਰੈਫ਼ਿਕ ਨਿਯਮਾਂ ਦੀ ਪਾਲਣਾ ਲਈ ਜਾਗਰੂਕਤਾ ਕੈਂਪ ਲਗਾਉਣ ਅਤੇ ਬੱਚਿਆਂ ਨੂੰ ਬਿਨਾਂ ਟਰੇਨਿੰਗ ਵਾਹਨ ਸੜਕ 'ਤੇ ਨਾ ਚਲਾਉਣ ਲਈ ਜਾਗਰੂਕ ਕਰਨ । ਸਮਾਜ ਸੇਵੀ ਸੰਸਥਾਵਾਂ ਵੀ ਅਜਿਹੇ ਜਾਗਰੂਕਤਾ ਕੈਂਪ ਲਗਾ ਕੇ ਬੱਚਿਆਂ ਨੂੰ ਟਰੈਫ਼ਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਦੀਆਂ ਹਨ ।

ਵਰਲਡ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਅਨੁਸਾਰ 40 ਪ੍ਰਤੀਸ਼ਤ ਹਾਦਸੇ ਲਾਪਰਵਾਹੀ ਕਾਰਨ ਵਾਪਰਦੇ ਹਨ । ਟਰੈਫ਼ਿਕ ਨਿਯਮਾਂ ਦੀ ਪਾਲਣਾ ਸੜਕ 'ਤੇ ਵੇਖਣ ਵਿੱਚ ਨਹੀ ਆ ਰਹੀ । ਜਿੰਨਾ ਸਮਾਂ ਹਰ ਵਾਹਨ ਚਾਲਕ ਲਾਪਰਵਾਹੀ ਵਰਤਣ ਤੋਂ ਗੁਰੇਜ਼ ਨਹੀ ਕਰੇਗਾ, ਉਸ ਸਮੇਂ ਤੱਕ ਸੜਕੀ ਹਾਦਸਿਆਂ ਨੂੰ ਰੋਕਣਾ ਸੰਭਵ ਨਹੀ । ਇਸ ਲਈ ਜ਼ਰੂਰੀ ਹੈ ਕਿ ਸਰਕਾਰ ਜਾਂ ਹੋਰ ਜ਼ਿੰਮੇਵਾਰ ਸੰਸਥਾਵਾਂ, ਸਕੂਲਾਂ ਅਤੇ ਟਰੈਫ਼ਿਕ ਪੁਲਸ ਦੇ ਨਾਲ-ਨਾਲ ਇਨ੍ਹਾਂ ਸੜਕੀ ਹਾਦਸਿਆਂ ਨੂੰ ਰੋਕਣ ਲਈ ਆਮ ਲੋਕਾਂ ਦੀ ਹਿੱਸੇਦਾਰੀ ਜਿਨ੍ਹਾਂ ਸਮਾਂ ਜਰੂਰੀ ਨਹੀ ਹੁੰਦੀ ਓਨਾ ਸਮਾਂ ਸੜਕੀ ਹਾਦਸਿਆਂ ਨੂੰ ਰੋਕਣਾ ਵੀ ਸੰਭਵ ਨਹੀਂ।

ਸਰਦੀ ਦੇ ਮੌਸਮ ਵਿੱਚ ਸੜਕੀ ਹਾਦਸੇ ਜ਼ਿਆਦਾ ਵਾਪਰਦੇ ਹਨ, ਜਿਸ ਦਾ ਮੁੱਖ ਕਾਰਨ ਧੁੰਦ ਵਿੱਚ ਗੱਡੀਆਂ ਦੀ ਤੇਜ ਰਫਤਾਰ ਜਾਂ ਡਿਪਰ ਆਦਿ ਦਾ ਪ੍ਰਯੋਗ ਨਾ ਕਰਨਾ ਹੈ। ਅਜਿਹੇ ਮੌਸਮ ਵਿੱਚ ਪੁਲਸ ਪ੍ਰਸ਼ਾਸਨ ਵੱਲੋਂ ਵੀ ਸਮੇਂ-ਸਮੇਂ 'ਤੇ ਵਾਹਨ ਚਾਲਕਾਂ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਧੁੰਦ ਦੇ ਮੌਸਮ ਵਿੱਚ ਸੜਕ 'ਤੇ ਵਾਹਨ ਚਲਾਉਂਦੇ ਸਮੇਂ ਇੱਕ-ਦੂਸਰੇ ਤੋਂ ਫਾਸਲਾ ਰੱਖਣ ਲਈ ਵੀ ਗਾਈਡ ਲਾਈਨ ਜਾਰੀ ਹੁੰਦੀ ਹੈ, ਪਰ ਵੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਵਾਹਨ ਚਾਲਕ ਫਿਰ ਵੀ ਲਾਪਰਵਾਹੀ ਵਰਤਦੇ ਹਨ, ਜਿਨ੍ਹਾਂ ਕਾਰਨ ਸੜਕਾਂ 'ਤੇ ਆਏ ਦਿਨ ਹੀ ਹਾਦਸੇ ਵਾਪਰਦੇ ਰਹਿੰਦੇ ਹਨ। ਇਸ ਲਈ ਜ਼ਰੂਰੀ ਹੈ ਖਾਸਕਰ ਸਰਦੀ ਦੇ ਮੌਸਮ ਵਿੱਚ ਵਾਹਨ ਚਲਾਉਂਦੇ ਸਮੇਂ ਜਿੱਥੇ ਟਰੈਫਿਕ ਨਿਯਮਾਂ ਦੀ ਪੂਰੀ ਸ਼ਿੱਦਤ ਨਾਲ ਪਾਲਣਾ ਕੀਤੀ ਜਾਵੇ, ਉੱਥੇ ਲਾਪਰਵਾਹੀ ਤੋਂ ਵੀ ਬਚਿਆ ਜਾਵੇ, ਕਿਉਕਿ ਜ਼ਿੰਦਗੀ ਬਹੁਤ ਕੀਮਤੀ ਹੈ।

**# ਸੰਪਰਕ : 94670-95953**

# ਜਨਮ ਦਿਨ 'ਤੇ ਵਿਸ਼ੇਸ਼ — ਪਹਿਲੀ ਮਹਿਲਾ ਅਧਿਆਪਕਾ ਸਵਿਤਰੀ ਬਾਈ ਫੂਲੇ

**ਕੁਲਦੀਪ ਚੰਦ ਦੋਭੇਟਾ**

ਪਹਿਲੀ ਮਹਿਲਾ ਅਧਿਆਪਕਾ ਸਾਵਿਤਰੀ ਬਾਈ ਫੂਲੇ ਦਾ ਜਨਮ 03 ਜਨਵਰੀ 1831 ਨੂੰ ਮਹਾਂਰਾਸਟਰ ਦੇ ਸਤਾਰਾ ਜ਼ਿਲ੍ਹੇ ਦੇ ਪਿੰਡ ਨਾਇਗਾਓਂ ਵਿੱਚ ਪਿਤਾ ਖੰਦੋਜੀ ਨੇਵਸੇ ਪਾਟਿਲ ਅਤੇ ਮਾਤਾ ਲਕਸ਼ਮੀ ਦੇ ਘਰ ਹੋਇਆ। ਉਹ ਪਰਵਾਰ ਦੀ ਸਭ ਤੋਂ ਵੱਡੀ ਧੀ ਸੀ ਅਤੇ ਪਰਵਾਰ ਖੇਤੀਬਾੜੀ ਕਰਦਾ ਸੀ । 09 ਸਾਲ ਦੀ ਉਮਰ ਵਿੱਚ ਉਸ ਦਾ ਵਿਆਹ 13 ਸਾਲਾ ਮਾਲੀ ਪਰਵਾਰ ਨਾਲ ਸੰਬੰਧਤ ਜੋਤੀਬਾ ਫੂਲੇ ਨਾਲ ਹੋਇਆ ਅਤੇ ਵਿਆਹ ਤੋਂ ਬਾਦ ਉਹ ਆਪਣੇ ਪਤੀ ਨਾਲ ਪੂਨੇ ਆ ਗਈ। ਵਿਆਹ ਤੋਂ ਪਹਿਲਾਂ ਉਹ ਅਨਪੜ੍ਹ ਸੀ, ਪਰ ਉਸ ਦੇ ਪਤੀ ਜੋਤੀਬਾ ਫੂਲੇ ਨੇ ਉਸ ਨੂੰ ਪੜ੍ਹਾਇਆ। ਉਸ ਨੇ ਪੂਨੇ ਅਤੇ ਅਹਿਮਦਨਗਰ ਵਿੱਚ ਅਧਿਆਪਕਾ ਦੀ ਟਰੇਨਿਗ ਲਈ ਅਤੇ ਇੱਕ ਯੋਗ ਅਧਿਆਪਕਾ ਬਣੀ। ਉਸ ਵੇਲੇ ਬਾਲ-ਵਿਆਹ ਪ੍ਰਥਾ, ਸਤੀ, ਲੜਕੀਆ ਨੂੰ ਜੰਮਦੇ ਹੀ ਮਾਰ ਦੇਣ, ਵਿਧਵਾ ਇਸਤਰੀ ਦੇ ਨਾਲ ਗੈਰ-ਮਨੁੱਖੀ ਵਤੀਰਾ, ਬੇਮੇਲ ਵਿਆਹ, ਬਹੁਪਤਨੀ ਵਿਆਹ ਆਦਿ ਕੁਪ੍ਰਥਾਵਾਂ ਸਿਖਰ 'ਤੇ ਸਨ। ਉਸ ਨੇ ਨਾ ਸਿਰਫ਼ ਸਿੱਖਿਆ ਲਈ ਲੜਾਈ ਲੜੀ, ਸਗੋਂ ਉਨ੍ਹਾਂ ਨੇ ਦੇਸ਼ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਵੀ ਆਵਾਜ਼ ਉਠਾਈ। ਉਸ ਨੇ ਛੂਤ-ਛਾਤ, ਬਾਲ-ਵਿਆਹ, ਸਤੀ ਪ੍ਰਥਾ ਅਤੇ ਵਿਧਵਾ ਪੁਨਰ-ਵਿਆਹ ਦੀ ਮਨਾਹੀ ਵਰਗੀਆਂ ਬੁਰਾਈਆਂ ਦਾ ਵਿਰੋਧ ਕੀਤਾ ਅਤੇ ਸਾਰੀ ਉਮਰ ਔਰਤਾਂ ਦੇ ਹੱਕਾਂ ਲਈ ਲੜਦੀ ਰਹੀ। ਉਸਨੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। ਉਨ੍ਹਾਂ ਦੇ ਇਸ ਸਮਾਜਿਕ ਅੰਦੋਲਨ ਦੇ ਵਿਰੋਧ ਨੂੰ ਵੇਖ ਕੇ 1849 ਵਿੱਚ ਪਿਤਾ ਨੇ ਉਨ੍ਹਾਂ ਨੂੰ ਅਪਣੇ ਘਰੋਂ ਕੱਢ ਦਿਤਾ। ਉਸ ਤੋਂ ਬਾਅਦ ਜੋਤੀਬਾ ਰਾਓ ਫੂਲੇ ਅਪਣੇ ਇੱਕ ਦੋਸਤ ਉਸਮਾਨ ਸ਼ੇਖ ਦੇ ਪਰਵਾਰ ਕੋਲ ਚਲੇ ਗਏ। ਉੱਥੇ ਹੀ ਸਾਵਿਤਰੀ ਬਾਈ ਫਾਤਿਮਾ ਬੇਗਮ ਸ਼ੇਖ ਨਾਂਅ ਦੀ ਕਰੀਬੀ ਦੋਸਤ ਅਤੇ ਸਹਿਯੋਗੀ ਨੂੰ ਮਿਲੀ, ਜੋ ਕਿ ਪੜ੍ਹਨਾ-ਲਿਖਣਾ ਜਾਣਦੀ ਸੀ ਅਤੇ ਉਸ ਦਾ ਭਰਾ ਉਸਮਾਨ, ਜੋ ਕਿ ਜੋਤੀਬਾ ਦਾ ਦੋਸਤ ਸੀ, ਨੇ ਫਾਤਿਮਾ ਨੂੰ ਅਧਿਆਪਕ ਸਿਖਲਾਈ ਕੋਰਸ ਕਰਨ ਲਈ ਉਤਸ਼ਾਹਿਤ ਕੀਤਾ। ਸਾਵਿਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਅਤੇ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ। 03 ਜਨਵਰੀ 1848 ਨੂੰ ਪੂਨੇ ਵਿੱਚ ਉਸ ਨੇ ਅਪਣੇ ਪਤੀ ਨਾਲ ਮਿਲ ਕੇ ਵੱਖ-ਵੱਖ ਜਾਤਾਂ ਦੀਆਂ 09 ਲੜਕੀਆਂ ਲਈ ਪਹਿਲਾ ਸਕੂਲ ਚਲਾਇਆ ਅਤੇ ਇੱਕ ਸਾਲ ਵਿੱਚ ਹੀ 05 ਸਕੂਲ ਖੋਲ੍ਹ ਦਿੱਤੇ। ਸਾਲ 1850 ਵਿੱਚ ਬਿਮਾਰੀ ਦੀ ਹਾਲਤ ਵਿੱਚ ਸਾਵਿਤਰੀ ਬਾਈ ਫੂਲੇ ਨੂੰ ਮਾਪਿਆਂ ਦੇ ਘਰ ਆਉਣਾ ਪਿਆ। ਸਾਵਿਤਰੀਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਦੋ ਵਿੱਦਿਅਕ ਟਰੱਸਟਾਂ ਦੀ ਸਥਾਪਨਾ ਕੀਤੀ। ਸਾਲ 1851 ਦੇ ਅੰਤ ਤੱਕ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਪੂਨਾ ਵਿੱਚ ਲੜਕੀਆਂ ਲਈ ਤਿੰਨ ਵੱਖ-ਵੱਖ ਸਕੂਲ ਖੋਲ੍ਹੇ, ਜਿਨ੍ਹਾਂ ਵਿੱਚ ਲੱਗਭੱਗ ਡੇਢ ਸੌ ਵਿਦਿਆਰਥੀ ਦਾਖਲ ਹੋਏ। ਸਾਲ 1848 ਤੋਂ ਲੈ ਕੇ 1852 ਦੌਰਾਨ ਉਸ ਨੇ ਆਪਣੇ ਪਤੀ ਨਾਲ ਮਿਲ ਕੇ ਕੁੜੀਆ ਲਈ 18 ਸਕੂਲ ਖੋਲੇ। ਉਸ ਨੇ ਮਹਿਲਾਵਾਂ ਲਈ ਵਿਧਵਾ ਵਿਆਹ ਕਰਵਾਉਣ, ਛੂਆਛਾਤ ਮਿਟਾਉਣ, ਔਰਤਾਂ ਦੀ ਮੁਕਤੀ ਅਤੇ ਦਲਿਤ ਔਰਤਾਂ ਨੂੰ ਸਿੱਖਿਅਤ ਕਰਨ ਲਈ ਜ਼ੋਰਦਾਰ ਸੰਘਰਸ਼ ਕੀਤਾ। ਸਾਲ 1852 ਵਿੱਚ 16 ਨਵੰਬਰ ਨੂੰ ਬ੍ਰਿਟਿਸ਼ ਸਰਕਾਰ ਨੇ ਫੂਲੇ ਪਰਵਾਰ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕੀਤਾ ਅਤੇ ਸਾਵਿਤਰੀ ਬਾਈ ਨੂੰ ਸਰਵੋਤਮ ਅਧਿਆਪਕ ਦਾ ਨਾਂਅ ਦਿੱਤਾ ਗਿਆ। ਫੂਲੇ ਜੋੜੇ ਵੱਲੋਂ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰਾਂ ਵਿੱਚ ਚਲਾਏ ਗਏ ਸਕੂਲਾਂ ਵਿੱਚ ਨਹੀਂ ਮਿਲਦੀ ਸੀ। ਉਹ ਵਿਧਵਾਵਾਂ ਲਈ ਆਸ਼ਰਮ ਵਿੱਚ ਉਨ੍ਹਾਂ ਦੇ ਬੱਚਿਆ ਨੂੰ ਸੰਭਾਲਦੀ ਸੀ। ਉਸ ਨੇ ਮਾਪਿਆਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਮਾਪੇ-ਅਧਿਆਪਕ ਮੀਟਿੰਗਾਂ ਦਾ ਆਯੋਜਨ ਕੀਤਾ, ਤਾਂ ਜੋ ਉਹ ਆਪਣੇ ਬੱਚਿਆ ਨੂੰ ਨਿਯਮਤ ਤੌਰ 'ਤੇ ਸਕੂਲ ਭੇਜਣ। ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆ ਲਈ ਆਸ਼ਰਮ ਬਣਾਇਆ ਅਤੇ ਅਛੂਤਾਂ ਲਈ ਪਾਣੀ ਦੇ ਸ੍ਰੋਤ ਲਈ ਆਪਣਾ ਘਰ ਖੋਲ੍ਹ ਦਿੱਤਾ। ਉਸ ਦੀ ਮੁਹਿੰਮ ਨੂੰ ਰੂੜ੍ਹੀਵਾਦੀ ਵਿਚਾਰਧਾਰਾ ਵਾਲੇ ਸਥਾਨਕ ਲੋਕਾਂ ਦੇ ਕੱਟੜ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਅਕਸਰ ਇੱਕ ਵਾਧੂ ਸਾੜ੍ਹੀ ਲੈ ਕੇ ਆਪਣੇ ਸਕੂਲ ਜਾਂਦੀ ਸੀ, ਕਿਉਂਕਿ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ, ਚਿੱਕੜ ਆਦਿ ਸੁੱਟਿਆ ਜਾਂਦਾ ਸੀ। ਉਨ੍ਹਾਂ ਨੂੰ ਸ਼ੂਦਰ ਵਰਗ ਨਾਲ ਸੰਬੰਧਿਤ ਹੋਣ ਕਾਰਨ ਪਾਖੰਡੀਆਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰੰਤੂ ਉਨ੍ਹਾਂ ਆਪਣਾ ਅੰਦੋਲਨ ਲਗਾਤਾਰ ਜਾਰੀ ਰੱਖਿਆ। ਉਸ ਨੇ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਤ ਕਰਨ ਲਈ ਕਈ ਕਦਮ ਚੁੱਕੇ ਅਤੇ ਅਪਣੇ ਪਤੀ ਨਾਲ ਮਿਲ ਕੇ 'ਸਤਿਆਸ਼ੋਧਕ ਸਮਾਜ' ਦੀ ਸਥਾਪਨਾ ਕੀਤੀ। ਇੱਕ ਉੱਚ ਜਾਤੀ ਦੀ ਵਿਧਵਾ ਮਹਿਲਾ ਕਾਸ਼ੀਬਾਈ ਵਿਧਵਾ ਹੋਣ ਦੇ ਬਾਵਜੂਦ ਵੀ ਗਰਭਵਤੀ ਸੀ ਅਤੇ ਉਹ ਲੋਕਾਂ ਦੇ ਗੁੱਸੇ ਤੋਂ ਡਰ ਕੇ ਆਤਮਹੱਤਿਆ ਕਰਨ ਵਾਲੀ ਸੀ, ਪਰ ਸਾਵਿਤਰੀ ਬਾਈ ਨੇ ਉਸ ਨੂੰ ਇਹ ਭਿਆਨਕ ਕਦਮ ਚੁੱਕਣ ਤੋਂ ਰੋਕ ਦਿੱਤਾ। ਉਹ ਕਾਸ਼ੀਬਾਈ ਦੇ ਘਰ ਆਈ ਅਤੇ ਇੱਥੇ ਹੀ ਇੱਕ ਲੜਕੇ ਨੂੰ ਜਨਮ ਦਿੱਤਾ, ਜਿਸ ਦਾ ਨਾਂਅ ਯਸ਼ਵੰਤ ਰੱਖਿਆ, ਜਿਸ ਨੂੰ 1874 ਵਿੱਚ ਜੋਤੀਬਾ ਰਾਓ ਫੂਲੇ ਅਤੇ ਸਾਵਿਤਰੀ ਬਾਈ ਨੇ ਗੋਦ ਲਿਆ ਅਤੇ ਯਸ਼ਵੰਤ ਰਾਓ ਵੱਡਾ ਹੋ ਕੇ ਡਾਕਟਰ ਬਣ ਗਿਆ। ਸਾਲ 1890 ਵਿੱਚ ਪਤੀ ਦੀ ਮੌਤ ਹੋ ਗਈ ਅਤੇ ਉਸ ਨੇ ਆਪ ਆਪਣੇ ਪਤੀ ਦਾ ਸੰਸਕਾਰ ਕੀਤਾ। ਪਤੀ ਦੀ ਮੌਤ ਤੋਂ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿਤਰੀ ਬਾਈ ਫੂਲੇ ਨੇ ਹੀ ਦੇਖਿਆ। ਸਾਵਿਤਰੀ ਬਾਈ ਅਤੇ ਗੋਦ ਲਏ ਪੁੱਤਰ ਯਸ਼ਵੰਤ ਨੇ 1897 ਵਿੱਚ ਪਲੇਗ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਇੱਕ ਕਲੀਨਿਕ ਖੋਲ੍ਹਿਆ। ਪਲੇਗ ਦੇ ਮਰੀਜ਼ਾਂ ਦੀ ਦੇਖਭਾਲ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫ਼ਤ ਵਿਚ ਆ ਗਈ ਅਤੇ 10 ਮਾਰਚ 1897 ਨੂੰ ਉਸ ਦੀ ਮੌਤ ਹੋਈ। ਸਾਵਿਤਰੀਬਾਈ ਫੂਲੇ ਇੱਕ ਲੇਖਕ ਅਤੇ ਕਵੀ ਵੀ ਸੀ। ਉਸ ਨੇ ਔਰਤਾਂ ਦੀ ਸਮਾਜਿਕ ਸਥਿਤੀ 'ਤੇ ਕਈ ਕਵਿਤਾਵਾਂ ਲਿਖੀਆ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਦਾਰ ਧਰਮ, ਜਾਤੀ ਅਤੇ ਪਿੱਤਰੀ ਸੱਤਾ 'ਤੇ ਤਿੱਖਾ ਹਮਲਾ ਕੀਤਾ। ਉਸ ਦੇ ਦੋ ਕਾਵਿ-ਸੰਗ੍ਰਹਿ 'ਕਾਵਯਾ ਫੂਲੇ' ਅਤੇ ਦੂਸਰਾ 'ਬਾਵਨ ਕਾਸ਼ੀ ਸੁਬੋਧ ਰਤਨਾਕਰ' ਛਪੇ। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖਿਲਾਫ਼ ਲਿਖਿਆ ਗਿਆ ਹੈ। ਦੂਜਾ ਕਾਵਿ ਸੰਗ੍ਰਹਿ 'ਬਾਵਨਕਸ਼ੀ ਸੁਬੋਧ ਰਤਨਾਕਰ' ਸਮੁੱਚੇ ਤੌਰ 'ਤੇ ਜਯੋਤੀ ਰਾਉ ਫੂਲੇ ਨੂੰ ਸਮਰਪਿਤ ਹੈ, ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ ਕਾਵਿ ਦਾ ਰੂਪ ਦਿੱਤਾ ਗਿਆ ਹੈ। ਸਾਵਿਤਰੀ ਬਾਈ ਫੂਲੇ ਦੀ ਸਾਰੀ ਰਚਨਾ ਮਰਾਠੀ ਵਿਚ ਹੈ। ਤਿੰਨ ਖ਼ੱਤ ਪੰਜਾਬੀ ਵਿੱਚ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ ਅਤੇ ਕਵਿਤਾਵਾਂ ਬਾਰੇ ਕੁਝ ਲੇਖ ਹਿੰਦੀ ਵਿਚ ਆਏ ਹਨ। ਸਾਵਿਤਰੀ ਬਾਈ ਦੇ ਅਣਥੱਕ ਯਤਨ ਅਤੇ ਉਨ੍ਹਾ ਦੁਆਰਾ ਚਲਾਏ ਗਏ ਚੰਗੇ ਸੁਧਾਰਾਂ ਲਈ ਮੁਹਿੰਮ ਦੀ ਅਮੀਰ ਵਿਰਾਸਤ ਆਣ ਵਾਲੀਆਂ ਪੀੜ੍ਹੀਆ ਨੂੰ ਪ੍ਰੇਰਿਤ ਕਰਦੀ ਰਹੇਗੀ। ਸਾਲ1983 ਵਿੱਚ ਪੁਣੇ ਸਿਟੀ ਕਾਰਪੋਰੇਸ਼ਨ ਦੁਆਰਾ ਉਸ ਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਹੈ। ਭਾਰਤੀ ਡਾਕ ਵਿਭਾਗ ਨੇ 10 ਮਾਰਚ 1998 ਨੂੰ ਉਸ ਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਹੈ। ਸਾਲ 2015 ਵਿੱਚ ਪੁਣੇ ਯੂਨੀਵਰਸਿਟੀ ਦਾ ਨਾਂਅ ਬਦਲ ਕੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਰੱਖਿਆ ਗਿਆ।

3 ਜਨਵਰੀ ਨੂੰ ਮਹਾਰਾਸ਼ਟਰ ਦੇ ਸਕੂਲਾਂ ਵਿੱਚ ਬਾਲਿਕਾ ਦਿਵਸ ਵਜੋਂ ਮਨਾਇਆ ਜਾਂਦਾ ਹੈ । ਉੱਤਰ ਪ੍ਰਦੇਸ਼ ਵਿੱਚ ਵੀ ਸਰਕਾਰ ਦੁਆਰਾ ਬਣਾਏ ਗਏ ਪਾਰਕ ਵਿੱਚ ਸਾਵਿਤਰੀ ਬਾਈ ਫੂਲੇ ਦੇ ਬੁੱਤ ਲਗਾਏ ਗਏ ਹਨ। ਸਰਚ ਇੰਜਨ ਗੂਗਲ ਨੇ 3 ਜਨਵਰੀ 2017 ਨੂੰ ਗੂਗਲ ਡੂਡਲ ਨਾਲ 186ਵੀਂ ਜਯੰਤੀ ਮਨਾਈ। 'ਕ੍ਰਾਂਤੀਜਯੋਤੀ ਸਾਵਿਤਰੀ ਬਾਈ ਫੂਲੇ' ਉਨ੍ਹਾ ਦੇ ਜੀਵਨ 'ਤੇ ਅਧਾਰਤ ਇੱਕ ਭਾਰਤੀ ਡਰਾਮਾ ਟੈਲੀਵਿਜ਼ਨ ਲੜੀ 2016 ਵਿੱਚ ਡੀਡੀ ਨੈਸ਼ਨਲ 'ਤੇ ਪ੍ਰਸਾਰਤ ਕੀਤੀ ਗਈ ਸੀ। ਆਈ ਸਾਵਿਤਰੀ ਜੋਤੀ, ਸਾਵਿਤਰੀਬਾਈ ਫੂਲੇ ਅਤੇ ਜੋਤੀਬਾ ਫੂਲੇ ਦੇ ਜੀਵਨ ਅਤੇ ਕਾਰਜ 'ਤੇ ਅਧਾਰਤ ਇੱਕ ਮਰਾਠੀ ਡਰਾਮਾ ਟੈਲੀਵਿਜ਼ਨ ਲੜੀ 2019-2020 ਵਿੱਚ ਸੋਨੀ ਮਰਾਠੀ 'ਤੇ ਪ੍ਰਸਾਰਿਤ ਕੀਤੀ ਗਈ ਸੀ। ਅੱਜ ਇਸ ਮਹਾਨ ਸਮਾਜ ਸੁਧਾਰਕਾ ਦ

ੇ ਜਨਮ ਦਿਨ 'ਤੇ ਦੇਸ਼-ਵਿਦੇਸ਼ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਵਲੋਂ ਉਸ ਦੀ ਜਯੰਤੀ ਮਨਾਈ ਜਾ ਰਹੀ ਹੈ।



3-JAN-PAGE-5.qxd 1/2/2026 9:23 PM Page 1



# ਮਨਰੇਗਾ ਕਾਨੂੰਨ ਖਤਮ ਕਰਨ ਵਿਰੁੱਧ ਮਜ਼ਦੂਰ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੇਂਦਰ ਸਰਕਾਰ ਵੱਲੋਂ ਪੇਂਡੂ ਗਰੀਬਾਂ ਦੀ ਜੀਵਨ ਰੇਖਾ ਮਨਰੇਗਾ ਯੋਜਨਾ ਨੂੰ ਤਰੀਕੇ ਨਾਲ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਸਿੱਧੇ ਤੌਰ 'ਤੇ ਮਜ਼ਦੂਰਾਂ ਤੇ ਪੇਂਡੂ ਮਜ਼ਦੂਰਾਂ ਵਿਰੋਧੀ ਨੀਤੀ ਨੂੰ ਦਰਸਾਉਂਦਾ ਹੈ।ਪੇਂਡੂ ਮਜ਼ਦੂਰਾਂ ਨੂੰ ਮਨਰੇਗਾ ਸਕੀਮ ਤਹਿਤ ਮਿਲਿਆ ਰੁਜ਼ਗਾਰ ਖੋਹਣ ਲਈ ਜੀ ਰਾਮ ਜੀ ਨਵੀਂ ਸਕੀਮ ਤਹਿਤ ਕਦਮ ਚੁੱਕੇ ਜਾ ਰਹੇ ਹਨ।ਇਹ ਵਿਚਾਰ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਉਸ ਸਮੇਂ ਪ੍ਰਗਟ ਕੀਤੇ, ਜਦ ਮਨਰੇਗਾ ਕਾਨੂੰਨ ਖਤਮ ਕਰਨ ਵਿਰੁੱਧ ਉਹਨਾਂ ਨਾਲ ਜੁੜੀਆਂ ਮਜ਼ਦੂਰ ਜਥੇਬੰਦੀਆਂ ਕੇਂਦਰ ਸਰਕਾਰ ਵਿਰੁੱਧ ਜੀ ਟੀ ਰੋਡ ਤੇ ਬੱਸ ਸਟੈਂਡ ਚੌਕ ਨੇੜੇ ਰੋਸ ਪ੍ਰਦਰਸ਼ਨ ਕਰ ਰਹੇ ਸਨ ਅਤੇ ਕੇਂਦਰ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜ਼ੀ ਕਰ ਰਹੇ ਸਨ।ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਨਵੇਂ ਜੀ ਰਾਮ ਜੀ ਕਾਨੂੰਨ ਬਣਾ ਕੇ ਕੇਂਦਰ ਸਰਕਾਰ ਨੇ ਇੱਕ ਚਾਲ ਖੇਡੀ ਹੈ।ਕੇਂਦਰ ਸਰਕਾਰ ਨੇ ਨਵੇਂ ਜੀ ਰਾਮ ਜੀ ਕਾਨੂੰਨ ਤਹਿਤ ਸ਼ਰਤ ਰੱਖ ਦਿੱਤੀ ਹੈ ਕਿ ਰਾਜ ਸਰਕਾਰਾਂ 40 ਫੀਸਦੀ ਪੈਸੇ ਪਾਉਣਗੀਆਂ ਤੇ ਕੇਂਦਰ 60 ਫੀਸਦੀ ਪੈਸੇ ਪਾਵੇਗਾ।ਧੀਰ ਨੇ ਕਿਹਾ ਕਿ ਇਹ ਰੁਜ਼ਗਾਰ ਸਕੀਮ ਖਤਮ ਕਰਨ ਦੀ ਚਾਲ ਹੈ।ਕੇਂਦਰ ਸਰਕਾਰ ਨੂੰ ਇਸ ਗੱਲ ਦਾ ਭਲੀਭਾਂਤ ਪਤਾ ਹੈ ਕਿ ਕਰਜ਼ੇ ਵਿੱਚ ਦੱਬੀਆਂ ਰਾਜ ਸਰਕਾਰਾਂ ਕੋਲੋਂ ਨਾ 40 ਫੀਸਦੀ ਪੈਸੇ ਪਾਏ ਜਾਣਗੇ ਤੇ ਨਾ ਹੀ ਇਹ ਸਕੀਮ ਚੱਲੇਗੀ।ਕੇਂਦਰ ਸਰਕਾਰ ਇਸ ਸਕੀਮ ਦੇ ਨਾ ਚੱਲਣ ਦਾ ਠੀਕਰਾ ਰਾਜ ਸਰਕਾਰਾਂ 'ਤੇ ਫੋੜੇਗੀ।ਧੀਰ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਗਲਤ ਫਹਿਮੀ ਹੋਵੇਗੀ ਕਿ ਲੋਕ ਕੇਂਦਰ ਸਰਕਾਰ ਦੀ ਇਸ ਪੇਂਡੂ ਮਜ਼ਦੂਰ ਵਿਰੋਧੀ ਚਾਲ ਨੂੰ ਨਹੀਂ ਸਮਝਣਗੇ।ਧੀਰ ਨੇ ਕਿਹਾ ਕਿ ਜੇਕਰ ਮਨਰੇਗਾ ਸਕੀਮ ਖਤਮ ਹੋ ਗਈ ਤਾਂ ਇਹ ਕੇਂਦਰ ਸਰਕਾਰ ਨੂੰ ਸਿਆਸੀ ਤੌਰ ਤੇ ਬਹੁਤ ਮਹਿੰਗੀ ਪਵੇਗੀ।ਮਜ਼ਦੂਰ ਜਥੇਬੰਦੀਆਂ ਨੇ ਅਸਲ ਮਨਰੇਗਾ ਸਕੀਮ ਬਹਾਲ ਕਰਨ ਦੀ ਕੇਂਦਰ ਸਰਕਾਰ ਤੋਂ ਮੰਗ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ, ਮੇਜ਼ਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਗੁਰ ਬੁੱਧ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ, ਮਦਨ ਲਾਲ, ਭੋਲਾ ਸਿੰਘ, ਦੇਵਾਂ, ਗੁਰਪ੍ਰੀਤ ਸਿੰਘ, ਰਿੰਕੂ, ਮਨੋਹਰ ਲਾਲ, ਗੁਰਚਰਨ ਸਿੰਘ ਗਾਂਨੂ ਪ੍ਰਧਾਨ ਤੇ ਕਰਨ ਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਜ਼ਦੂਰ ਵਿਰੋਧੀ ਕਾਨੂੰਨ ਰੱਦ ਕਰਾਏ ਜਾਣ ਤੱਕ ਸੰਘਰਸ਼ ਜਾਰੀ ਰਹੇਗਾ : ਲਿਬਰੇਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਨਰੇਗਾ ਐਕਟ 'ਚ ਮਜ਼ਦੂਰ ਮਾਰੂ ਸੋਧਾਂ ਕਰਦੇ ਹੋਏ ਬਣਾਏ ਗਏ ਵਿਕਸਤ ਭਾਰਤ ਗਾਰੰਟੀ ਰੁਜ਼ਗਾਰ, ਆਜੀਵਿਕਾ ਮਿਸ਼ਨ (ਗ੍ਰਾਮੀਣ) (ਜੀ ਰਾਮ ਜੀ) ਐਕਟ ਰੱਦ ਕਰਵਾਏ ਜਾਣ, ਮਜ਼ਦੂਰ ਮਾਰੂ ਕਾਲੇ ਕਿਰਤ ਕੋਡ ਰੱਦ ਕਰਾਏ ਜਾਣ, ਬਿਜਲੀ ਐਕਟ 2025 ਰੱਦ ਕਰਾਏ ਜਾਣ, ਬੀਜ ਸੋਧ ਬਿੱਲ ਰੱਦ ਕਰਾਏ ਜਾਣ ਆਦਿ ਮੰਗਾਂ ਨੂੰ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਵੱਲੋਂ ਪਿੰਡ ਰਾਇਸਰ ਪੰਜਾਬ ਦੀ ਬਾਬਾ ਜੀਵਨ ਸਿੰਘ ਧਰਮਸ਼ਾਲਾ 'ਚ ਰੋਸ ਰੈਲੀ ਕਰਵਾਈ ਗਈ।ਇਸ ਮੌਕੇ ਇੱਕਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਇਕਾਈ ਆਗੂ ਕੁਲਦੀਪ ਸਿੰਘ ਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕਾਰਜਕਾਰੀ ਜ਼ਿਲ੍ਹਾ ਸਕੱਤਰ ਹਰਮਨਦੀਪ ਸਿੰਘ ਹਿੰਮਤਪੁਰਾ ਨੇ ਕਿਹਾ ਕਿ ਜਿੱਥੇ ਮੋਦੀ ਸਰਕਾਰ ਵੱਲੋਂ ਮਨਰੇਗਾ ਐਕਟ 'ਚ ਮਜ਼ਦੂਰ ਮਾਰੂ ਸੋਧਾਂ ਕਰਦੇ ਹੋਏ ਮਜ਼ਦੂਰਾਂ ਤੋਂ ਰੁਜ਼ਗਾਰ ਦਾ ਹੱਕ ਖੋਹਿਆ ਜਾ ਰਿਹਾ, ਉੱਥੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਸੂਬੇ ਭਰ ਵਿੱਚ ਮਨਰੇਗਾ ਤਹਿਤ ਬਹੁਤ ਨਿਗੁਣਾ ਰੁਜ਼ਗਾਰ ਦਿੱਤਾ ਗਿਆ।ਇਸ ਤੋਂ ਇਲਾਵਾ ਮਜ਼ਦੂਰ ਆਗੂ ਮੁਕੇਸ਼ ਮਲੌਦ ਨੂੰ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰਨ ਦੀ ਨਿਖੇਧੀ ਕਰਦਿਆਂ ਤੁਰੰਤ ਬਿਨਾਂ ਸ਼ਰਤ ਰਿਹਾਈ ਦੀ ਮੰਗ ਵੀ ਕੀਤੀ ਗਈ।ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਮਨਰੇਗਾ ਤਹਿਤ 200 ਦਿਨ ਕੰਮ, 1000 ਰੁਪਏ ਦਿਹਾੜੀ ਤੇ ਹੋਰ ਮਜ਼ਦੂਰ ਮੰਗਾਂ ਨੂੰ ਲੈ ਕੇ 7 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਬਰਨਾਲਾ ਵਿਖੇ ਸਾਂਝੇ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ 16 ਜਨਵਰੀ ਨੂੰ ਮਜ਼ਦੂਰ, ਕਿਸਾਨ ਮੁਲਾਜ਼ਮ ਜਥੇਬੰਦੀਆਂ ਵੱਲੋਂ ਕਾਲੇ ਕਾਨੂੰਨਾਂ ਖਿਲਾਫ਼ ਪੰਜਾਬ ਭਰ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਇਸ ਮੌਕੇ ਜਗਸੀਰ ਸਿੰਘ, ਰੂਪ ਸਿੰਘ, ਸੱਜਣ ਸਿੰਘ, ਕਾਲਾ ਸਿੰਘ, ਜਸਪਾਲ ਕੌਰ, ਰਾਜਵਿੰਦਰ ਕੌਰ, ਗਿਆਨ ਕੌਰ, ਜਸਵਿੰਦਰ ਕੌਰ, ਜਸਵੀਰ ਕੌਰ, ਸੁਖਵਿੰਦਰ ਕੌਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਮਜ਼ਦੂਰ ਔਰਤਾਂ ਤੇ ਮਰਦ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਦਫਤਰ ਅੱਗੇ 16 ਦੇ ਧਰਨੇ ਲਈ ਤਿਆਰੀ ਜ਼ੋਰਾਂ 'ਤੇ

## ਯੂਨਾਈਟਡ ਫਰੰਟ ਆਫ਼ ਟ੍ਰੇਡ ਯੂਨੀਅਨਜ਼ ਲੁਧਿਆਣਾ ਵੱਲੋਂ ਜੋਧੇਵਾਲ ਚੌਕ ਵਿਖੇ ਰੋਸ ਮੁਜ਼ਾਹਰਾ



**ਲੁਧਿਆਣਾ (ਐੱਮ ਐੱਸ ਭਾਟੀਆ)**-16 ਜਨਵਰੀ ਨੂੰ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਕੇਂਦਰੀ ਟ੍ਰੇਡ ਯੂਨੀਅਨਾਂ, ਐੱਸਕੇਐੱਮ ਤੇ ਫੈਡਰੇਸ਼ਨਾਂ ਵੱਲੋਂ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਸਬੰਧ ਵਿੱਚ ਇੱਥੇ ਯੋਧੇਵਾਲ ਬਸਤੀ ਚੌਕ ਵਿਖੇ ਏਟਕ, ਇੰਟਕ, ਸੀਟੂ ਤੇ ਸੀਟੀ ਯੂ ਵੱਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਪਿਛਲੇ ਸਮੇਂ ਵਿੱਚ ਸਰਕਾਰ ਵੱਲੋਂ ਪੰਜ ਲੋਕ ਵਿਰੋਧੀ ਤੇ ਦੇਸ਼ ਦੇ ਹਿੱਤਾਂ ਦੇ ਵਿਰੁੱਧ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ ਗਈ।ਇਸ ਮੌਕੇ ਬੋਲਦੇ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਨੂੰ ਖਤਮ ਕਰਕੇ ਮਿਹਨਤਕਸ਼ ਲੋਕਾਂ ਨੂੰ ਬੇਰੁਜ਼ਗਾਰੀ ਵੱਲ ਧੱਕ ਰਹੀ ਹੈ। ਮਨਰੇਗਾ ਨੂੰ ਖਤਮ ਕਰਕੇ ਜਿਹੜਾ ਨਵਾਂ ਬਿੱਲ ਲਿਆਂਦਾ ਗਿਆ ਹੈ, ਉਸ ਦੇ ਨਾਲ ਕੰਮ ਦੀ ਗਰੰਟੀ ਲਗਭਗ ਖਤਮ ਹੋ ਜਾਏਗੀ।ਪਹਿਲਾਂ 90% ਪੈਸਾ ਕੇਂਦਰ ਸਰਕਾਰ ਦਿੰਦੀ ਸੀ ਤੇ 10 ਪ੍ਰਤੀਸ਼ਤ ਸੂਬਾ ਸਰਕਾਰ, ਪਰ ਹੁਣ ਸੂਬਿਆਂ ਤੇ 40% ਦਾ ਬੋਝ ਪਾ ਕੇ ਇੱਕ ਤਰੀਕੇ ਨਾਲ ਬੜੇ ਸਾਜ਼ਿਸ਼ੀ ਢੰਗ ਦੇ ਨਾਲ ਮਨਰੇਗਾ ਨੂੰ ਖਤਮ ਕੀਤਾ ਜਾ ਰਿਹਾ ਹੈ।ਦੂਜੇ ਪਾਸੇ ਮਜ਼ਦੂਰਾਂ ਨੇ ਜੋ ਦਹਾਕਿਆਂ ਬੱਧੀ ਸੰਘਰਸ਼ ਕਰਕੇ ਆਪਣੇ ਹੱਕ ਦੇ ਕਾਨੂੰਨ ਬਣਵਾਏ ਸਨ, ਉਨ੍ਹਾਂ ਨੂੰ ਸਮਾਪਤ ਕਰਕੇ ਚਾਰ ਲੇਬਰ ਕੋਡਾਂ ਵਿੱਚ ਬਦਲਣ ਦੇ ਨਾਲ ਮਜ਼ਦੂਰਾਂ ਦਾ ਯੂਨੀਅਨ ਬਣਾਉਣ ਦਾ ਜੋ ਹੱਕ ਹੈ, ਉਸ ਨੂੰ ਲਗਭਗ ਖਤਮ ਕੀਤਾ ਜਾ ਰਿਹਾ ਹੈ। ਲੇਬਰ ਮਹਿਕਮੇ ਨੂੰ ਇਕ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਗਿਆ ਹੈ।ਕਿੱਤਾ ਮੁਖੀ ਸੁਰੱਖਿਆ ਬਾਰੇ ਕਾਨੂੰਨਾਂ ਨੂੰ ਕਮਜ਼ੋਰ ਕਰ ਦਿੱਤਾ ਗਿਆ ਹੈ।ਬਿਜਲੀ ਸੋਧ ਬਿਲ ਲਿਆ ਕੇ ਲੋਕਾਂ ਦਾ ਕਚੂੰਬਰ ਕੱਢਿਆ ਜਾਵੇਗਾ ਤੇ ਸਾਰਾ ਫਾਇਦਾ ਕਾਰਪੋਰੇਟ ਘਰਾਨਿਆਂ ਨੂੰ ਪਹੁੰਚਾਇਆ ਜਾਵੇਗਾ।ਬੀਜ ਬਿਲ ਕਿਸਾਨਾਂ ਨੂੰ ਉਜਾੜ ਦੇਵੇਗੀ ਤੇ ਇੱਥੋਂ ਤੱਕ ਕਿ ਖੇਤੀਬਾੜੀ ਯੂਨੀਵਰਸਿਟੀ ਨੂੰ ਵੀ ਨਕਾਰਾ ਕਰ ਦੇਵੇਗੀ।ਇੱਕ ਹੋਰ ਬਿਲ ਜੋ ਪਾਰਲੀਮੈਂਟ 'ਚ ਪਾਸ ਕਰਾਇਆ ਗਿਆ ਹੈ, ਉਹ ਹੈ ਪ੍ਰਮਾਣੂ ਬਿੱਲ, ਜਿਸ ਵਿੱਚ ਕਿ ਨਿੱਜੀ ਖੇਤਰ ਨੂੰ ਪ੍ਰਮਾਣੂ ਉਰਜਾ ਦੇ ਖੇਤਰ ਵਿੱਚ ਖੁੱਲ੍ਹ ਦੇ ਦਿੱਤੀ ਗਈ ਹੈ ਅਤੇ ਨਾਲ ਹੀ ਜਿਹੜੀਆਂ ਵਿਦੇਸ਼ੀ ਕੰਪਨੀਆਂ ਦੋ ਫਾਇਦਾ ਪਹੁੰਚਾਇਆ ਜਾਵੇਗਾ।ਉਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ ਹੋਵੇਗੀ।ਟਰੇਡ ਯੂਨੀਅਨਾਂ ਇਨ੍ਹਾਂ ਬਿਲਾਂ ਦੇ ਖਿਲਾਫ਼ ਲਗਾਤਾਰ ਸੰਘਰਸ਼ ਜਾਰੀ ਰੱਖਣਗੀਆਂ ਤੇ ਦੇਸ਼ ਭਰ ਵਿੱਚ 12 ਫਰਵਰੀ ਨੂੰ ਇੱਕ ਦੇਸ਼ ਵਿਆਪੀ ਹੜਤਾਲ ਕੀਤੀ ਜਾਏਗੀ।ਇਸ ਮੌਕੇ 'ਤੇ ਸੰਬੋਧਨ ਕਰਨ ਵਾਲਿਆਂ ਵਿੱਚ ਕਾਮਰੇਡ ਐੱਮ ਐੱਸ ਭਾਟੀਆ, ਡੀ ਪੀ ਮੌੜ, ਗੁਰਜੀਤ ਸਿੰਘ ਜਗਪਾਲ, ਜੋਗਿੰਦਰ ਰਾਮ, ਜਗਦੀਸ਼ ਚੰਦ, ਸਰਬਜੀਤ ਸਿੰਘ ਸਰਹਾਲੀ, ਬਲਰਾਮ ਸਿੰਘ, ਅਜੀਤ ਕੁਮਾਰ, ਵਿਨੋਦ ਤਿਵਾੜੀ, ਵਿਨੋਦ ਕੁਮਾਰ, ਚਰਨਜੀਤ, ਤਹਿਸੀਲਦਾਰ, ਮਾਸਟਰ ਮੁਹੰਮਦ ਸ਼ਫੀਕ, ਟਾਈਗਰ ਸਿੰਘ, ਕਾਮਰੇਡ ਗੋਲਡੀ, ਅਰੁਨ ਕੁਮਾਰ, ਪਰਮਜੀਤ ਤੇ ਕਰਨ ਰਾਏ ਸ਼ਾਮਲ ਸਨ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸਰਕਾਰ ਤੇ ਪ੍ਰਸ਼ਾਸਨ ਦੀਆਂ ਫੂਕੀਆਂ ਅਰਥੀਆਂ



**ਨਾਭਾ (ਵਰਿੰਦਰ ਵਰਮਾ)**-ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਨਾਭਾ ਦੇ ਪਿੰਡ ਮੱਲ੍ਹੇਵਾਲ, ਹਰੀਗੜ੍ਹ, ਭੇਡਪੁਰਾ ਤੇ ਰੈਸਲ ਵਿਖੇ ਪੰਜਾਬ ਸਰਕਾਰ ਤੇ ਸੰਗਰੂਰ ਪ੍ਰਸ਼ਾਸਨ ਦੀਆਂ ਅਰਥੀਆਂ ਸਾੜ ਕੇ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ।ਇਹ ਪ੍ਰਦਰਸ਼ਨ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਹਾਲ ਹੀ ਵਿੱਚ ਹੋਈ ਗ੍ਰਿਫ਼ਤਾਰੀ ਖ਼ਿਲਾਫ਼ ਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਵਿੱਚ ਉਨ੍ਹਾਂ ਦਾ ਹੱਕ ਨਾ ਦੇਣ ਵਿਰੁੱਧ ਕੀਤਾ ਗਿਆ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਸਕੱਤਰ ਗੁਰਵਿੰਦਰ ਬੌੜਾ ਨੇ ਦੋਸ਼ ਲਗਾਇਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬੇਜ਼ਮੀਨੇ ਦਲਿਤ ਤੇ ਗ਼ਰੀਬ ਮਜ਼ਦੂਰਾਂ ਦੇ ਹੱਕਾਂ ਨੂੰ ਦਬਾਉਣ ਲਈ ਦਮਨਕਾਰੀ ਨੀਤੀਆਂ ਅਪਣਾ ਰਹੀ ਹੈ।ਖ਼ਾਸ ਕਰਕੇ ਸੰਗਰੂਰ ਜ਼ਿਲ੍ਹੇ ਵਿੱਚ ਬੀੜ ਐਸਵਨ ਪਿੰਡ ਵਿੱਚ ਬੇਗਮਪੁਰਾ ਵਸੇਬੇ ਲਈ ਜ਼ਮੀਨ ਵੰਡਣ ਦੀ ਮੰਗ ਨੂੰ ਅਣਦੇਖਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਦੋਗਲਾ ਚਿਹਰਾ ਨੰਗਾ ਹੋ ਚੁੱਕਿਆ ਹੈ, ਇੱਕ ਪਾਸੇ ਸਰਕਾਰ ਮਨਰੇਗਾ ਦੇ ਨਵੇਂ ਕਾਨੂੰਨ ਦੇ ਵਿਰੋਧ ਵਿੱਚ ਮਜ਼ਦੂਰ ਹਿਤੈਸ਼ੀ ਹੋਣ ਦਾ ਢੌਂਗ ਕਰ ਰਹੀ ਹੈ, ਦੂਜੇ ਪਾਸੇ ਦਲਿਤਾਂ ਦੇ ਮਸੀਹਾ ਬੇਜ਼ਮੀਨੇ ਦਲਿਤਾਂ ਦੇ ਹੱਕਾਂ ਲਈ ਲੜਨ ਵਾਲੇ ਪ੍ਰਧਾਨ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਰਹੀ ਹੈ।ਕਮੇਟੀ ਦੇ ਨਾਭਾ ਬਲਾਕ ਦੇ ਮੀਤ ਪ੍ਰਧਾਨ ਮਨੀ ਮੱਲ੍ਹੇਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਝੂਠੇ ਪੁਰਾਣੇ ਮੁਕੱਦਮੇ ਖੋਲ੍ਹ ਕੇ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸੰਘਰਸ਼ ਨੂੰ ਕੁਚਲਣ ਦੀ ਸਾਜ਼ਿਸ਼ ਹੈ।ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਨਾ ਕੀਤਾ ਗਿਆ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਸੈਂਕੜੇ ਮਜ਼ਦੂਰਾਂ, ਔਰਤਾਂ ਤੇ ਨੌਜਵਾਨਾਂ ਪੰਜਾਬ ਸਰਕਾਰ ਦੇ ਇਸ ਦੋਗਲੇ ਕਿਰਦਾਰ ਨੂੰ ਕੋਸਦੇ ਹੋਏ ਨਾਅਰੇਬਾਜ਼ੀ ਕਰਦਿਆਂ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ।

# ਦੁਕਾਨਦਾਰਾਂ ਵੱਲੋਂ ਨਾਜਾਇਜ਼ ਕਬਜ਼ਿਆਂ ਦੀ ਭਰਮਾਰ

## ਰਾਹਗੀਰਾਂ 'ਚ ਭਾਰੀ ਰੋਸ, ਨਗਰ ਕੌਂਸਲ ਤੇ ਪ੍ਰਸ਼ਾਸਨ ਖਾਮੋਸ਼



**ਜ਼ੀਰਾ (ਰੂਪ ਸਿੰਘ ਸੰਧੂ)**

ਸ਼ਹਿਰ ਦਾ ਮੇਨ ਲਾਂਘਾ ਰੇਲਵੇ ਰੋਡ, ਪੁਰਾਣੀ ਤਲਵੰਡੀ ਰੋਡ, ਮੇਨ ਬਾਜ਼ਾਰ ਸਮਾਧੀ ਰੋਡ, ਜੈਨ ਮਾਰਕੀਟ ਗਊਸ਼ਾਲਾ ਰੋਡ ਤੇ ਸਰਕਾਰੀ ਹਸਪਤਾਲ ਨੂੰ ਜਾਂਦਾ ਰਸਤਾ ਤੇ ਸਨੇਰ ਰੋਡ ਕੋਟ ਈਸੇ ਖਾਂ, ਫਿਰੋਜ਼ਪੁਰ, ਫਰੀਦਕੋਟਡ ਤੇ ਅੰਮ੍ਰਿਤਸਰ ਮੇਨ ਸੜਕਾਂ, ਟੈਲੀਫੋਨ ਐਕਸਚੇਂਜ, ਮਲੋਕੇ, ਸ਼ਾਹਵਾਲਾ ਤੇ ਸ਼ੇਰਾਂ ਵਾਲਾ ਚੌਕ ਤੋਂ ਇਲਾਵਾ ਜ਼ੀਰਾ ਸ਼ਹਿਰ ਦੀਆਂ ਵੱਖ ਵੱਖ ਮਾਰਕੀਟਾਂ ਸ਼ਹਿਰ ਤੋਂ ਪਿੰਡਾਂ ਵੱਲ ਨੂੰ ਜਾਂਦੀਆਂ ਸੜਕਾਂ 'ਤੇ ਦੁਕਾਨਦਾਰਾਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਸਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਦੁਕਾਨਦਾਰਾਂ ਵੱਲੋਂ ਆਪਣਾ ਵਿਕਰੀ ਵਾਲਾ ਸਾਮਾਨ ਕਈ ਫੁੱਟ ਅੱਗੇ ਵਧਾ ਕੇ ਸੜਕਾਂ ਦੀ ਜਗ੍ਹਾ ਵਿੱਚ ਰੱਖਣ ਤੋਂ ਇਲਾਵਾ ਆਪਣੇ ਵਹੀਕਲ, ਸਾਈਨ ਬੋਰਡ ਇਥੋਂ ਤੱਕ ਕਿ ਵੱਡੇ ਵੱਡੇ ਪੱਥਰ ਸੜਕਾਂ ਦੀ ਜਗ੍ਹਾ ਵਿੱਚ ਰੱਖੇ ਹੋਏ ਹਨ। ਇੱਥੇ ਹੀ ਬੱਸ ਨਹੀਂ ਰੇਹੜੀ, ਫੜ੍ਹੀ ਵਾਲੇ ਦੁਕਾਨਦਾਰਾਂ ਤੇ ਨਗਰ ਕੌਂਸਲ ਅਤੇ ਸਿਆਸਤਦਾਨਾਂ ਦੀ ਕਥਿਤ ਮਿਲੀਭੁਗਤ ਰਾਹੀਂ ਪੈਦਲ ਚੱਲਣ ਵਾਲੇ ਰਾਹਗੀਰਾਂ ਲਈ ਭਾਰੀ ਪ੍ਰੇਸ਼ਾਨੀ ਤੇ ਟ੍ਰੈਫਿਕ ਜਾਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਦੁਕਾਨਦਾਰ ਜਾਣ ਬੁੱਝ ਕੇ ਆਪਣਾ ਸਾਮਾਨ ਤੇ ਮੋਟਰਸਾਈਕਲ ਵਗੈਰਾ ਦੁਕਾਨਾਂ ਅੱਗੇ ਖੜਾ ਕਰ ਦਿੰਦੇ ਹਨ ਤਾਂ ਕਿ ਪਿੰਡਾਂ ਤੋਂ ਰੋਜ਼ਮਰ੍ਹਾ ਦੀਆਂ ਚੀਜ਼ਾਂ ਖ਼੍ਰੀਦਣ ਲਈ ਆਏ ਲੋਕ ਆਪਣੀ ਕਾਰ, ਮੋਟਰਸਾਈਕਲ ਵਗੈਰਾ ਬਾਜ਼ਾਰਾਂ ਵਿੱਚ ਖੜੀ ਨਾ ਕਰਨ, ਕਿਉਂਕਿ ਜ਼ੀਰਾ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਪਾਰਕਿੰਗ ਨਾ ਹੋਣ ਕਰਕੇ ਪੈਦਲ ਚੱਲਣ ਤੋਂ ਅਸਮਰੱਥ ਅਪਹਾਜ ਬੁਢਾਪਾ ਤੇ ਬਿਮਾਰੀ ਦੀ ਹਾਲਤ ਵਿੱਚ ਦਵਾਈ ਵਗੈਰਾ ਲੈਣ ਲਈ ਆਏ ਲੋਕਾਂ ਨੂੰ ਮਜਬੂਰੀ ਵੱਸ ਆਪਣਾ ਵਹੀਕਲ ਬਾਜ਼ਾਰਾਂ ਵਿੱਚ ਲਿਜਾਣਾ ਪੈਂਦਾ ਹੈ। ਭਾਰੀ ਟ੍ਰੈਫਿਕ ਦੀ ਸਮੱਸਿਆ ਕਾਰਨ ਇੰਜ ਲੱਗ ਰਿਹਾ ਹੈ ਕਿ ਪ੍ਰਸ਼ਾਸਨ ਤੇ ਸਰਕਾਰ ਨਾਂ ਦੀ ਇੱਥੇ ਕੋਈ ਹੋਂਦ ਨਹੀਂ, ਜਾਂ ਫਿਰ ਮਿਲੀਭੁਗਤ ਰਾਹੀਂ ਨਜਾਇਜ਼ ਕਬਜ਼ਿਆਂ ਦਾ ਗੋਰਖ ਧੰਦਾ ਚੱਲ ਰਿਹਾ ਹੈ। ਜ਼ੀਰਾ ਸ਼ਹਿਰ ਨਾਲ ਸੰਬੰਧਤ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ, ਕਿਸਾਨ ਯੂਨੀਅਨਾਂ ਦੇ ਆਗੂਆਂ ਤੇ ਕਈ ਭਰਾਤਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਪਾਸੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਦੁਕਾਨਦਾਰਾਂ, ਰੇਹੜੀ, ਫੜੀ ਵਾਲੇ ਲੋਕਾਂ ਪਾਸੋਂ ਨਜਾਇਜ਼ ਕਬਜ਼ੇ ਛੁਡਾ ਕੇ ਟ੍ਰੈਫਿਕ ਨੂੰ ਸਚਾਰੂ ਢੰਗ ਨਾਲ ਚਲਾਉਣ ਦੀ ਵਿਵਸਥਾ ਕੀਤੀ ਜਾਵੇ, ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।

# ਬਿਜਲੀ ਬੋਰਡ ਪੈਨਸ਼ਨਰਜ਼ ਯੂਨੀਅਨ ਏਟਕ ਦਫ਼ਤਰ ਵਿਖੇ ਅਖੰਡ ਪਾਠ ਕਰਾ ਕੇ ਨਵਾਂ ਸਾਲ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਬਿਜਲੀ ਬੋਰਡ ਪੈਨਸ਼ਨਰ ਯੂਨੀਅਨ ਏਟਕ ਦਫ਼ਤਰ ਵਿਖੇ ਨਵੇਂ ਸਾਲ ਦਾ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਪੈਨਸ਼ਨ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਮੀਤ ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ, ਹਰਭਜਨ ਸਿੰਘ ਪਿਲਖਣੀ ਸਾਬਕਾ ਪ੍ਰਧਾਨ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ, ਏਟਕ ਪੰਜਾਬ, ਸੁਨੀਲ ਕੁਮਾਰ ਪੈਨਸ਼ਨ ਐਸੋਸੀਏਸ਼ਨ ਪ੍ਰਧਾਨ ਸਰਕਲ ਪਟਿਆਲਾ, ਕਰਨੈਲ ਸਿੰਘ ਪ੍ਰਧਾਨ ਰਾਜਪੁਰਾ ਤੇ ਸੁਖਦੇਵ ਸਿੰਘ ਪ੍ਰਧਾਨ ਟੀਐੱਸਯੂ ਰਾਜਪੁਰਾ, ਜੀਵਨ ਸਿੰਘ ਪੈਨਸ਼ਨ ਯੂਨੀਅਨ, ਏਟਕ ਪ੍ਰਧਾਨ ਰਾਜਪੁਰਾ ਕਮਲਜੀਤ ਸਿੰਘ, ਕਮਲਜੀਤ ਸਿੰਘ ਸਕੱਤਰ ਪੈਨਸ਼ਨ ਯੂਨੀਅਨ ਏਟਕ ਰਾਜਪੁਰਾ, ਨਾਜਰ ਸਿੰਘ ਤੇ ਬਲਵੀਰ ਸਿੰਘ ਡਵੀਜ਼ਨ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸੈਂਕੜੇ ਬਿਜਲੀ ਮੁਲਾਜ਼ਮ ਤੇ ਪੈਨਸ਼ਨਜ਼ ਨੇ ਭਾਗ ਲਿਆ। ਇਸ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਜੋ ਕਿ 30 ਦਸੰਬਰ ਨੂੰ ਆਰੰਭ ਹੋਇਆ ਸੀ, ਦਾ ਨਵੇਂ ਸਾਲ ਨੂੰ ਭੋਗ ਪਾਇਆ ਗਿਆ, ਜਿਸ ਵਿੱਚ ਰਾਗੀ ਸਿੰਘਾਂ ਨੇ ਕੀਰਤਨ ਕੀਤਾ ਤੇ ਬਾਅਦ ਵਿੱਚ ਢਾਡੀ ਜਥੇ ਨੇ ਬੜੇ ਹੀ ਜੋਸ਼ ਨਾਲ ਢਾਡੀ ਵਾਰਾਂ ਗਾ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਸਮਾਗਮ ਦੀ ਸੇਵਾ ਜੋਗਿੰਦਰ ਸਿੰਘ ਚੱਠਾ ਨੇ ਆਪਣੀ ਟੀਮ, ਜਿਸ ਵਿੱਚ ਸ੍ਰੀ ਜਿਸਤਾ ਨੰਦ, ਅਮਰ ਸਿੰਘ, ਲਖਵੀਰ ਸਿੰਘ ਰਵੀ, ਗੁਲਸ਼ਨ ਮੋਹਨ ਸਿੰਘ ਡਵੀਜ਼ਨ ਦਫਤਰ ਤੋਂ ਮਨਦੀਪ ਕਾਕਾ, ਜਗਰੂਪ ਸਿੰਘ, ਜਸਪਾਲ ਸਿੰਘ ਸਰਕਲ ਆਗੂ ਤੇ ਦੇਵੀ ਸਿੰਘ ਕੈਸ਼ੀਅਰ ਬੜੇ ਪਿਆਰ ਤੇ ਸਤਿਕਾਰ ਨਾਲ ਸੇਵਾ ਨਿਭਾਈ। ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਬਲਜੀਤ ਸਿੰਘ ਪੰਜਾਬ ਆਗੂ ਫੈਡਰੇਸ਼ਨ ਏਟਕ, ਸੁਖਦੇਵ ਸਿੰਘ ਸਰਕਲ ਮੀਤ ਪ੍ਰਧਾਨ ਫੈਡਰੇਸ਼ਨ ਏਟਕ ਤੇ ਗੁਰਦਿਆਲ ਸਿੰਘ ਬੱਬੂ ਸਰਕਲ ਪ੍ਰਧਾਨ ਫੈਡਰੇਸ਼ਨ ਏਟਕ ਨੇ ਵੀ ਸ਼ਮੂਲੀਅਤ ਕੀਤੀ। ਅਖੀਰ ਵਿੱਚ ਸ੍ਰ. ਇਕਬਾਲ ਸਿੰਘ ਨੇ ਸਾਰੀ ਸੰਗਤ ਦਾ ਅਤੇ ਰਾਗੀ, ਢਾਡੀ ਤੇ ਗ੍ਰੰਥੀ ਸਿੰਘ ਦਾ ਧੰਨਵਾਦ ਕੀਤਾ। ਸਾਰੀ ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮਿਲ ਬੈਠ ਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਅਤੇ ਹਰ ਸਾਲ ਇਸੇ ਤਰ੍ਹਾਂ ਮਿਲਜੁਲ ਕੇ ਆਖੰਡ ਪਾਠ ਸਾਹਿਬ ਕਰਵਾ ਕੇ ਨਵਾਂ ਸਾਲ ਮਨਾਉਣ ਦਾ ਪ੍ਰਣ ਲਿਆ। ਉਪਰੋਕਤ ਜਾਣਕਾਰੀ ਚਰਨ ਸਿੰਘ ਪ੍ਰਧਾਨ ਪੈਨਸ਼ਨਰ ਯੂਨੀਅਨ ਸਰਕਲ ਪਟਿਆਲਾ ਨੇ ਦਿੱਤੀ।

# ਚੰਗੀਆਂ ਸੇਵਾਵਾਂ ਲਈ ਪੁਲਸ ਅਧਿਕਾਰੀ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਦੀ ਲਗਾਤਾਰ ਸ਼ਾਨਦਾਰ, ਨਤੀਜਾ-ਕੇਂਦਰਿਤ ਤੇ ਪੇਸ਼ਾਵਰ ਕਾਰਗੁਜ਼ਾਰੀ ਨੂੰ ਮੰਨਤਾ ਦਿੰਦਿਆਂ, ਐੱਸ.ਐੱਸ.ਪੀ. ਮੋਗਾ ਵੱਲੋਂ ਡੀ.ਜੀ.ਪੀ ਪੰਜਾਬ ਵੱਲੋਂ ਪ੍ਰਦਾਨ ਕੀਤੇ ਗਏ ਸਨਮਾਨਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਮੋਗਾ ਦੇ 11 ਪੁਲਸ ਅਫ਼ਸਰਾਂ ਨੂੰ ਡੀਜੀਪੀ ਡਿਸਕ ਨਾਲ ਤੇ 106 ਪੁਲਸ ਅਧਿਕਾਰੀਆਂ/ਕਰਮਚਾਰੀਆਂ ਨੂੰ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ।ਇਹ ਸਨਮਾਨ ਪੁਲਸ ਵਿਭਾਗ ਵਿੱਚ ਉੱਚ ਪੇਸ਼ਾਵਰ ਮਿਆਰ, ਸਮਰਪਣ ਤੇ ਇਮਾਨਦਾਰ ਸੇਵਾ ਨੂੰ ਦਰਸਾਉਂਦੇ ਹਨ।ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਤੇ ਉਤਕ੍ਰਿਸ਼ਟ ਨਤੀਜੇ ਪ੍ਰਾਪਤ ਕਰਨ ਲਈ ਐੱਸ ਆਈ ਰਾਜ ਸਿੰਘ, ਐੱਸ ਐੱਚ ਓ ਪੁਲਸ ਸਟੇਸ਼ਨ ਅਜੀਤਵਾਲ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਐੱਸ.ਐੱਸ.ਪੀ. ਮੋਗਾ ਨੇ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਲਗਾਤਾਰ ਮਿਹਨਤ, ਪ੍ਰੋਫੈਸ਼ਨਲਿਜ਼ਮ ਤੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਭਰਪੂਰ ਸਰਾਹਨਾ ਕੀਤੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਪੁਲਸ ਫੋਰਸ ਲਈ ਪ੍ਰੇਰਣਾ ਦਾ ਸਰੋਤ ਹਨ ਤੇ ਭਵਿੱਖ ਵਿੱਚ ਵੀ ਉਤਕ੍ਰਿਸ਼ਟ ਕਾਰਗੁਜ਼ਾਰੀ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਸੇ ਤਰ੍ਹਾਂ ਸਨਮਾਨਤ ਕੀਤਾ ਜਾਂਦਾ ਰਹੇਗਾ।

# ਨਿੱਜੀਕਰਨ ਖਿਲਾਫ਼ ਡੀ ਸੀ ਦਫਤਰ ਅੱਗੇ ਧਰਨਾ 16 ਨੂੰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਦੇ ਖਿਲਾਫ਼ 16 ਜਨਵਰੀ ਨੂੰ ਪੰਜਾਬ ਭਰ 'ਚ ਡੀ ਸੀ ਦਫਤਰਾਂ ਅੱਗੇ ਸਾਰੀਆਂ ਜਥੇਬੰਦੀਆਂ ਦੇ ਸਾਂਝੇ ਧਰਨੇ ਦਿੱਤੇ ਜਾਣੇ ਹਨ। ਨਿੱਜੀਕਰਨ ਦੀਆਂ ਨੀਤੀਆਂ ਦੇ ਖਿਲਾਫ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਪਿੰਡਾਂ ਵਿੱਚ ਝੰਡਾ ਮਾਰਚ ਮੋਟਰਸਾਈਕਲ ਮਾਰਚ ਕੀਤਾ ਗਿਆ। ਮੋਟਰਸਾਈਕਲ ਮਾਰਚ ਦੀ ਅਗਵਾਈ ਭਾਕਿਯੂ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਜ਼ਿਲ੍ਹਾ ਜਰਨਲ ਸਕੱਤਰ ਗੁਰਨਾਮ ਸਿੰਘ ਮਹਿਰਾਜ, ਬਲਾਕ ਰਾਮਪੁਰਾ ਪ੍ਰਧਾਨ ਸਰਦੂਲ ਸਿੰਘ ਤੇ ਜਨਰਲ ਸਕੱਤਰ ਜਗਦੀਸ਼ ਸਿੰਘ, ਭਾਕਿਯੂ ਉਗਰਾਹਾਂ ਦੀ ਸੂਬਾ ਕਮੇਟੀ ਮੈਂਬਰ ਹਰਿੰਦਰ ਬਿੰਦੂ, ਬਲਾਕ ਪ੍ਰਧਾਨ ਸੁਖਦੇਵ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਲਾਬ ਸਿੰਘ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ, ਬਿਜਲੀ ਮੁਲਾਜ਼ਮ ਜਥੇਬੰਦੀ ਟੈਕਨੀਕਲ ਸਰਵਿਸਜ਼ ਯੂਨੀਅਨ ਤੇ ਅਧਿਆਪਕ ਆਗੂ ਬਲਵਿੰਦਰ ਸਿੰਘ ਤੇ ਬਲਜੀਤ ਸਿੰਘ ਆਦਿ ਆਗੂ ਸ਼ਾਮਲ ਹੋਏ। ਵੱਖ-ਵੱਖ ਜਥੇਬੰਦੀਆਂ ਦੇ ਝੰਡੇ ਲੈ ਕੇ ਨਾਅਰੇ ਮਾਰਦਾ ਹੋਇਆ ਇਹ ਕਾਫ਼ਲਾ ਪਿੰਡ ਪਿੱਥੋ ਤੋਂ ਰਵਾਨਾ ਹੋਇਆ। ਲੋਕਾਂ ਨੂੰ ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025, ਚਾਰ ਲੇਬਰ ਕੋਡ, ਮੁਕਤ ਵਪਾਰ ਸਮਝੌਤੇ, ਮਗਨਰੇਗਾ ਕਾਨੂੰਨ ਰੱਦ ਕਰਕੇ ਨਵੇਂ ਲਿਆਂਦੇ ਕਾਨੂੰਨ ਤੇ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ ਦੇ ਖਿਲਾਫ਼ ਜਾਗਰੂਕ ਕਰਦਾ ਹੋਇਆ ਗਿੱਲ ਕਲਾਂ, ਕਰਾੜ ਵਾਲਾ, ਬੁੱਗਰ, ਜੇਠੂ ਕੇ, ਘੜੈਲੀ, ਘੜੈਲਾ, ਜਿਉਂਦ, ਜੈਦ, ਬਦਿਆਲਾ, ਬੱਲੋ, ਚਾਉਕੇ, ਪੀਰਕੋਟ, ਭੈਣੀ ਚੂਹੜ ਤੋਂ ਹੁੰਦਾ ਹੋਇਆ ਪਿੰਡ ਖੋਖਰ ਪਹੁੰਚਿਆ। ਆਗੂਆਂ ਨੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਬਿਜਲੀ ਸੋਧ ਬਿਲ 2025 ਰਾਹੀਂ ਬਿਜਲੀ ਵੰਡ ਦੇ ਖੇਤਰ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਖੁੱਲ੍ਹ ਦੇ ਦਿੱਤੀ ਜਾਵੇਗੀ। ਗ਼ਰੀਬਾਂ ਨੂੰ ਮਿਲਣ ਵਾਲੀ ਮੁਫ਼ਤ ਬਿਜਲੀ ਤੇ ਖੇਤੀ ਮੋਟਰਾਂ ਨੂੰ ਮਿਲਣ ਵਾਲੀ ਮੁਫਤ ਬਿਜਲੀ ਦਾ ਭੋਗ ਪੈ ਜਾਵੇਗਾ। ਗਰੀਬਾਂ ਨੂੰ ਇੱਕੋ ਰੇਟ 'ਤੇ ਬਿੱਲ ਆਉਣਗੇ ਤੇ ਸਮਾਰਟ ਮੀਟਰ ਲਾ ਕੇ ਬਿੱਲ ਪਹਿਲਾਂ ਭਰਨਾ ਪਵੇਗਾ। ਬੀਜ ਬਿੱਲ ਰਾਹੀਂ ਕਾਰਪੋਰੇਟ ਘਰਾਣਿਆਂ ਦਾ ਸਾਰੇ ਬੀਜਾਂ 'ਤੇ ਕਬਜ਼ਾ ਕਰਾ ਦਿੱਤਾ ਜਾਵੇਗਾ। ਜਦੋਂ ਦੇਸੀ ਬੀਜ ਖਤਮ ਹੋ ਗਏ ਤਾਂ ਕਾਰਪੋਰੇਟ ਘਰਾਣੇ ਮਨਮਰਜ਼ੀ ਕਰਨਗੇ ਤੇ ਖੇਤੀ 'ਤੇ ਕਾਬਜ਼ ਹੋ ਜਾਣਗੇ। ਚਾਰ ਲੇਬਰ ਕੋਡ ਲਿਆ ਕੇ ਮਜ਼ਦੂਰਾਂ ਤੋਂ ਯੂਨੀਅਨ ਬਣਾਉਣ ਦਾ ਹੱਕ ਤੇ ਹੜਤਾਲ ਕਰਨ ਦਾ ਹੱਕ ਲਗਭਗ ਖੋਹ ਲਏ ਗਏ ਹਨ। ਨਿੱਜੀਕਰਨ ਦੇ ਇਨ੍ਹਾਂ ਕਦਮਾਂ ਤੇ ਹੋਰ ਧੱਕੇਸ਼ਾਹੀਆਂ ਦੇ ਖਿਲਾਫ਼ ਬੋਲਣ ਵਾਲੇ ਸੰਘਰਸੀ ਲੋਕਾਂ ਅਤੇ ਪੱਤਰਕਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਦਸ ਪੱਤਰਕਾਰਾਂ ਦੇ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਆਗੂਆਂ ਨੇ ਲੋਕ ਵਿਰੋਧੀ ਨੀਤੀਆਂ ਤੇ ਜਬਰ ਦੇ ਖਿਲਾਫ਼ ਲੋਕਾਂ ਨੂੰ ਇਕਮੁੱਠ ਹੋਣ ਤੇ 16 ਜਨਵਰੀ ਨੂੰ ਡੀ ਸੀ ਦਫਤਰ ਬਠਿੰਡਾ ਵਿਖੇ ਪਹੁੰਚਣ ਦਾ ਸੱਦਾ ਦਿੱਤਾ।

# ਪੱਤਰਕਾਰਾਂ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ

**ਲਹਿਰਾ ਮੁਹੱਬਤ/ਰਾਮਪੁਰਾ ਫੂਲ (ਭੀਮ ਸੈਨ ਹਦਵਾਰੀਆ/ਦਰਸ਼ਨ ਜਿੰਦਲ)**-ਪੱਤਰਕਾਰਾਂ ਤੇ ਸੋਸ਼ਲ ਮੀਡੀਆ ਕਾਰਕੁੰਨਾਂ ਸਮੇਤ ਉਨ੍ਹਾਂ 10 ਜਣਿਆਂ ਖਿਲਾਫ਼ ਥਾਣਾ ਸਿਟੀ ਲੁਧਿਆਣਾ ਦੇ ਸਾਈਬਰ ਸੈੱਲ ਵਿਖੇ ਪਰਚਾ ਦਰਜ ਕੀਤਾ ਹੈ, ਜਿਨ੍ਹਾਂ ਨੇ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ/ਦੁਰਵਰਤੋਂ ਸਬੰਧੀ ਸੁਆਲ ਉਠਾਏ ਸਨ। ਸਰਕਾਰ ਦੀ ਇਸ ਕਾਰਵਾਈ ਦੀ ਸਮੁੱਚੇ ਮੀਡੀਆ ਜਗਤ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ।

ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਵੱਲੋਂ ਪ੍ਰੈਸ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਤੇ ਸਕੱਤਰ ਨੂੰ ਪੱਤਰ ਲਿਖਿਆ ਗਿਆ ਹੈ। ਜਥੇਬੰਦੀ ਦੇ ਸੂਬਾਈ ਚੇਅਰਮੈਨ ਬਲਬੀਰ ਜੰਡੂ, ਸੂਬਾ ਪ੍ਰਧਾਨ ਜੈ ਸਿੰਘ ਛਿੱਬਰ ਤੇ ਸੂਬਾ ਸਕੱਤਰ ਜਨਰਲ ਸੰਤੋਖ ਗਿੱਲ ਨੇ ਕਿਹਾ ਹੈ ਕਿ ਬਠਿੰਡਾ ਜ਼ਿਲ੍ਹਾ ਯੂਨਿਟ ਦੇ ਪ੍ਰੈਸ ਸਕੱਤਰ ਮਨਦੀਪ ਸਿੰਘ ਮੱਕੜ, ਲੋਕ ਆਵਾਜ਼ ਟੀ ਵੀ ਦੇ ਮਨਿੰਦਰਜੀਤ ਸਿੰਘ ਸਿੱਧੂ, ਮਿੰਟੂ ਗੁਰੂਸਰੀਆ, ਆਰ.ਟੀ.ਆਈ. ਕਾਰਕੁੰਨਾਂ ਤੇ ਸੋਸ਼ਲ ਮੀਡੀਆ ਕਾਰਕੁੰਨਾਂ ਖਿਲਾਫ਼ ਲੁਧਿਆਣਾ ਸ਼ਹਿਰੀ ਸਾਈਬਰ ਕ੍ਰਾਈਮ ਪੁਲਸ ਵੱਲੋਂ ਦਰਜ ਕੀਤੇ ਕੇਸ ਖਿਲਾਫ਼ ਰੋਸ ਪ੍ਰਗਟ ਕੀਤਾ ਜਾਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਬੇਤੁਕੇ ਤੇ ਬੇਹੂਦਾ ਝੂਠੇ ਮਾਮਲੇ ਨੂੰ ਤੁਰੰਤ ਖਾਰਜ ਕਰਨ ਜਾਂ ਵਾਪਸ ਲੈਣ ਲਈ ਪੰਜਾਬ ਸਰਕਾਰ ਤੇ ਡਾਇਰੈਕਟਰ ਜਨਰਲ ਪੁਲਸ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ। ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਨੇ ਸੂਬਾ ਸਰਕਾਰ ਦੀ ਇਸ ਕਾਰਵਾਈ ਨੂੰ ਪ੍ਰੈਸ ਦੀ ਆਜ਼ਾਦੀ ਤੇ ਬੋਲਣ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਕਰਾਰ ਦਿੰਦਿਆਂ ਇਸ ਵਿਰੁੱਧ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ ਹੈ। ਜਥੇਬੰਦੀ ਨੇ ਇਸ ਸਬੰਧ ਵਿਚ ਸਾਰੇ ਜ਼ਿਲ੍ਹਾ, ਤਹਿਸੀਲ ਤੇ ਸਥਾਨਕ ਯੂਨਿਟਾਂ ਨੂੰ ਡਿਪਟੀ ਕਮਿਸ਼ਨਰਾਂ, ਐਸ.ਡੀ.ਐਮਜ਼ ਤੇ ਹੋਰ ਸਬੰਧਤ ਅਧਿਕਾਰੀਆਂ ਰਾਹੀਂ ਪ੍ਰੈਸ ਕੌਂਸਲ ਆਫ਼ ਇੰਡੀਆ, ਰਾਜਪਾਲ ਪੰਜਾਬ ਤੇ ਰਾਸ਼ਟਰਪਤੀ ਨੂੰ ਮੰਗ ਪੱਤਰ ਦੇਣ ਦੀ ਅਪੀਲ ਕੀਤੀ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਪਿੰਡਾਂ 'ਚ ਕੇਂਦਰ ਸਰਕਾਰ ਵਿਰੁੱਧ ਝੰਡਾ ਮਾਰਚ

## ਡੀ. ਸੀ. ਦਫ਼ਤਰਾਂ ਅੱਗੇ 16 ਨੂੰ ਵੱਡੇ ਧਰਨੇ ਦੇਵਾਂਗੇ : ਮੇਜਰ ਪੁੰਨਾਂਵਾਲ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸ਼ੁੱਕਰਵਾਰ ਧੂਰੀ ਦੇ ਨਜ਼ਦੀਕੀ ਦਰਜਨਾਂ ਪਿੰਡਾਂ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ-ਵਿਰੋਧੀ ਤੇ ਕਿਸਾਨ-ਮਾਰੂ ਨੀਤੀਆਂ ਖ਼ਿਲਾਫ਼ ਇੱਕ ਪ੍ਰਭਾਵਸ਼ਾਲੀ ਝੰਡਾ ਮਾਰਚ ਕੱਢਿਆ ਗਿਆ।ਇਸ ਮਾਰਚ ਰਾਹੀਂ ਜਿੱਥੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਉੱਥੇ ਹੀ ਸਰਕਾਰ ਵਿਰੁੱਧ ਇੱਕ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ ਗਿਆ।ਕਿਸਾਨ ਆਗੂ ਮੇਜਰ ਸਿੰਘ ਪੁੰਨਾਂਵਾਲ, ਹਰਬੰਸ ਸਿੰਘ ਲੱਡਾ, ਹਰਪਾਲ ਸਿੰਘ ਪੇਧਨੀ, ਰਛਪਾਲ ਸਿੰਘ ਦੋਹਲਾ, ਭੁਪਿੰਦਰ ਸਿੰਘ ਭੁੱਲਰਹੇੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਦੇਸ਼ ਦੀ ਕਿਸਾਨੀ ਤੇ ਮਜ਼ਦੂਰ ਵਰਗ ਦਾ ਗਲਾ ਘੁੱਟਣ ਵਾਲੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰ 'ਬਿਜਲੀ ਸੋਧ ਬਿਲ 2025' ਅਤੇ 'ਸੀਡ (ਬੀਜ) ਸੋਧ ਬਿਲ' ਰਾਹੀਂ ਖੇਤੀਬਾੜੀ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਉਨ੍ਹਾਂ ਟ੍ਰੇਡ ਯੂਨੀਅਨਾਂ ਦੇ 29 ਪੁਰਾਣੇ ਕਾਨੂੰਨਾਂ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ 4 ਕੋਡਾਂ ਵਿੱਚ ਤਬਦੀਲ ਕਰਨ ਦਾ ਸਖ਼ਤ ਵਿਰੋਧ ਕਰਦਿਆਂ ਸਰਕਾਰਾਂ ਦੀਆਂ ਮਾੜੀਆਂ ਆਰਥਿਕ ਨੀਤੀਆਂ ਕਾਰਨ ਕਿਸਾਨਾਂ ਸਿਰ ਚੜ੍ਹੇ ਕਰਜ਼ੇ 'ਤੇ ਲੀਕ ਫੇਰਨ ਦੀ ਮੰਗ ਦੁਹਰਾਈ ਗਈ।

ਆਗੂਆਂ ਨੇ ਦੋਸ਼ ਲਾਇਆ ਕਿ ਨਾਂ ਬਦਲਣ ਦੀ ਆੜ ਹੇਠ ਸਰਕਾਰ ਮਨਰੇਗਾ ਸਕੀਮ ਨੂੰ ਹੌਲੀ-ਹੌਲੀ ਖ਼ਤਮ ਕਰ ਰਹੀ ਹੈ, ਜੋ ਗਰੀਬ ਮਜ਼ਦੂਰਾਂ ਦੇ ਰੁਜ਼ਗਾਰ 'ਤੇ ਸਿੱਧੀ ਸੱਟ ਹੈ।ਮੇਜਰ ਪੁੰਨਾਂਵਾਲ ਨੇ ਦੱਸਿਆ ਕਿ ਇਨ੍ਹਾਂ ਮਾਰੂ ਨੀਤੀਆਂ ਦੇ ਵਿਰੋਧ ਵਿੱਚ 16 ਜਨਵਰੀ ਨੂੰ ਸੂਬੇ ਦੇ ਡੀ. ਸੀ. ਦਫ਼ਤਰਾਂ ਅੱਗੇ ਵਿਸ਼ਾਲ ਧਰਨੇ ਦਿੱਤੇ ਜਾਣਗੇ।ਇਸ ਸੰਘਰਸ਼ ਵਿੱਚ ਬਿਜਲੀ ਬੋਰਡ ਦੀਆਂ ਜਥੇਬੰਦੀਆਂ, ਮਨਰੇਗਾ ਕਾਮੇ ਤੇ ਖੇਤ ਮਜ਼ਦੂਰਾਂ ਦੀਆਂ ਹਮਖਿਆਲੀ ਜਥੇਬੰਦੀਆਂ ਵੀ ਪੂਰਨ ਸਹਿਯੋਗ ਦੇਣਗੀਆਂ।ਇਸ ਮੌਕੇ ਗੁਰਜੀਤ ਸਿੰਘ ਭੜੀ ਮਾਨਸਾ, ਬਲਵਿੰਦਰ ਸਿੰਘ ਜੱਖਲਾਂ, ਜਰਨੈਲ ਸਿੰਘ ਜਹਾਂਗੀਰ, ਅਮਰੀਕ ਸਿੰਘ ਕਾਂਝਲਾ, ਨਾਜਮ ਸਿੰਘ ਪੁੰਨਾਂਵਾਲ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਕਾਰਕੁਨ ਮੌਜੂਦ ਸਨ, ਜਿਨ੍ਹਾਂ ਨੇ ਹੱਥਾਂ ਵਿੱਚ ਜਥੇਬੰਦੀ ਦੇ ਝੰਡੇ ਲੈ ਕੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਆਰ ਐੱਮ ਪੀ ਆਈ ਵੱਲੋਂ ਮਹਾਨ ਸਿੱਖ ਸ਼ਹੀਦਾਂ ਨੂੰ ਸਮਰਪਤ ਸੈਮੀਨਾਰ

## ਗੁਰੂ ਤੇਗ਼ ਬਹਾਦਰ, ਚਾਰ ਸਾਹਿਬਜ਼ਾਦੇ ਤੇ ਹੋਰ ਸਿੱਖ ਸ਼ਹੀਦ ਸਾਡੇ ਰਾਹ ਦਸੇਰੇ : ਪਾਸਲਾ ■ ਲੁੱਟ-ਖਸੁੱਟ, ਜਬਰ-ਵਿਤਕਰੇ, ਕੱਟੜਤਾ ਤੋਂ ਮੁਕਤ ਸਮਾਜ ਸਿਰਜਣ ਲਈ ਜੂਝੋ : ਮਹੀਪਾਲ



**ਸਰਦੂਲਗੜ੍ਹ (ਅਵਤਾਰ ਜਟਾਣਾ)**-'ਕਿਸੇ ਵੀ ਦੇਸ਼-ਖਿੱਤੇ ਦੀ ਕਮਿਊਨਿਸਟ ਲਹਿਰ, ਉੱਥੋਂ ਦੀਆਂ ਅਤੀਤ ਦੀਆਂ ਲੋਕ-ਪੱਖੀ ਲਹਿਰਾਂ ਤੇ ਬੀਤੇ ਦੇ ਮਹਾਨ ਰਹਿਬਰਾਂ ਤੇ ਜੰਗਜੂਆਂ ਤੋਂ ਪ੍ਰੇਰਣਾ ਲੈ ਕੇ ਹੀ ਸਮਾਜਿਕ ਪਰਿਵਰਤਣ ਦੀ ਇਤਿਹਾਸਕ ਜੱਦੋ-ਜਹਿਦ ਦੀ ਸਫਲਤਾਪੂਰਵਕ ਅਗਵਾਈ ਕਰਨ ਦੇ ਯੋਗ ਬਣ ਸਕਦੀ ਹੈ।ਇਸ ਪੱਖੋਂ ਸਿੱਖ ਗੁਰੂ ਸਾਹਿਬਾਨ ਤੇ ਭਗਤੀ ਲਹਿਰ ਦੇ ਮਹਾਨ ਰਹਿਬਰ, ਬੀਤੇ ਦੀਆਂ ਯੁਗ ਪਲਟਾਊ ਲਹਿਰਾਂ ਦੇ ਮਹਾਨ ਜਰਨੈਲ, ਗ਼ਦਰੀ ਸੂਰਬੀਰ, ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਸਾਡੇ ਪ੍ਰੇਰਣਾ ਸਰੋਤ ਤੇ ਮਾਰਗ ਦਰਸ਼ਕ ਹਨ।' ਇਹ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਦੀ ਬਠਿੰਡਾ-ਮਾਨਸਾ ਜ਼ਿਲ੍ਹਾ ਕਮੇਟੀ ਵੱਲੋਂ ਇਥੋਂ ਦੇ ਸ਼੍ਰੀ ਹਨੂੰਮਾਨ ਮੰਦਰ ਵਿਖੇ ਸੱਦੇ ਗਏ ਪ੍ਰਭਾਵਸ਼ਾਲੀ ਸੈਮੀਨਾਰ ਵਿੱਚ ਬੋਲਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੇ।ਸਾਥੀ ਪਾਸਲਾ ਨੇ ਕਿਹਾ ਕਿ ਤਿਆਗ ਦੀ ਬੇਮਿਸਾਲ ਗਾਥਾ ਲਿਖਣ ਵਾਲੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ, ਸਰਬੰਸ ਦਾਨੀ ਦਸਮੇਸ਼ਪਿਤਾ, ਉਨ੍ਹਾਂ ਦੇ ਚਾਰੇ ਹੋਣਹਾਰ ਸਪੁੱਤਰਾਂ ਤੇ ਮੁਗ਼ਲ ਕਾਲ ਦੇ ਬੇਸ਼ੁਮਾਰ ਸਿੱਖ ਸ਼ਹੀਦਾਂ ਨੇ ਕਿਸੇ ਵਿਸ਼ੇਸ਼ ਧਰਮ ਖਿਲਾਫ, ਕਿਸੇ ਹੋਰ ਵਿਸ਼ੇਸ਼ ਧਰਮ ਦੀ ਰਾਖੀ ਲਈ ਸ਼ਹਾਦਤ ਨਹੀਂ ਸੀ ਦਿੱਤੀ, ਬਲਕਿ ਧਾਰਮਿਕ ਆਜ਼ਾਦੀਆਂ, ਮਨੁੱਖੀ ਅਧਿਕਾਰਾਂ ਤੇ ਸਾਂਝੀਵਾਲਤਾ ਦੀ ਰਾਖੀ ਲਈ ਅਤੇ ਲੁੱਟ-ਖਸੁੱਟ, ਜਬਰ-ਵਿਤਕਰੇ, ਹਨੇਰੇ ਬਿਰਤੀਵਾਦ ਤੇ ਕੱਟੜਤਾ ਤੋਂ ਮੁਕਤ ਸਮਾਜ ਸਿਰਜਣ ਲਈ ਕੁਰਬਾਨ ਹੋਣ ਦੀ ਸ਼ਾਨਾਮੱਤੀ ਪਿਰਤ ਪਾਈ ਸੀ।ਉਨ੍ਹਾਂ ਦਾ ਯੁੱਧ ਕਿਸੇ ਵਿਸ਼ੇਸ਼ ਧਰਮ, ਰੰਗ, ਨਸਲ, ਜਾਤ, ਖਿੱਤੇ ਦੇ ਹੁਕਮਰਾਨਾਂ ਖਿਲਾਫ ਨਾ ਹੋ ਕੇ ਜ਼ਾਲਿਮ ਸਥਾਪਤੀ ਦੇ ਖ਼ੂਨੀ ਪੰਜਿਆਂ ਤੋਂ ਕਿਰਤੀ ਜਨ ਸਮੂਹਾਂ ਦੀ ਸਦੀਵੀ ਮੁਕਤੀ ਦਾ ਮਾਨਵੀ ਸੰਗਰਾਮ ਸੀ।ਸਾਥੀ ਪਾਸਲਾ ਨੇ ਕਿਹਾ ਕਿ ਸਿੱਖ ਫਲਸਫੇ ਦੇ ਮਾਨਵੀ ਸਰੋਕਾਰਾਂ ਨੂੰ ਪ੍ਰਣਾਏ ਸਿਰਲੱਥ ਸ਼ਹੀਦਾਂ ਦੀ ਤਿਆਗ ਦੀ ਇਸ ਬੇਜੋੜ ਭਾਵਨਾ ਤੇ ਸਾਂਝੀਵਾਲਤਾ ਦੇ ਉਨ੍ਹਾਂ ਦੇ ਮਹਾਨ ਜਜ਼ਬੇ ਦਾ ਸੁਵੱਲਾ ਪ੍ਰਭਾਵ ਸੁਤੰਤਰਤਾ ਸੰਗਰਾਮ ਦੌਰਾਨ ਹੋਰ ਵੀ ਉੱਭਰ ਕੇ ਸਾਹਮਣੇ ਆਇਆ ਸੀ।ਇਸ ਦਾ ਪ੍ਰਗਟਾਵਾ ਗ਼ਦਰ ਪਾਰਟੀ ਦੇ ਦਸਤਾਵੇਜ਼ਾਂ, ਜਲ੍ਹਿਆਂ ਵਾਲਾ ਬਾਗ਼ ਸ਼ਹੀਦੀ ਸਾਕੇ ਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਤੋਂ ਬਾਖ਼ੂਬੀ ਹੁੰਦਾ ਹੈ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ 'ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਵੱਲੋਂ ਹਿੰਦੂ ਧਰਮ ਦੀ ਰਾਖੀ ਲਈ ਸੀਸ ਵਾਰਨ' ਦਾ ਇਕ ਪਾਸੜ ਤੇ ਖੋਟਾ ਬਿਰਤਾਂਤ ਜਨ ਸਮੂਹਾਂ ਦੀ ਜਮਾਤੀ ਏਕਤਾ ਤੇ ਫਿਰਕੂ ਇਕਸੁਰਤਾ ਤੋਂ ਭੈਅਭੀਤ ਹਾਕਮ ਜਮਾਤਾਂ ਤੇ ਉਨ੍ਹਾਂ ਦੇ ਲੋਟੂ ਹਿੱਤਾਂ ਦੀਆਂ ਪਹਿਰਾਬਰਦਾਰ, ਆਰ.ਐੱਸ.ਐੱਸ. ਦੀ ਅਗਵਾਈ ਹੇਠਲੀਆਂ ਫਿਰਕੂ-ਵੰਡਵਾਦੀ, ਹਿੰਦੂਤਵੀ-ਮਨੂੰਵਾਦੀ ਤਾਕਤਾਂ ਵੱਲੋਂ ਕਿਰਤੀ ਜਨ ਸਮੂਹਾਂ 'ਚ ਵੰਡੀਆਂ ਪਾਉਣ ਦੀ ਸਾਜ਼ਿਸ਼ ਤਹਿਤ ਘੜਿਆ ਜਾ ਰਿਹਾ ਹੈ।ਉਨ੍ਹਾਂ ਹੋਰ ਸਪਸ਼ਟਤਾ ਨਾਲ ਕਿਹਾ ਕਿ 'ਹਿੰਦੂ ਧਰਮ ਦੀ ਰਾਖੀ ਲਈ ਸ਼ਹੀਦ ਹੋਣ' ਦਾ ਕੂੜ ਪ੍ਰਚਾਰ ਉਹੀ ਸਵਾਰਥੀ ਤੱਤ ਕਰ ਰਹੇ ਹਨ, ਜੋ ਅਜੋਕੀ ਹਰ ਬੁਰਾਈ ਲਈ ਇਸਲਾਮ ਧਰਮ ਤੇ ਇਸ ਦੇ ਪੈਰੋਕਾਰਾਂ ਨੂੰ ਦੋਸ਼ੀ ਠਹਿਰਾਉਂਦੇ ਹਨ।ਇੰਝ ਇਹ ਅਧਰਮੀ ਟੋਲੇ ਕਿਰਤੀ ਜਨ ਸਮੂਹਾਂ ਦੀ ਮੰਦਹਾਲੀ ਦੇ ਕਸੂਰਵਾਰ ਲੋਟੂ ਵਰਗਾਂ, ਖਾਸ ਕਰਕੇ ਸਾਮਰਾਜੀ ਧਾੜਵੀਆਂ ਤੇ ਪੂੰਜੀਪਤੀ-ਜਗੀਰੂਆਂ ਨੂੰ ਸਾਫ ਬਰੀ ਕਰਦੇ ਹਨ ਤੇ ਲੁਟੇਰਾ ਜਮਾਤੀ ਰਾਜ-ਪ੍ਰਬੰਧ ਹਮੇਸ਼ਾ ਕਾਇਮ ਰੱਖਣ ਲਈ ਭਾਈਚਾਰਿਆਂ 'ਚ ਦਰਾੜ ਪੈਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਇਹ ਡਾਢੇ ਦੁੱਖ ਦੀ ਗੱਲ ਹੈ ਆਰ.ਐੱਸ.ਐੱਸ., ਭਾਜਪਾ ਤੇ ਏਜੰਸੀਆਂ ਦੇ ਹੱਥਾਂ 'ਚ ਖੇਡ ਰਹੇ ਸਿੱਖਾਂ ਵਿਚਲੇ ਕੱਟੜਪੰਥੀ ਤੱਤ ਨਾ ਕੇਵਲ ਹਿੰਦੂ-ਸਿੱਖ ਦਾ ਪਾੜਾ ਖੜ੍ਹਾ ਕਰ ਰਹੇ ਹਨ, ਬਲਕਿ ਰੋਜ਼ੀ-ਰੋਟੀ ਦੀ ਭਾਲ 'ਚ ਦੂਜੇ ਪ੍ਰਾਂਤਾਂ ਤੋਂ ਆਏ ਅੰਤਰਰਾਜੀ ਕਿਰਤੀਆਂ ਖਿਲਾਫ਼ ਵੀ ਨਫ਼ਰਤੀ ਬਿਰਤਾਂਤ ਸਿਰਜ ਰਹੇ ਹਨ।ਇਹੀ ਤੱਤ ਮਿਹਨਤੀ ਵਰਗਾਂ ਦੀ ਜਮਾਤੀ ਏਕਤਾ ਭੰਗ ਕਰਨ ਤੇ ਕਿਰਤੀ ਜਨ ਸਮੂਹਾਂ ਨੂੰ ਗੁਰਬਾਣੀ ਦੇ ਮਾਨਵੀ ਸਰੋਕਾਰਾਂ ਤੋਂ ਬੇਮੁੱਖ ਕਰਨ ਲਈ ਸਿੱਖ ਬਨਾਮ ਕਾਮਰੇਡ ਦਾ ਫਰਜ਼ੀ ਝਗੜਾ ਵੀ ਖੜ੍ਹਾ ਕਰ ਰਹੇ ਹਨ। ਸਾਥੀ ਪਾਸਲਾ ਨੇ ਕਿਹਾ ਕਿ ਸਿੱਖ ਰਹਿਬਰਾਂ ਦੀਆਂ ਸ਼ਹਾਦਤਾਂ ਸਮੁੱਚੇ ਮਿਹਨਤਕਸ਼ਾਂ ਦੀ ਏਕਤਾ ਕਾਇਮ ਕਰਦੇ ਹੋਏ ਲੁੱਟ-ਚੋਂਘ, ਜਬਰ ਵਿਤਕਰੇ ਤੋਂ ਮੁਕਤੀ ਲਈ ਤੇ ਭਾਈ ਲਾਲੋਆਂ ਭਾਵ ਸੱਚੀ-ਸੁੱਚੀ ਕਿਰਤ ਕਰਨ ਵਾਲੇ ਮਿਹਨਤਕਸ਼ਾਂ ਦਾ ਰਾਜ ਯਾਨਿ ਬੇਗ਼ਮਪੁਰਾ ਸਿਰਜਨ ਲਈ ਜੂਝਣ ਦੀ ਪ੍ਰੇਰਣਾ ਦਿੰਦੀਆਂ ਹਨ।ਨਾਲ ਹੀ ਇਸਤਰੀ-ਪੁਰਸ਼ ਦੀ ਹਕੀਕੀ ਬਰਾਬਰੀ ਕਾਇਮ ਕਰਨ, ਜਾਤੀ-ਪਾਤੀ ਜਬਰ ਤੇ ਵਿਤਕਰੇ ਦਾ ਫਸਤਾ ਵੱਢਣ ਤੇ ਹਰ ਕਿਸਮ ਦੀ ਕੱਟੜਤਾ ਤੇ ਵੇਲਾ ਵਿਹਾਅ ਚੁੱਕੀ ਸੋਚ ਤੇ ਪ੍ਰੰਪਰਾਵਾਂ ਤੋਂ ਖਹਿੜਾ ਛੁਡਾਉਣ ਦਾ ਸ਼ਕਤੀਸ਼ਾਲੀ ਪੈਗ਼ਾਮ ਦਿੰਦੀਆਂ ਹਨ।

ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਕਿਹਾ ਕਿ ਭਾਰਤੀ ਕਿਰਤੀਆਂ ਨੂੰ ਗਰੀਬ ਦੇਸ਼ਾਂ ਦੇ ਕੁਦਰਤੀ ਤੇ ਮਾਨਵੀ ਵਸੀਲਿਆਂ ਤੇ ਕਿਰਤ ਸ਼ਕਤੀ ਦੀ ਬੇਕਿਰਕ ਲੁੱਟ ਕਰਨ ਵਾਲੇ ਸਾਮਰਾਜੀ ਧਾੜਵੀਆਂ, ਭਾਰਤ ਦੀਆਂ ਆਮਦਨਾਂ, ਜਾਇਦਾਦਾਂ 'ਤੇ ਦੱਬਾ ਮਾਰੀ ਬੈਠੇ ਮੁੱਠੀ ਭਰ ਕਾਰਪੋਰੇਟ ਘਰਾਣਿਆਂ, ਜਗੀਰਦਾਰਾਂ ਤੇ ਨਵ ਧਨਾਢਾਂ ਦੀ ਅਜੋਕੇ ਮਲਕ ਭਾਗੋਆਂ ਵਜੋਂ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਇਹ ਅਤਿਅੰਤ ਮੰਦਭਾਗੀ ਗੱਲ ਹੈ ਕਿ ਬਸਤੀਵਾਦੀ ਅੰਗ੍ਰੇਜ਼ ਹਾਕਮਾਂ ਦੇ ਹੁਕਮਾਂ ਤਹਿਤ ਸੁਤੰਤਰਤਾ ਸੰਗਰਾਮ ਦੀ ਪਿੱਠ 'ਚ ਛੁਰਾ ਮਾਰਨ ਵਾਲਾ 'ਰਾਸ਼ਟਰੀ ਸੋਇਮ ਸੇਵਕ ਸੰਘ' (ਆਰ.ਐੱਸ.ਐੱਸ.) ਆਪਣੇ ਸਿਆਸੀ ਵਿੰਗ ਭਾਜਪਾ ਰਾਹੀਂ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋ ਚੁੱਕਿਆ ਹੈ।ਮਹੀਪਾਲ ਨੇ ਕਿਹਾ ਕਿ ਸੰਘੀ ਟੋਲੇ ਦੇਸ਼ ਦੀ ਮੁਸਲਿਮ ਤੇ ਈਸਾਈ ਘੱਟ ਗਿਣਤੀ ਵਸੋਂ, ਸਦੀਆਂ ਤੋਂ ਲੁੱਟੇ-ਲਤਾੜੇ ਦਲਿਤਾਂ, ਸ੍ਰਿਸ਼ਟੀ ਦੀਆਂ ਸਿਰਜਣਹਾਰ ਔਰਤਾਂ, ਆਦਿਵਾਸੀਆਂ ਤੇ ਵਸੋਂ ਦੇ ਹੋਰ ਲੁੱਟੇ-ਲਤਾੜੇ ਭਾਗਾਂ ਖਿਲਾਫ਼ ਅੱਜ ਉਹੀ ਜ਼ੁਲਮ ਕਮਾ ਰਹੇ ਹਨ, ਜੋ ਆਪਣੀ ਚੜ੍ਹਤ ਦੇ ਦੌਰ 'ਚ ਔਰੰਗਜ਼ੇਬ ਨੇ ਕਮਾਏ ਸਨ।ਉਨ੍ਹਾਂ ਕਿਹਾ ਕਿ ਅਜੋਕੇ ਹੁਕਮਰਾਨ ਤੇ ਉਨ੍ਹਾਂ ਦੇ ਨਾਗਪੁਰੀ ਆਕਾ ਦੇਸ਼ ਦੇ ਮੌਜੂਦਾ ਸੰਵਿਧਾਨ ਤੇ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚੇ ਤੇ ਸੁਤੰਤਰਤਾ ਸੰਗਰਾਮ ਦੌਰਾਨ ਤੇ ਉਸ ਤੋਂ ਪਹਿਲਾਂ ਕਾਇਮ ਹੋਈਆਂ ਸਾਰੀਆਂ ਨਰੋਈਆਂ ਪ੍ਰੰਪਰਾਵਾਂ ਤਬਾਹ ਕਰੀ ਜਾ ਰਹੇ ਹਨ।ਸਾਂਝੀਵਾਲਤਾ, ਜਮਹੂਰੀਅਤ ਤੇ ਨਿਆਂ ਦਾ ਰਾਜ ਚਾਹੁਣ ਵਾਲਿਆਂ ਨੂੰ ਆਰ.ਐਸ.ਐਸ. ਦੀ ਸੂਝ ਤੇ ਸੇਧ ਅਨੁਸਾਰ ਰਾਜ-ਭਾਗ ਚਲਾ ਰਹੀ ਮੋਦੀ ਸਰਕਾਰ ਨੂੰ ਸੱਤਾ ਤੋਂ ਬੇਦਖ਼ਲ ਕਰਨ ਦਾ ਮਾਨਵੀ ਯੁੱਧ ਲੜਨਾ ਚਾਹੀਦਾ ਹੈ। ਉਕਤ ਸੈਮੀਨਾਰ ਦੀ ਪ੍ਰਧਾਨਗੀ ਕਮਿਊਨਿਸਟ ਲਹਿਰ ਦੇ ਬਜ਼ੁਰਗ ਰਹਿਬਰ ਸਾਥੀ ਧੰਨਾ ਸਿੰਘ ਟਾਹਲੀਆਂ, ਆਤਮਾ ਰਾਮ ਸਰਦੂਲਗੜ੍ਹ, ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਕੀਤੀ।ਮੰਚ ਸੰਚਾਲਕ ਦੇ ਫਰਜ਼ ਜ਼ਿਲ੍ਹਾ ਸਕੱਤਰ ਸਾਥੀ ਲਾਲ ਚੰਦ ਸਰਦੂਲਗੜ੍ਹ ਨੇ ਅਦਾ ਕੀਤੇ।ਅਮਰੀਕ ਸਿੰਘ ਫਫੜੇ, ਗੁਰਦੇਵ ਸਿੰਘ ਲੋਹਗੜ੍ਹ, ਮਲਕੀਤ ਸਿੰਘ ਮਹਿਮਾ ਸਰਜਾ, ਡਾਕਟਰ ਕ੍ਰਿਸ਼ਨ ਕੁਮਾਰ ਉੱਪਲ, ਬੰਸੀ ਲਾਲ, ਦਰਸ਼ਨ ਸਿੰਘ, ਮਾਸਟਰ ਹਰਜੰਟ ਸਿੰਘ, ਜੋਗਿੰਦਰ ਪਾਲ ਸ਼ਰਮਾ ਮੌਜੂਦ ਸਨ।

# ਵਿਧਾਇਕ ਰਾਏ ਨੇ ਸਰਹਿੰਦ 'ਚ ਵਿਕਾਸ ਕਾਰਜਾਂ ਦਾ ਕੰਮ ਸ਼ੁਰੂ ਕਰਵਾਇਆ

## ਸਾਲ 2026 ਨੂੰ ਵਿਕਾਸ ਦੇ ਵਰ੍ਹੇ ਵਜੋਂ ਮਨਾਇਆ ਜਾ ਰਿਹੈ : ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਵੇਂ ਸਾਲ ਦੀ ਆਮਦ 'ਤੇ ਵਿਧਾਇਕ ਰਾਏ ਵੱਲੋਂ ਸ਼ਹਿਰ ਵਾਸੀਆਂ ਨੂੰ ਵਿਕਾਸ ਕਾਰਜਾਂ ਦਾ ਤੋਹਫਾ ਦਿੰਦੇ ਹੋਏ ਨਗਰ ਕੌਂਸਲ ਸਰਹਿੰਦ ਅਧੀਨ ਆਉਂਦੇ ਵਾਰਡ 02 ਦੇ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਲ ਦੇ ਪਹਿਲੇ ਹੀ ਦਿਨ ਨਗਰ ਕੌਂਸਲ ਸਰਹਿੰਦ ਅਧੀਨ ਵਿਕਾਸ ਕਾਰਜ ਸ਼ੁਰੂ ਕਰਵਾ ਦਿੱਤੇ ਹਨ ਤੇ ਵਿਕਾਸ ਕਾਰਜ ਨਿਰੰਤਰ ਇਸੇ ਤਰ੍ਹਾਂ ਜਾਰੀ ਰਹਿਣਗੇ।ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 2 ਦੇ ਵਿੱਚ ਗਲੀ ਨੰਬਰ 13, 14 ਤੇ 15 ਨੂੰ ਇੰਟਰਲੌਕ ਟਾਈਲਾਂ ਦੇ ਨਾਲ ਕਰੀਬ 47 ਲੱਖ ਰੁਪਏ ਦੀ ਲਾਗਤ ਦੇ ਨਾਲ ਪੱਕਾ ਕੀਤਾ ਜਾ ਰਿਹਾ ਹੈ।ਇਸ ਤੋਂ ਪਹਿਲਾਂ ਬਰਸਾਤਾਂ ਦੇ ਦੌਰਾਨ ਸ਼ਹਿਰ ਵਾਸੀਆਂ ਨੂੰ ਭਾਰੀ ਮਸ਼ੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਸਹੂਲਤਾਂ ਤੋਂ ਸੱਖਣੇ ਸਨ।ਹੁਣ ਸੀਵਰੇਜ ਦਾ ਕੰਮ ਪੂਰਾ ਹੋ ਚੁੱਕਿਆ ਹੈ ਤੇ ਇੰਟਰਲੌਕ ਟਾਈਲਾਂ ਦੇ ਨਾਲ ਗਲੀਆਂ ਨੂੰ ਪੱਕਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਾਲ 2026 ਨੂੰ ਵਿਕਾਸ ਦੇ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ।ਇਸ ਸਾਲ ਦੇ ਵਿੱਚ ਵਿਕਾਸ ਦੇ ਕੰਮ ਨਿਰੰਤਰ ਜਾਰੀ ਰੱਖੇ ਜਾਣਗੇ। ਵਿਕਾਸ ਕਾਰਜਾਂ ਦੇ ਨਾਲ ਸ਼ਹਿਰ ਦੀ ਨੁਹਾਰ ਬਦਲੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਸੋਨੂੰ, ਅਸੀਸ ਅੱਤਰੀ, ਪ੍ਰਿਤਪਾਲ ਜੱਸੀ, ਬਹਾਦਰ ਖਾਨ, ਗੋਲਡੀ ਬ੍ਰਾਹਮਣ ਮਾਜਰਾ, ਅਮਰੀਕ ਸਿੰਘ ਬਾਲਪੁਰ, ਜਗਰੂਪ ਨੰਬਰਦਾਰ, ਅਸੀਸ ਸੂਦ ਆਦਿ ਹਾਜ਼ਰ ਸਨ।

## ਨਵੇਂ ਸਾਲ ਮੌਕੇ ਰਹਿਬਰਾਂ ਦੀ ਯਾਦ 'ਚ ਲੰਗਰ



**ਪਾਤੜਾਂ (ਨਿਸ਼ਾਨ ਸਿੰਘ ਬਟਵਾਲਾ)**-ਨਵੇਂ ਸਾਲ ਦੇ ਆਗਮਨ ਮੌਕੇ ਭਗਵਾਨ ਬਾਲਮੀਕ ਸਭਾ ਸ਼ੁਤਰਾਣਾ ਵੱਲੋਂ ਭਗਤ ਰਵਿਦਾਸ ਜੀ ਮਹਾਰਾਜ, ਭਗਵਾਨ ਬਾਲਮੀਕ ਜੀ ਤੇ ਬਾਬਾ ਜੀਵਨ ਜੀ ਦੀ ਯਾਦ ਵਿੱਚ ਪਿੰਡ ਸ਼ੁਤਰਾਣਾ ਦੇ ਸਮੂਹ ਬਾਲਮੀਕ ਭਾਈਚਾਰੇ ਤੇ ਨੌਜਵਾਨਾਂ ਵੱਲੋਂ ਪ੍ਰਸ਼ਾਦੇ ਤੇ ਚਾਹ ਪਕੌੜੇ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਡਾਕਟਰ ਸੁਸ਼ੀਲ ਨੇ ਦੱਸਿਆ ਕਿ ਭਗਵਾਨ ਬਾਲਮੀਕ ਸਭਾ ਸ਼ੁਤਰਾਣਾ ਦੇ ਨੌਜਵਾਨਾਂ ਤੇ ਸੰਗਤਾਂ ਵੱਲੋਂ ਹਰ ਸਾਲ ਪਹਿਲੀ ਜਨਵਰੀ ਨੂੰ ਮਨੁਖਤਾ ਦੇ ਰਹਿਬਰ ਗੁਰੂ ਰਵਿਦਾਸ ਮਹਾਰਾਜ, ਭਗਵਾਨ ਬਾਲਮੀਕ ਤੇ ਬਾਬਾ ਜੀਵਨ ਸਿੰਘ ਦੀ ਯਾਦ ਵਿੱਚ ਪਿੰਡ ਤੇ ਸਮੂਹ ਭਾਈਚਾਰਿਆਂ ਵਿੱਚ ਏਕਤਾ ਨੂੰ ਮਜ਼ਬੂਤ ਕਰਨ ਲਈ ਧਰਮਸ਼ਾਲਾ ਵਿੱਚ ਲੰਗਰ ਲਗਾਇਆ ਜਾਂਦਾ ਹੈ। ਨੌਜਵਾਨ ਸਭਾ ਸ਼ੁਤਰਾਣਾ ਵੱਲੋਂ ਚਾਹ ਤੇ ਪਕੌੜਿਆਂ ਦਾ ਲੰਗਰ ਸਵੇਰੇ ਨੌਂ ਵਜੇ ਤੋਂ ਚਲਾਇਆ ਜਾ ਰਿਹਾ ਹੈ।ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਸੋਨੂ ਭੱਟੀ, ਕੁਲਦੀਪ ਸਿੰਘ, ਅਰਸ਼ਮੀਤ, ਰਣਧੀਰ ਸਿੰਘ, ਮੱਦੀ ਬਾਗੜੀ, ਸੋਨੂੰ ਬਾਗੜੀ, ਹਰਸ਼ਮੀਤ, ਸੰਨੀ ਹਲਵਾਈ, ਦੀਪ, ਅਮਨਦੀਪ, ਮਲਕੀਤ ਸਿੰਘ, ਰਵੀ ਭਟੀ, ਗੈਵੀ, ਫੂਲਾ ਬਾਗੜੀ ਆਦਿ ਹਾਜ਼ਰ ਸਨ।

## ਮਨਰੇਗਾ 'ਚ ਸੋਧ ਵਿਰੁੱਧ ਮਾਨ ਸਰਕਾਰ ਨੇ ਮਤਾ ਪਾਸ ਕਰਕੇ ਵਿਰੋਧ ਪ੍ਰਗਟਾਇਆ : ਘੁੱਲੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਮਨਰੇਗਾ ਸਬੰਧੀ ਭਾਜਪਾ ਵੱਲੋਂ ਇਨ੍ਹਾਂ ਗੁੰਮਰਾਹਕੁੰਨ ਦਾਅਵਿਆਂ ਦੀ ਵਰਤੋਂ ਕਰਕੇ ਉਸ 'ਜਾਣਬੁੱਝ ਕੇ ਕੀਤੀ ਗਈ ਸਾਜ਼ਿਸ਼' ਨੂੰ ਛੁਪਾਉਣ ਦੀ ਨਿਖੇਧੀ ਕੀਤੀ, ਜਿਸ ਦਾ ਉਦੇਸ਼ ਗਰੀਬਾਂ, ਦਲਿਤਾਂ ਤੇ ਛੋਟੇ ਕਿਸਾਨਾਂ ਨੂੰ ਉਨ੍ਹਾਂ ਦੇ ਰੋਜ਼ੀ-ਰੋਟੀ ਦੇ ਮੁੱਢਲੇ ਅਧਿਕਾਰ ਤੋਂ ਵਾਂਝੇ ਕਰਨਾ ਹੈ।ਉਨ੍ਹਾਂ ਕਿਹਾ ਕਿ ਜਦੋਂ ਕਿ ਭਾਜਪਾ 'ਸੁਧਾਰ' ਦਾ ਬਿਰਤਾਂਤ ਸਿਰਜ ਰਹੀ ਹੈ, ਕੇਂਦਰ ਸਰਕਾਰ 23,000 ਕਰੋੜ ਰੁਪਏ ਤੋਂ ਵੱਧ ਦੀਆਂ ਵੱਡੀਆਂ ਬਕਾਇਆ ਦੇਣਦਾਰੀਆਂ 'ਤੇ ਬੈਠੀ ਹੈ।ਇਸ ਵਿੱਚ ਮਜ਼ਦੂਰਾਂ ਦੀ 12,219 ਕਰੋੜ ਰੁਪਏ ਦੀ ਅਣਪਛਾਤੀ ਮਜ਼ਦੂਰੀ ਤੇ ਪੇਂਡੂ ਵਿਕਾਸ ਪ੍ਰੋਜੈਕਟਾਂ ਲਈ ਪੰਚਾਇਤਾਂ ਦੇ 11,227 ਕਰੋੜ ਰੁਪਏ ਦੇ ਮਟੀਰੀਅਲ ਖਰਚੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਕੀਮ ਵਿੱਚ ਸੁਧਾਰ ਦੇ ਭਾਜਪਾ ਦੇ ਦਾਅਵਿਆਂ ਦੇ ਬਾਵਜੂਦ 2025-26 ਲਈ ਰੱਖੇ ਗਏ ਬਜਟ ਦਾ ਲਗਭਗ 27 ਪ੍ਰਤੀਸ਼ਤ ਹਿੱਸਾ ਜਾਰੀ ਨਹੀਂ ਕੀਤਾ ਗਿਆ ਹੈ, ਜਿਸ ਨਾਲ ਲੱਖਾਂ ਪਰਿਵਾਰ ਭੁੱਖਮਰੀ ਤੇ ਨਿਰਾਸ਼ਾ ਵੱਲ ਧੱਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮਗਨਰੇਗਾ ਨੂੰ ਨਵੇਂ ਫਰੇਮਵਰਕ ਨਾਲ ਬਦਲ ਕੇ, ਜੋ ਵਿੱਤੀ ਬੋਝ ਦਾ 40 ਫੀਸਦੀ ਰਾਜ ਸਰਕਾਰਾਂ 'ਤੇ ਪਾਉਂਦਾ ਹੈ ਅਤੇ ਪ੍ਰੋਜੈਕਟ ਪ੍ਰਸਤਾਵਾਂ ਲਈ ਕੇਂਦਰ ਦੀ ਪਹਿਲਾਂ ਮਨਜ਼ੂਰੀ ਦੀ ਮੰਗ ਕਰਦਾ ਹੈ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਰੁਜ਼ਗਾਰ ਦੀ ਗਾਰੰਟੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਤਮ ਕਰ ਦਿੱਤਾ ਹੈ।ਉਨ੍ਹਾਂ ਦਲੀਲ ਦਿੱਤੀ ਕਿ ਇਹ ਕਦਮ ਭਾਰਤ ਦੇ ਸੰਘੀ ਢਾਂਚੇ 'ਤੇ ਸਿੱਧਾ ਹਮਲਾ ਹਨ।ਉਨ੍ਹਾਂ ਕਾਂਗਰਸ ਪਾਰਟੀ ਦੀ ਚੁੱਪ 'ਤੇ ਵੀ ਸਵਾਲ ਚੁੱਕਦਿਆਂ ਕਿਹਾ ਕਿ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਨ੍ਹਾਂ ਦਮਨਕਾਰੀ ਨੀਤੀਆਂ ਵਿਰੁੱਧ ਵਿਧਾਨ ਸਭਾ ਵਿੱਚ ਰਸਮੀ ਮਤਾ ਪਾਸ ਕਰਨ ਵਾਲੀ ਭਾਰਤ ਦੀ ਪਹਿਲੀ ਸਰਕਾਰ ਬਣ ਗਈ ਹੈ, ਉੱਥੇ ਹੀ ਕਾਂਗਰਸ ਸ਼ਾਸਤ ਰਾਜ ਚੁੱਪ ਹਨ।

## ਪੰਡੋਰੀ ਵਿਖੇ ਮਹਾਨ ਸ਼ਹੀਦਾਂ ਦੀ ਯਾਦ 'ਚ ਕਵੀਸ਼ਰੀ ਮੁਕਾਬਲੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਘਨ੍ਹੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਬੀਬੀ ਜਸਵੰਤ ਕੌਰ ਕੈਨੇਡਾ ਵਾਲਿਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ 20 ਸਾਲ ਤੱਕ ਦੇ ਬੱਚਿਆਂ ਵਿਚਕਾਰ ਕਵੀਸ਼ਰੀ ਮੁਕਾਬਲੇ ਕਰਵਾਏ ਗਏ।ਇਸ ਮੌਕੇ ਵੱਡੀ ਗਿਣਤੀ 'ਚ ਬੱਚਿਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਅੰਤਿਮ ਨਤੀਜੇ ਅਨੁਸਾਰ ਅਨਮੋਲ ਪ੍ਰੀਤ ਕੌਰ ਤੇ ਰਵਿੰਦਰ ਸਿੰਘ ਦੀ ਜੋੜੀ ਨੇ ਪਹਿਲਾ ਸਥਾਨ ਹਾਸਲ ਕਰਕੇ ਪਿੰਡ ਪੰਡੋਰੀ ਦਾ ਮਾਣ ਵਧਾਇਆ, ਦੂਜੇ ਅਤੇ ਤੀਜੇ ਨੰਬਰ ਤੇ ਪਿੰਡ ਲੋਹਟਬੱਦੀ ਦੀਆਂ ਟੀਮਾਂ ਰਹੀਆਂ, ਜਿਨ੍ਹਾਂ ਵਿੱਚ ਜਸ਼ਨਦੀਪ ਕੌਰ, ਏਕਮ ਸਿੰਘ, ਗਗਨਦੀਪ ਕੌਰ, ਮਨਵੀਰ ਕੌਰ, ਤੇਜਿੰਦਰ ਕੌਰ ਤੇ ਜਰਨੈਲ ਕੌਰ ਨੇ ਮੱਲਾਂ ਮਾਰੀਆਂ।ਜੇਤੂ ਵਿਦਿਆਰਥੀਆਂ ਨੂੰ ਭੈਣ ਜਸਵੰਤ ਕੌਰ ਕੈਨੇਡਾ ਨੇ ਸਨਮਾਨਤ ਕਰਦਿਆਂ ਅੱਗੇ ਤੋਂ ਵੱਧ ਤੋਂ ਵੱਧ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਨਾਮਾਂ ਦੀ ਵੰਡ ਮੌਕੇ ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ, ਨਵਦੀਪ ਸਿੰਘ ਬਾਠ, ਬਲਜੀਤ ਸਿੰਘ ਸਿੱਧੂ, ਜਸਕਰਨ ਸਿੰਘ ਬਾਠ, ਮਨਮੋਹਨ ਸਿੰਘ ਖਾਲਸਾ, ਪ੍ਰਧਾਨ ਜਗਤਾਰ ਸਿੰਘ ਜੌਹਲ, ਗ੍ਰੰਥੀ ਸਿੰਘ ਭਾਈ ਬਲਵੰਤ ਸਿੰਘ, ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ, ਨਿਰਮਲ ਸਿੰਘ ਚਹਿਲ, ਅਜਮੇਰ ਸਿੰਘ ਬੋਪਾਰਾਏ, ਬੱਬੂ ਸਿੰਘ, ਕਾਲੂ ਸਿੰਘ ਢੀਂਡਸਾ ਆਦਿ ਹਾਜ਼ਰ ਸਨ।

## ਸਮਾਜ ਸੇਵੀ ਅਮਿਤ ਅੱਗਰਵਾਲ ਵੱਲੋਂ ਨਵੇਂ ਸਾਲ 'ਤੇ ਸਮਾਜਿਕ ਬਦਲਾਅ ਲਈ ਅਹਿਮ ਸੰਕਲਪਾਂ ਦਾ ਸੱਦਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਵੇਂ ਸਾਲ 2026 ਦੇ ਮੌਕੇ 'ਤੇ ਪ੍ਰਸਿੱਧ ਸਮਾਜ ਸੇਵੀ ਤੇ ਐਡਵੋਕੇਟ ਅਮਿਤ ਅੱਗਰਵਾਲ ਨੇ ਸਮਾਜ ਨੂੰ ਸਹੀ ਦਿਸ਼ਾ ਵੱਲ ਲਿਜਾਣ ਲਈ ਅਹਿਮ ਸੰਦੇਸ਼ ਜਾਰੀ ਕਰਦਿਆਂ ਲੋਕਾਂ ਨੂੰ ਸੇਵਾ, ਸਹਿਯੋਗ ਤੇ ਮਨੁੱਖਤਾ ਦੇ ਰਾਹ 'ਤੇ ਚੱਲਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਅਸਲੀ ਜਸ਼ਨ ਉਹੀ ਹੁੰਦਾ ਹੈ, ਜਦੋਂ ਸਮਾਜ ਦਾ ਹਰ ਵਰਗ ਸੁਖੀ ਹੋਵੇ, ਕੋਈ ਭੁੱਖਾ ਨਾ ਸੌਂਵੇ ਤੇ ਹਰ ਬੱਚੇ ਦੇ ਹੱਥ ਵਿੱਚ ਕਿਤਾਬ ਹੋਵੇ।ਨਵਾਂ ਸਾਲ ਸਿਰਫ਼ ਮਨਾਉਣ ਦਾ ਨਹੀਂ, ਸਗੋਂ ਆਪਣੇ ਅੰਦਰ ਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦਾ ਮੌਕਾ ਹੁੰਦਾ ਹੈ।ਅਮਿਤ ਅੱਗਰਵਾਲ ਨੇ ਆਪਣੇ ਸੰਦੇਸ਼ ਵਿੱਚ ਨਸ਼ਾ ਮੁਕਤ ਸਮਾਜ ਦੀ ਲੋੜ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਾ ਅੱਜ ਦੀ ਨੌਜਵਾਨ ਪੀੜ੍ਹੀ ਲਈ ਸਭ ਤੋਂ ਵੱਡੀ ਚੁਣੌਤੀ ਬਣ ਚੁੱਕਾ ਹੈ।ਉਨ੍ਹਾਂ ਆਖਿਆ ਕਿ ਜੇਕਰ ਅਸੀਂ ਆਪਣੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ, ਸਿੱਖਿਆ ਤੇ ਰਚਨਾਤਮਕ ਕਾਰਜਾਂ ਵੱਲ ਪ੍ਰੇਰਿਤ ਕਰੀਏ, ਤਾਂ ਇੱਕ ਮਜ਼ਬੂਤ ਤੇ ਸਿਹਤਮੰਦ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ।ਇਸ ਦੇ ਨਾਲ ਹੀ ਉਨ੍ਹਾਂ ਵਾਤਾਵਰਣ ਦੀ ਸੰਭਾਲ ਨੂੰ ਸਮੇਂ ਦੀ ਸਭ ਤੋਂ ਵੱਡੀ ਲੋੜ ਦੱਸਿਆ।ਉਨ੍ਹਾਂ ਕਿਹਾ ਕਿ ਰੁੱਖ ਲਗਾਉਣਾ, ਪਾਣੀ ਦੀ ਬਚਤ ਕਰਨਾ ਤੇ ਪ੍ਰਕਿਰਤੀ ਨਾਲ ਸਾਂਝ ਬਣਾਈ ਰੱਖਣਾ ਸਾਡਾ ਫ਼ਰਜ਼ ਹੈ।ਹਰ ਨਾਗਰਿਕ ਨੂੰ ਚਾਹੀਦਾ ਹੈ ਕਿ ਉਹ ਘੱਟੋ-ਘੱਟ ਇੱਕ ਰੁੱਖ ਲਗਾ ਕੇ ਉਸ ਦੀ ਦੇਖਭਾਲ ਦਾ ਜ਼ਿੰਮਾ ਜ਼ਰੂਰ ਲਵੇ।ਅੰਤ ਵਿੱਚ ਉਨ੍ਹਾਂ ਅਰਦਾਸ ਕੀਤੀ ਕਿ ਸਾਲ 2026 ਹਰ ਕਿਸੇ ਲਈ ਤੰਦਰੁਸਤੀ, ਖ਼ੁਸ਼ਹਾਲੀ ਤੇ ਚੜ੍ਹਦੀ ਕਲਾ ਲੈ ਕੇ ਆਵੇ ਅਤੇ ਅਸੀਂ ਸਭ ਨਫ਼ਰਤਾਂ ਨੂੰ ਤਿਆਗ ਕੇ ਮੁਹੱਬਤ ਤੇ ਸੇਵਾ ਦੇ ਰਾਹ 'ਤੇ ਅੱਗੇ ਵਧੀਏ।

## ਨਵੇਂ ਵਰ੍ਹੇ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਖੰਡ ਪਾਠ ਦੇ ਭੋਗ ਪਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੀ ਲੀਡਰਸ਼ਿਪ ਵੱਲੋਂ ਨਵੇਂ ਵਰ੍ਹੇ 2026 ਦੀ ਆਮਦ 'ਤੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪਾਰਟੀ ਦੀ ਚੜ੍ਹਦੀਕਲਾ ਤੇ ਸਰਬੱਤ ਦੇ ਭਲੇ ਲਈ ਸ੍ਰੀ ਆਖੰਡ ਪਾਠ ਸਾਹਿਬ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਤੋਂ ਇਲਾਵਾ ਪਾਰਟੀ ਦੀ ਚੜ੍ਹਦੀਕਲਾ ਲਈ ਅਰਦਾਸ ਵੀ ਕੀਤੀ। ਇਸ ਮੌਕੇ ਭਾਰੀ ਗਿਣਤੀ 'ਚ ਇਕੱਤਰ ਹੋਏ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਨਵਾਂ ਵਰ੍ਹਾ ਸਮੂਹ ਮਨੁੱਖਤਾ ਲਈ ਖੁਸ਼ੀਆਂ, ਖੇੜੇ ਭਰਿਆ ਹੋਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਲਈ ਸਮੂਹ ਵਰਕਰਾਂ ਨੂੰ 2026 ਵਿੱਚ ਇਕਜੁਟ ਹੋ ਕੇ ਕੰਮ ਕਰਨ। ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵੱਲੋਂ ਮੈਨੇਜਰ ਜਸਵੀਰ ਸਿੰਘ ਮੰਗਲੀ ਤੇ ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁੱਖ ਨੇ ਪਰਮਜੀਤ ਸਿੰਘ ਢਿੱਲੋਂ ਨੂੰ ਸਿਰੋਪਾਓ ਭੇਟ ਕੀਤਾ। ਇਸ ਮੌਕੇ ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਢਿੱਲੋਂ, ਹਰਜਤਿੰਦਰ ਸਿੰਘ ਬਾਜਵਾ, ਬਲਾਕ ਸੰਮਤੀ ਮੈਂਬਰ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਥੇਦਾਰ ਜਸਮੇਲ ਸਿੰਘ ਬੌਂਦਲੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਕੁਲਵਿੰਦਰ ਸਿੰਘ ਨੀਲਾ, ਸਿਮਰਨਜੀਤ ਸਿੰਘ ਗੋਗੀਆ ਆਦਿ ਮੌਜੂਦ ਸਨ।

## ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਖ਼ਿਲਾਫ਼ ਐੱਫ ਆਈ ਆਰ ਦਰਜ ਕਰਨ ਦੀ ਨਿੰਦਾ

- ਐੱਫ ਆਈ ਆਰ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ
- 4 ਦੇ ਚੰਡੀਗੜ੍ਹ ਧਰਨੇ ਦੀ ਪੁਰਜ਼ੋਰ ਹਮਾਇਤ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨਿਰਪੱਖ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਵਿਰੁੱਧ ਦਬਾਅ ਤੇ ਜਬਰ ਦੀ ਨੀਤੀ ਅਪਣਾਈ ਹੈ, ਜੋ ਲਗਾਤਾਰ ਸਰਕਾਰ ਦੇ ਪੰਜਾਬ ਵਿਰੋਧੀ ਚਿਹਰੇ ਨੂੰ ਬੇਨਕਾਬ ਕਰ ਰਹੇ ਹਨ।

ਆਗੂਆਂ ਨੇ ਕਿਹਾ ਕਿ ਆਰ ਟੀ ਆਈ ਕਾਰਕੁਨ ਮਾਣਿਕ ਗੋਇਲ, ਵਰਲਡ ਟੀ ਵੀ ਦੇ ਪੱਤਰਕਾਰ ਮਿੰਟੂ ਗੁਰੂਸਰੀਆ ਤੇ ਲੋਕ ਆਵਾਜ਼ ਟੀਵੀ ਦੇ ਮਨਿੰਦਰਜੀਤ ਸਿੱਧੂ ਵਿਰੁੱਧ ਝੂਠਾ ਤੇ ਸਾਜ਼ਿਸ਼ੀ ਮਾਮਲਾ ਦਰਜ ਕਰਨਾ ਆਜ਼ਾਦ ਮੀਡੀਆ ਦੀ ਆਵਾਜ਼ ਨੂੰ ਦਬਾਉਣ ਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾਉਣ ਦੀ ਇੱਕ ਭੈੜੀ ਯਤਨ ਹੈ।ਜ਼ਿਕਰਯੋਗ ਹੈ ਕਿ ਇਹ ਸਭ ਕੁੱਝ ਆਮ ਆਦਮੀ ਪਾਰਟੀ ਦੀ ਦਿੱਲੀ ਹਾਈ ਕਮਾਨ ਦੇ ਇਸ਼ਾਰਿਆਂ 'ਤੇ ਹੀ ਕੀਤਾ ਜਾ ਰਿਹਾ ਹੈ, ਕਿਉਂਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਨੂੰ ਅਹਿਸਾਸ ਹੋ ਚੁੱਕਾ ਹੈ ਕਿ ਉਨ੍ਹਾਂ ਦਾ ਅਸਲ ਚਿਹਰਾ ਬੇਨਕਾਬ ਹੋ ਚੁੱਕਾ ਹੈ।ਇਸ ਲਈ ਪੰਜਾਬ ਦੇ ਇਨਸਾਫ਼ ਪਸੰਦ ਲੋਕ ਹੁਣ ਇਨ੍ਹਾਂ ਨੂੰ ਸੱਤਾ 'ਤੇ ਕਾਬਜ਼ ਨਹੀਂ ਹੋਣ ਦੇਣਗੇ।ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਇਸ ਤਰ੍ਹਾਂ ਦੇ ਗੈਰ-ਲੋਕਤੰਤਰੀ ਕਾਰਨਾਮਿਆਂ ਦੀ ਸਖ਼ਤ ਨਿਖੇਧੀ ਕੀਤੀ ਹੈ।ਜਥੇਬੰਦੀਆਂ ਨੇ ਐਲਾਨ ਕੀਤਾ ਕਿ ਉਹ ਲੋਕ ਅਵਾਜ਼ ਉਠਾਉਣ ਅਤੇ ਸੱਤਾ ਧਿਰ ਦੇ ਪਰਦੇ ਫਾਸ਼ ਕਰਨ ਵਾਲੇ ਇਨ੍ਹਾਂ ਪੱਤਰਕਾਰਾਂ ਤੇ ਆਰਟੀਆਈ ਕਾਰਕੁਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।ਉਨ੍ਹਾਂ ਉੱਤੇ ਗਲਤ ਤੇ ਜਬਰੀ ਦਰਜ ਕੀਤੇ ਪਰਚੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ।ਪੱਤਰਕਾਰਾਂ ਨੂੰ ਕਾਨੂੰਨੀ ਸਹਾਇਤਾ ਸਬੰਧੀ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਤੋਂ ਇਲਾਵਾ 4 ਜਨਵਰੀ ਨੂੰ ਚੰਡੀਗੜ੍ਹ ਵਿਖੇ ਲਗਾਏ ਜਾਣ ਵਾਲੇ ਧਰਨੇ ਦੀ ਹਮਾਇਤ ਦਾ ਵੀ ਐਲਾਨ ਕੀਤਾ।ਇਸ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ 'ਚ ਰੁਲਦੂ ਸਿੰਘ ਸੂਬਾ ਪ੍ਰਧਾਨ ਪੰਜਾਬ ਕਿਸਾਨ ਯੂਨੀਅਨ, ਐਡਵੋਕੇਟ ਗੁਰਲਾਭ ਸਿੰਘ ਮਾਹਲ ਆਗੂ ਸੰਵਿਧਾਨ ਬਚਾਓ ਮੰਚ, ਧੰਨਾ ਮੱਲ ਗੋਇਲ ਸੂਬਾ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ, ਕ੍ਰਿਸ਼ਨ ਚੌਹਾਨ ਜ਼ਿਲ੍ਹਾ ਸਕੱਤਰ ਸੀ ਪੀ ਆਈ, ਕਰਨੈਲ ਸਿੰਘ ਮਾਨਸਾ, ਸੁਖਚਰਨ ਸਿੰਘ ਦਾਨੇਵਾਲੀਆ ਹਾਜ਼ਰ ਸਨ।

## ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਨਵੇਂ ਸਾਲ ਦੇ ਪਹਿਲੇ ਕੈਂਪ 'ਚ 21 ਯੂਨਿਟ ਖ਼ੂਨ ਦਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਸਾਲ ਦਾ ਪਹਿਲਾ ਖੂਨਦਾਨ ਕੈਂਪ ਜਨ ਸਹਾਇਤਾ ਕੇਂਦਰ ਵਿਖੇ ਲਗਾਇਆ ਗਿਆ।ਕੈਂਪ ਦਾ ਉਦਘਾਟਨ ਏ. ਐੱਸ. ਆਈ. ਹਰਦੀਪ ਸਿੰਘ ਘੱਗਾ ਤੇ ਜਗਵੰਤ ਸਿੰਘ ਜੱਗੀ ਨੇ ਇਕੱਠਿਆਂ ਖੂਨਦਾਨ ਕਰਕੇ ਕੀਤਾ, ਜਦੋਂਕਿ ਐਡਵੋਕੇਟ ਭਾਗ ਸਿੰਘ ਰਾਮਗੜ੍ਹ ਨੇ 34ਵੀਂ ਵਾਰ, ਐਡਵੋਕੇਟ ਸੁਖਜੀਵਨ ਸਿੰਘ ਗੁਰੀ, ਪਰਮਜੀਤ ਸਿੰਘ ਪੰਮੀ, ਗੁਰਦਾਸ ਸਿੰਘ ਸਿਉਣਾ, ਅਮਿਤ ਸ਼ਰਮਾ, ਬਲਜਿੰਦਰ ਸਿੰਘ, ਬਹਾਦਰ ਸਿੰਘ, ਗੁਰਮਿੰਦਰ ਸਿੰਘ ਮਿਹੋਣ, ਥਾਣੇਦਾਰ ਸੁਰਿੰਦਰ ਸਿੰਘ, ਰਾਮ ਸਿੰਘ ਬਿੱਲਾ ਸਾਬਕਾ ਸਰਪੰਚ ਕਟਕਹੇੜੀ ਸਮੇਤ 21 ਵਲੰਟੀਅਰਾਂ ਨੇ ਖ਼ੂਨ ਦਾਨ ਕੀਤਾ।ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕੀਤਾ ਗਿਆ।ਕੈਂਪ ਵਿਚ ਪ੍ਰਿੰਸੀਪਲ ਰਿਪੁਦਮਨ ਸਿੰਘ, ਸਾਬਕਾ ਡੀ. ਐੱਸ. ਪੀ. ਨਾਹਰ ਸਿੰਘ ਮਾਜਰੀ, ਹਰਵਿੰਦਰਪਾਲ, ਕਵੀ ਯਤਿੰਦਰ ਕੁਮਾਰ, ਅੰਤਰਰਾਸ਼ਟਰੀ ਲੇਖਕ ਤੇ ਸਿੱਖਿਆ ਸ਼ਾਸਤਰੀ ਅਨਿਲ ਭਾਰਤੀ, ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਜਥੇਦਾਰ ਕਰਨ ਸਿੰਘ ਜੌਲੀ, ਚਾਚਾ ਜਗਰਾਜ ਸਿੰਘ ਚਹਿਲ, ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਨਰੇਸ਼ ਕੁਮਾਰ ਨਾਭਾ, ਗੁਰਪ੍ਰੀਤ ਸਿੰਘ ਲਲੀਨਾ, ਠੇਕੇਦਾਰ ਗੁਰਬਚਨ ਸਿੰਘ, ਭਾਈ ਰਵਿੰਦਰ ਸਿੰਘ ਝਾਂਬਰ, ਤੇਜਿੰਦਰ ਸਿੰਘ ਮੰਡੇਰ, ਗੁਰਪ੍ਰੀਤ ਸਿੰਘ ਲਲੀਨਾ, ਹਰਜਿੰਦਰ ਢੀਂਡਸਾ, ਰਣਜੀਤ ਸਿੰਘ ਝੰਡੀ ਤੇ ਮਨਸਾਹਿਬ ਸਿੰਘ ਹਾਜ਼ਰ ਸਨ।ਇਸ ਮੌਕੇ ਹਰਦੀਪ ਸਿੰਘ ਸਨੌਰ ਨੇ ਪੰਜਾਬ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਖ਼ੂਨਦਾਨੀਆਂ ਦੀ ਭਲਾਈ ਲਈ ਸੂਬਾ ਸਰਕਾਰ 'ਬਲੱਡ ਡੋਨਰਜ਼ ਵੈੱਲਫੇਅਰ ਬੋਰਡ' ਦਾ ਗਠਨ ਕਰੇ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਨਸ਼ਿਆਂ ਤੋਂ ਦੂਰ ਹੋ ਕੇ ਪਰਉਪਕਾਰ ਦੀ ਇਸ ਮਹਾਨ ਸੇਵਾ ਨਾਲ ਜੁੜ ਕੇ ਮਾਣ ਮਹਿਸੂਸ ਕਰਨ।

## ਪੱਤਰਕਾਰਾਂ ਤੇ ਆਰਟੀਆਈ ਕਾਰਕੁਨਾਂ 'ਤੇ ਪਰਚੇ ਕਰਨ ਦੀ ਏਕਤਾ ਉਗਰਾਹਾਂ ਵੱਲੋਂ ਸਖਤ ਨਿਖੇਧੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਨਜਿੰਦਰ ਸਿੰਘ ਸਿੱਧੂ, ਮਿੰਟੂ ਗੁਰੂਸਰੀਆ, ਮਾਨਿਕ ਗੋਇਲ ਸਮੇਤ 10 ਪੱਤਰਕਾਰਾਂ ਤੇ ਆਰਟੀਆਈ ਕਾਰਕੁਨਾਂ 'ਤੇ ਲੁਧਿਆਣਾ ਦੀ ਪੁਲਸ ਵੱਲੋਂ ਕੀਤੇ ਪਰਚੇ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਵੱਲੋਂ ਸਖਤ ਨਿਖੇਧੀ ਕੀਤੀ ਗਈ। ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਚੱਕੇ ਗਏ ਇਹ ਕਦਮ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੀ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਦੀ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਕੇ ਕੀਤੇ ਜਾ ਰਹੇ ਆਰਥਿਕ ਹੱਲਿਆਂ ਦਾ ਟਾਕਰਾ ਕਰ ਰਹੇ ਲੋਕਾਂ ਦੇ ਰੋਹ ਦੀ ਪ੍ਰੈੱਸ ਰਾਹੀਂ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੀਆਂ ਨਕਾਮੀਆਂ ਦੀ ਪੋਲ ਲੋਕਾਂ ਵਿੱਚ ਪੇਸ਼ ਕੀਤੀ ਜਾਂਦੀ ਹੈ, ਜਿਸ ਨੂੰ ਭਗਵੰਤ ਮਾਨ ਸਰਕਾਰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਭੁਲੇਖਾ ਹੀ ਹੈ, ਹੱਕ ਸੱਚ ਦੀ ਆਵਾਜ਼ ਕਦੇ ਵੀ ਬੰਦ ਨਹੀਂ ਕੀਤੀ ਜਾ ਸਕਦੀ।ਕਿਸਾਨ ਆਗੂਆਂ ਨੇ ਸੱਦਾ ਦਿੱਤਾ ਕਿ ਸਰਕਾਰ ਦੇ ਇਸ ਹਮਲੇ ਵਿਰੁੱਧ ਸਮੂਹ ਕਿਰਤੀ ਲੋਕ ਸੰਘਰਸ਼ ਦੇ ਮੈਦਾਨ 'ਚ ਆਉਣ।ਉਨ੍ਹਾਂ ਕਿਹਾ ਕਿ ਪੱਤਰਕਾਰ ਭਾਈਚਾਰੇ ਵੱਲੋਂ ਜੋ ਵੀ ਇਸ ਖਿਲਾਫ ਪ੍ਰੋਗਰਾਮ ਉਲੀਕਿਆ ਜਾਵੇਗਾ, ਜਥੇਬੰਦੀ ਵੱਲੋਂ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ।

ਉਨ੍ਹਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫਤਾਰ ਕਰਨ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਭਗਵੰਤ ਮਾਨ ਸਰਕਾਰ ਮਗਨਰੇਗਾ ਸਕੀਮ ਦਾ ਵਿਰੋਧ ਕਰਕੇ ਗਰੀਬਾਂ ਦੇ ਪੱਖੀ ਹੋਣ ਦਾ ਢੌਂਗ ਰਚ ਰਹੀ ਹੈ, ਦੂਜੇ ਪਾਸੇ ਮਜ਼ਦੂਰਾਂ ਲਈ ਸੰਘਰਸ਼ ਕਰ ਰਹੇ ਆਗੂ ਨੂੰ 11 ਸਾਲ ਪੁਰਾਣੇ ਕੇਸ ਵਿੱਚ ਉਲਝਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਆਗੂਆਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਰਹੀ ਹੈ ਅਤੇ ਬਾਕੀ ਆਗੂਆਂ ਨੂੰ ਵੀ ਜੇਲ੍ਹਾਂ ਵਿੱਚ ਬੰਦ ਕਰਨ ਦੀਆਂ ਸਕੀਮਾਂ ਘੜ ਰਹੀ ਹੈ ਤਾਂ ਜੋ ਲੋਕ ਵਿਰੋਧੀ ਨੀਤੀਆਂ ਲੋਕਾਂ 'ਤੇ ਮੜੀਆਂ ਜਾ ਸਕਣ।ਉਨ੍ਹਾਂ ਮੰਗ ਕੀਤੀ ਕਿ ਪੱਤਰਕਾਰਾਂ ਖਿਲਾਫ ਕੀਤਾ ਪੁਲਸ ਪਰਚਾ ਰੱਦ ਕੀਤਾ ਜਾਵੇ ਅਤੇ ਮਜ਼ਦੂਰ ਆਗੂ ਮੁਕੇਸ਼ ਮਲੌਦ ਖਿਲਾਫ ਪਰਚਾ ਰੱਦ ਕਰਕੇ ਉਸ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

## ਕੜਾਕੇ ਦੀ ਠੰਢ 'ਚ ਚੱਲ ਰਿਹਾ ਐਨ ਐਚ 254 ਜਵਾਹਰ ਸਿੰਘ ਵਾਲਾ ਵਿਖੇ 112 ਦਿਨਾਂ ਤੋਂ ਧਰਨਾ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਪੱਤੋਂ ਜਵਾਹਰ ਸਿੰਘ ਵਾਲਾ ਵਿਖੇ ਅਬਾਦੀ ਵਿੱਚੋਂ ਦੀ ਲੰਘ ਰਹੇ ਐਨ ਐਚ 254 ਰੋਡ ਉੱਪਰ 112 ਦਿਨਾਂ ਤੋਂ ਚੱਲ ਰਿਹਾ ਧਰਨਾ ਅਤੇ 25 ਦਸੰਬਰ 2025 ਤੋਂ ਚੱਲ ਰਿਹਾ ਦਿਨ ਰਾਤ ਦਾ ਧਰਨਾ ਪਰ ਇੱਕ ਪਾਸੇ ਠੰਢ ਜ਼ਿਆਦਾ ਪੈ ਰਹੀ ਹੈ ਇੱਕ ਦਿਲਚਸਪ ਗੱਲ ਇਹ ਹੈ ਕਿ ਇਸ ਧਰਨੇ ਵਿੱਚ ਛੋਟੇ ਛੋਟੇ ਬੱਚੇ ਰਾਤ ਸਮੇਂ ਹੁੰਦੇ ਹਨ।ਸ਼ੇਰ-ਏ-ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਕਿਹਾ ਕਿ ਇੱਕ ਪਾਸੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਹਾ ਸਾਡੀ ਸਰਕਾਰ ਪਿੰਡਾਂ ਦੀਆਂ ਸੱਥਾਂ ਤੋਂ ਚੱਲਿਆ ਕਰੇਗੀ, ਪਰ ਇਹ ਸਭ ਕੁੱਝ ਉਲਟ ਹੋ ਰਿਹਾ ਹੈ ਕਿ ਸਾਡੀ ਸਰਕਾਰ 'ਚ ਕੋਈ ਧਰਨਾ ਨਹੀਂ ਲੱਗੇਗਾ, ਪਰ ਸਭ ਕੁੱਝ ਇਸ ਦੇ ਉਲਟ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਛੋਟੇ-ਛੋਟੇ ਬੱਚੇ ਜੋ ਲਗਾਤਾਰ 25 ਦਸੰਬਰ 2025 ਤੋਂ ਰਾਤ ਸਮੇਂ ਧਰਨੇ ਵਿੱਚ ਬੈਠੇ ਹਨ ਤੇ ਠੰਡ ਜ਼ਿਆਦਾ ਹੋਣ ਕਾਰਨ ਜੇ ਕਿਸੇ ਬੱਚੇ ਨੂੰ ਨੁਕਸਾਨ ਹੁੰਦਾ ਹੈ। ਉਸ ਦਾ ਪ੍ਰਸ਼ਾਸਨ ਤੇ ਸਰਕਾਰ ਜ਼ੁੰਮੇਵਾਰੀ ਹੋਵੇਗੀ ਤੇ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਉਨ੍ਹਾਂ ਬਣਾਈ ਹੋਈ 10 ਮੈਂਬਰੀ ਕਮੇਟੀ ਤੇ ਸ਼ੇਰੇ ਏ ਪੰਜਾਬ ਯੂਨੀਅਨ ਦੇ ਆਗੂਆਂ ਵੱਲੋਂ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ, ਪਰ ਉਨ੍ਹਾਂ ਮੰਗ ਪੱਤਰ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਸਬੰਧੀ ਸ਼ੇਰੇ ਏ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਇਹ ਵੀ ਕਿਹਾ ਇਸ ਰੋਡ ਉੱਪਰ ਪੁਲ ਦੀ ਉਸਾਰੀ ਨਾ ਕੀਤੀ ਜਾਵੇ, ਸਗੋਂ ਇਸ ਰੋਡ ਨੂੰ ਨੀਵਾਂ ਬਣਾਇਆ ਜਾਵੇ ਤੇ ਉਨ੍ਹਾਂ ਇਹ ਵੀ ਕਿਹਾ ਗਿਆ ਕਿ ਇਸ ਰੋਡ ਉੱਪਰ ਲੱਗੇ ਹੋਏ ਧਰਨੇ ਦੀ ਸਮੱਸਿਆ ਦਾ ਹੱਲ ਜਲਦੀ ਨਾ ਕੱਢਿਆ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਦਿੱਤੀ ਚੇਤਾਵਨੀ।ਇਸ ਸਮੇਂ ਕਿਸਾਨ ਆਗੂ ਤੇ ਹੋਰ ਭਰਾਥਰੀਆ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

## ਨਵੇਂ ਸਾਲ ਦੀ ਆਮਦ 'ਤੇ ਦੇਵ ਮਾਨ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ



**ਨਾਭਾ (ਵਰਿੰਦਰ ਵਰਮਾ)**-ਨਵੇਂ ਸਾਲ ਦੀ ਆਮਦ 'ਤੇ ਨਾਭਾ ਨਗਰ ਕੌਂਸਲ ਦੇ ਸਮੂਹ ਸਟਾਫ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਸਮਾਗਮ ਵਿੱਚ ਨਾਭਾ ਦੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸ਼ਿਰਕਤ ਕੀਤੀ ਅਤੇ ਕਿਹਾ ਕਿ ਨਵੇਂ ਸਾਲ ਦੀ ਆਮਦ 'ਤੇ ਵੱਖ-ਵੱਖ ਥਾਵਾਂ 'ਤੇ ਕਰੋੜਾਂ ਰੁਪਏ ਦੇ ਉਦਘਾਟਨ ਕਰ ਰਹੇ ਹਾਂ, ਕਿਉਂਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਸਰਕਾਰ ਵਚਨਬੱਧ ਹੈ।ਇਸ ਮੌਕੇ ਉਨ੍ਹਾਂ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਵੀ ਤੰਜ ਕੱਸੇ ਤੇ ਕਿਹਾ ਕਿ ਜੋ ਅੱਜ ਅਸੀਂ 50 ਲੱਖ ਰੁਪਏ ਦੀ ਲਾਗਤ ਨਾਲ ਬੱਸ ਸਟੈਂਡ ਦੇ ਅੰਦਰ ਸੀਵਰੇਜ ਪਵਾ ਰਹੇ ਹਾਂ, ਪਹਿਲਾਂ ਕਾਂਗਰਸ ਸਰਕਾਰ ਸਮੇਂ ਰਾਜਾ ਵੜਿੰਗ ਨੇ 4 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬੱਸ ਸਟੈਂਡ ਦੇ ਨਵੀਨੀਕਰਨ ਨੂੰ ਲੈ ਕੇ ਨੀਂਹ ਪੱਥਰ ਰੱਖਿਆ ਸੀ, ਪਰ ਇਨ੍ਹਾਂ ਵੱਲੋਂ ਸ਼ੋਸ਼ੇਬਾਜ਼ੀ ਹੀ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸਾਡੀ ਤਿਆਰੀ ਪੂਰੀ ਹੈ।ਉਨ੍ਹਾ ਕਿਹਾ ਕਿ ਨਵੇਂ ਸਾਲ ਦੀ ਆਮਦ 'ਤੇ ਅੱਜ ਵੱਖ-ਵੱਖ ਥਾਵਾਂ 'ਤੇ ਕਰੋੜਾਂ ਰੁਪਏ ਦੇ ਉਦਘਾਟਨ ਕਰ ਰਹੇ ਹਾਂ, ਕਿਉਂਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਨਗਰ ਕੌਂਸਲ ਦੇ ਕਾਰਜਕਾਰਨੀ ਪ੍ਰਧਾਨ ਜਸਦੀਪ ਸਿੰਘ ਖੰਨਾ, ਸਾਬਕਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਅੱਜ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ ਤੇ ਨਾਭਾ ਦੇ ਬੱਸ ਸਟੈਂਡ ਵਿੱਚ 50 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਵਾ ਰਹੇ ਆ ਤਾਂ ਜੋ ਆਉਣ-ਜਾਣ ਵਾਲੇ ਯਾਤਰੀਆ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

## ਸੇਵਾ ਮੁਕਤ ਕੈਪਟਨ ਜਸਕਰਨ ਸਿੰਘ ਦਾ ਗੁੱਡ ਮੌਰਨਿੰਗ ਕਲੱਬ ਵੱਲੋਂ ਸਨਮਾਨ

- ਭਾਰਤੀ ਫ਼ੌਜੀਆਂ ਦਾ ਕਲੱਬ ਵੱਲੋਂ ਕੀਤਾ ਜਾਂਦਾ ਹੈ ਦਿਲੋਂ ਮਾਣ ਸਤਿਕਾਰ : ਢਿੱਲੋਂ



**ਕੋਟਕਪੂਰਾ (ਰਛਪਾਲ ਭੁੱਲਰ)** : ਨੇੜਲੇ ਪਿੰਡ ਔਲਖ ਦੇ ਹੋਣਹਾਰ ਨੌਜਵਾਨ ਜਸਕਰਨ ਸਿੰਘ ਦੇ ਫੌਜ ਵਿੱਚ ਬਤੌਰ ਕੈਪਟਨ ਸੇਵਾਮੁਕਤ ਹੋਣ ਉਪਰੰਤ ਰੇਲਵੇ ਸਟੇਸ਼ਨ ਕੋਟਕਪੂਰਾ ਵਿਖੇ ਪੁੱਜਣ 'ਤੇ ਉਸ ਦਾ ਢੋਲ ਢਮੱਕੇ ਤੇ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ।ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਕੋਟਕਪੂਰਾ ਦੇ ਸਥਾਨਕ ਮਿਉਂਸਪਲ ਪਾਰਕ ਵਿਖੇ ਸਥਿੱਤ ਮੰਚ ਤੇ ਸੈਲਫੀ ਪੁਆਇੰਟ 'ਤੇ ਜਸਕਰਨ ਸਿੰਘ ਔਲਖ ਦਾ ਪਰਵਾਰ ਸਮੇਤ ਸੁਆਗਤ ਤੇ ਸਨਮਾਨ ਕਰਨ ਮੌਕੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਜਨਰਲ ਸਕੱਤਰ ਪ੍ਰੋ. ਐੱਚ. ਐੱਸ. ਪਦਮ ਨੇ ਆਖਿਆ ਕਿ ਗੁੱਡ ਮੌਰਨਿੰਗ ਕਲੱਬ ਹੋਰਨਾਂ ਸਤਿਕਾਰਤ ਸੰਸਥਾਵਾਂ, ਜਥੇਬੰਦੀਆਂ, ਸ਼ਖ਼ਸੀਅਤਾਂ ਦੇ ਨਾਲ ਨਾਲ ਫੌਜ ਵਿੱਚ ਸੇਵਾਵਾਂ ਨਿਭਾਉਣ ਵਾਲੀਆਂ ਹਸਤੀਆਂ ਦਾ ਵੀ ਬਰਾਬਰ ਸਨਮਾਨ ਕਰਦੀ ਹੈ, ਕਿਉਂਕਿ ਸਰਹੱਦਾਂ ਦੀ ਰਾਖੀ ਕਰਨ ਮੌਕੇ ਦੁਸ਼ਮਣ ਨਾਲ ਲੋਹਾ ਲੈਂਦੇ ਸਾਡੇ ਫੌਜੀ ਵੀਰ ਸਾਰੇ ਦੇਸ਼ ਨੂੰ ਆਰਾਮ ਦੀ ਨੀਂਦ ਸੌਣ ਦਾ ਮੌਕਾ ਪ੍ਰਦਾਨ ਕਰਦੇ ਹਨ।ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਖਜ਼ਾਨਚੀ ਜਸਕਰਨ ਸਿੰਘ ਭੱਟੀ ਨੇ ਦੱਸਿਆ ਕਿ ਕੈਪਟਨ ਔਲਖ ਦਾ ਸਿਰੋਪਾਉ ਦੀ ਬਖਸ਼ਿਸ਼, ਕਲੱਬ ਦੇ ਸੋਵੀਨੀਅਰ-ਕਮ-ਡਾਇਰੀ ਤੇ ਨਵੇਂ ਸਾਲ ਦੇ ਕੈਲੰਡਰ ਨਾਲ ਸਨਮਾਨ ਕਰਨ ਮੌਕੇ ਕੈਪਟਨ ਔਲਖ ਦੇ ਸਮੁੱਚੇ ਪਰਿਵਾਰ ਤੇ ਨਾਲ ਆਏ ਪਤਵੰਤਿਆਂ ਨੂੰ ਕਲੱਬ ਦੇ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਤੋਂ ਜਾਣੂ ਕਰਵਾਇਆ ਗਿਆ।

ਪਿੰਡ ਦੇ ਸਾਬਕਾ ਸਰਪੰਚ ਉਧਮ ਸਿੰਘ ਔਲਖ ਜ਼ਿਲ੍ਹਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਫਰੀਦਕੋਟ ਨੇ ਦੱਸਿਆ ਕਿ ਸਾਲ 1992 ਵਿੱਚ ਫੌਜ ਵਿੱਚ ਬਤੌਰ ਸਿਪਾਹੀ ਭਰਤੀ ਹੋਇਆ ਜਸਕਰਨ ਸਿੰਘ ਅੱਜ 33 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਕੇ ਫੌਜ ਦੇ ਸਰਬਉੱਤਮ ਰੈਂਕ ਕੈਪਟਨ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਉਪਰੰਤ ਪਹਿਲੀਵਾਰ ਘਰ ਵਾਪਸ ਪਰਤ ਰਿਹਾ ਹੈ।ਗੁੱਡ ਮੌਰਨਿੰਗ ਕਲੱਬ ਦੇ ਪੀ.ਆਰ.ਓ. ਮਾ. ਸੋਮਨਾਥ ਅਰੋੜਾ ਨੇ ਖੁਸ਼ੀ ਵਿੱਚ ਖੀਵੇ ਹੁੰਦਿਆਂ ਆਖਿਆ ਕਿ ਉਸ ਦਾ ਪੜ੍ਹਾਇਆ ਵਿਦਿਆਰਥੀ ਕੈਪਟਨ ਦੇ ਉੱਚ ਅਹੁਦੇ ਤੋਂ ਸੇਵਾਮੁਕਤ ਹੋ ਕੇ ਆਇਆ ਹੈ, ਇਸ ਦੀ ਉਨ੍ਹਾਂ ਨੂੰ ਖੁਸ਼ੀ ਤੇ ਮਾਣ ਹੈ।ਕੈਪਟਨ ਜਸਕਰਨ ਸਿੰਘ ਔਲਖ ਦਾ ਵਿਸ਼ੇਸ਼ ਸਨਮਾਨ ਕਰਨ ਮੌਕੇ ਉਪਰੋਕਤ ਤੋਂ ਇਲਾਵਾ ਗੁਰੂ ਨਾਨਕ ਮੋਦੀਖਾਨਾ ਦੇ ਸੰਚਾਲਕ ਹਰਪ੍ਰੀਤ ਸਿੰਘ ਖਾਲਸਾ ਸਮੇਤ ਦਰਸ਼ਨ ਸਿੰਘ ਆਰੇਵਾਲਾ, ਸੁਖਵਿੰਦਰ ਸਿੰਘ ਬਾਗੀ, ਹਰਦੀਪ ਸਿੰਘ ਫਿੱਡੂ ਭਲਵਾਨ, ਜਸਬੀਰ ਸਿੰਘ ਰਿੱਕੀ ਸੇਠੀ, ਗੁਰਵਿੰਦਰ ਕੁਮਾਰ ਗੋਂਦਾ ਗੇਰਾ, ਓਮ ਪ੍ਰਕਾਸ਼ ਗੁਪਤਾ, ਇੰਜੀ. ਅਸ਼ੋਕ ਸੇਠੀ, ਪਰਮਜੀਤ ਸਿੰਘ ਮੱਕੜ, ਸਰਪੰਚ ਜੋਗਿੰਦਰ ਸਿੰਘ ਸੁਰਘੁਰੀ, ਮਾ. ਮੁਖਤਿਆਰ ਸਿੰਘ ਮੱਤਾ, ਮਾ. ਸੋਮਨਾਥ ਅਰੋੜਾ, ਸੁਰਿੰਦਰ ਕੁਮਾਰ ਕਾਕਾ ਸ਼ਰਮਾ, ਤਰਲੋਚਨ ਸਿੰਘ ਲੋਚਾ ਮੱਕੜ, ਸਰਨ ਕੁਮਾਰ, ਪੱਪਾ ਮਲਹੋਤਰਾ ਆਦਿ ਸਮੇਤ ਇਲਾਕੇ ਦੀਆਂ ਹੋਰ ਵੀ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ।

## ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸਾਲ ਦੀ ਸ਼ੁਭ ਸ਼ੁਰੂਆਤ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਨਵੇਂ ਸਾਲ ਦੀ ਸ਼ੁਭ ਮਹੂਰਤ ਮੌਕੇ ਜ਼ਿਲ੍ਹਾ ਪੁਲਸ ਦਫ਼ਤਰ ਵਿਖੇ ਧਾਰਮਿਕ ਸ਼ਰਧਾ ਤੇ ਸੇਵਾ-ਭਾਵਨਾ ਨਾਲ ਸੁਖਮਨੀ ਸਾਹਿਬ ਜੀ ਦੇ ਪਾਠ ਕਰਾਏ ਗਏ।

ਇਹ ਪਾਠ ਸ੍ਰੀ ਅਭਿਮੰਨਿਊ ਰਾਣਾ (ਆਈ.ਪੀ.ਐਸ.) ਸੀਨੀਅਰ ਕਪਤਾਨ ਪੁਲਸ ਦੀ ਅਗਵਾਈ ਹੇਠ ਸਮੂਹ ਪੁਲਿਸ ਅਧਿਕਾਰੀਆਂ, ਕ੍ਰਮਚਾਰੀਆਂ ਤੇ ਦਫ਼ਤਰੀ ਸਟਾਫ਼ ਦੀ ਸਾਂਝੀ ਹਾਜ਼ਰੀ ਨਾਲ ਕਰਾਏ ਗਏ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ ਆਦਰ-ਸਤਿਕਾਰ ਤੇ ਮਰਯਾਦਾ ਅਨੁਸਾਰ ਦਫ਼ਤਰ ਵਿੱਚ ਸ਼ੁਸ਼ੋਭਿਤ ਕੀਤਾ ਗਿਆ।ਸੁਖਮਨੀ ਸਾਹਿਬ ਦੇ ਪਾਠ ਰਾਹੀਂ ਨਵੇਂ ਸਾਲ ਦੀ ਸ਼ੁਰੂਆਤ ਕਰਦਿਆਂ ਸਰਬੱਤ ਭਲੇ, ਅਮਨ-ਸ਼ਾਂਤੀ, ਭਾਈਚਾਰੇ ਦੀ ਮਜ਼ਬੂਤੀ ਲਈ ਅਰਦਾਸ ਕੀਤੀ ਗਈ।ਇਸ ਆਯੋਜਨ ਨੇ ਪੁਲਸ ਅਧਿਕਾਰੀਆਂ ਤੇ ਕ੍ਰਮਚਾਰੀਆਂ ਵਿੱਚ ਆਤਮਿਕ ਸ਼ਾਂਤੀ, ਨੈਤਿਕਤਾ ਤੇ ਸੇਵਾ-ਭਾਵਨਾ ਸਾਹਿਤ ਆਪਣੀ ਹਾਜ਼ਰੀ ਲਵਾਈ।ਪਾਠ ਉਪਰੰਤ ਅੰਮ੍ਰਿਤਮਈ ਕੀਰਤਨ ਦਾ ਆਯੋਜਨ ਹੋਇਆ, ਜਿਸ ਦੌਰਾਨ ਗੁਰਬਾਣੀ ਦੇ ਸ਼ਬਦਾਂ ਨੇ ਸਾਰੇ ਮਾਹੌਲ ਨੂੰ ਆਤਮਿਕ ਰੌਸ਼ਨੀ ਨਾਲ ਭਰ ਦਿੱਤਾ।ਕੀਰਤਨ ਸਮਾਪਤੀ ਉਪਰੰਤ ਪਾਠੀ ਸਿੰਘਾਂ ਅਤੇ ਕੀਰਤਨ ਕਰਨ ਆਏ ਸਿੰਘਾਂ ਨੂੰ ਸਿਰੋਪਾਉ ਭੇਟ ਕੀਤੇ ਗਏ।

## ਸਿਵਲ ਸਰਜਨ ਵੱਲੋਂ ਆਮ ਆਦਮੀ ਕਲੀਨਿਕ ਦਾ ਨਿਰੀਖਣ

- ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਿਆ ਜਾਇਜ਼ਾ



**ਫਿਰੋਜ਼ਪੁਰ (ਗੁਰਬਚਨ ਸਿੰਘ)**

ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਬਸਤੀ ਟੈਂਕਾਂ ਵਾਲੀ, ਫ਼ਿਰੋਜ਼ਪੁਰ ਛਾਉਣੀ ਤੇ ਪਿੰਡ ਮੱਲਵਾਲ ਵਿਖੇ ਪੈਂਦੇ ਆਮ ਆਦਮੀ ਕਲੀਨਿਕਾਂ ਦਾ ਅਚਨਚੇਤ ਦੌਰਾ ਕੀਤਾ ਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ।ਡਾ. ਰਾਜੀਵ ਪਰਾਸ਼ਰ ਨੇ ਆਮ ਆਦਮੀ ਕਲੀਨਿਕ ਵਿੱਚ ਆਏ ਹੋਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਕੋਲੋਂ ਕਲੀਨਿਕ ਵਿੱਚ ਹੋਰ ਸੁਧਾਰ ਲਈ ਸੁਝਾਅ ਵੀ ਲਏ।ਉਨ੍ਹਾਂ ਕਲੀਨਿਕ ਦੇ ਵੱਖ-ਵੱਖ ਕਮਰਿਆਂ ਵਿਚ ਫੇਰੀ ਪਾਈ ਤੇ ਓਪੀਡੀ ਸੇਵਾਵਾਂ, ਮੁਫ਼ਤ ਦਵਾਈਆਂ ਦੀ ਜਾਂਚ, ਸਾਫ਼-ਸਫ਼ਾਈ, ਡਾਕਟਰੀ ਸਾਜ਼ੋ-ਸਾਮਾਨ ਦਾ ਵੀ ਨਿਰੀਖਣ ਕੀਤਾ।ਸਿਵਲ ਸਰਜਨ ਨੇ ਆਖਿਆ ਕਿ ਉਨ੍ਹਾਂ ਦੇ ਦੌਰੇ ਦਾ ਮੰਤਵ ਆਮ ਆਦਮੀ ਕਲੀਨਿਕ ਦੀ ਕਾਰਜਪ੍ਰਣਾਲੀ ਅਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕਰਨਾ ਸੀ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਖੁੱਲ੍ਹੇ ਆਮ ਆਦਮੀ ਕਲੀਨਿਕ ਮਿਆਰੀ ਤੇ ਸੁਚੱਜੀਆਂ ਸਿਹਤ ਸਹੂਲਤਾਂ ਦੇਣ ਪੱਖੋਂ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ।ਆਮ ਆਦਮੀ ਕਲੀਨਿਕਾਂ ਵਿੱਚ ਜਾਂਚ, ਇਲਾਜ ਤੇ ਦਵਾਈਆਂ ਦੀ ਵੰਡ ਆਦਿ ਸਾਰੀਆਂ ਸਹੂਲਤਾਂ ਬਿਲਕੁਲ ਮੁਫ਼ਤ ਹਨ ਤੇ ਕਈ ਤਰ੍ਹਾਂ ਦੇ ਡਾਕਟਰੀ ਟੈਸਟ ਵੀ ਕੀਤੇ ਜਾ ਰਹੇ ਹਨ।ਕਲੀਨਿਕਾਂ ਵਿਚ ਗਰਭਵਤੀ ਔਰਤਾਂ ਨੂੰ ਵੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਆਦਮੀ ਕਲੀਨਿਕਾਂ 'ਚ ਆਉਣ ਵਾਲੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਹੋਣੀ ਚਾਹੀਦੀ ਅਤੇ ਬਜ਼ੁਰਗ ਮਰੀਜ਼ਾਂ ਨੂੰ ਪਹਿਲ ਦਿੱਤੀ ਜਾਵੇ। ਸਿਵਲ ਸਰਜਨ ਵੱਲੋਂ ਸਿਹਤ ਸਟਾਫ ਨੂੰ ਡਿਊਟੀ ਇਮਾਨਦਾਰੀ ਨਾਲ ਕਰਨ ਤੇ ਸਿਹਤ ਸੇਵਾਵਾਂ ਹੋਰ ਬਿਹਤਰ ਕਰਨ ਲਈ ਵੀ ਕਿਹਾ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਦੱਸਿਆ ਕਿ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਔਰਤ ਰੋਗਾਂ ਦੇ ਮਾਹਰ ਡਾਕਟਰ ਮੌਜੂਦ ਹਨ ਤੇ ਜਣੇਪਾ ਕਰਵਾਉਣ ਵਾਲਿਆ ਮਹਿਲਾਵਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਣ ਦਿੱਤੀ ਜਾਵੇਗੀ। ਇਸ ਮੌਕੇ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਵੀ ਮੌਜੂਦ ਸਨ।

## ਭੱਠਾ ਮਜ਼ਦੂਰ ਯੂਨੀਅਨ ਦੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਭੱਠਾ ਮਜ਼ਦੂਰ ਯੂਨੀਅਨ ਬਲਾਕ ਰਾਮਪੁਰਾ ਵੱਲੋਂ ਪ੍ਰਧਾਨ ਜ਼ੋਰਾ ਸਿੰਘ ਫੂਲ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।ਮੀਟਿੰਗ 'ਚ ਇਲਾਕਾ ਰਾਮਪੁਰਾ ਅਧੀਨ ਪੈਂਦੇ ਵੱਖ-ਵੱਖ ਭੱਠਿਆਂ ਦੇ ਮਜ਼ਦੂਰ ਸ਼ਾਮਲ ਹੋਏ ਤੇ ਮਜ਼ਦੂਰਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਪ੍ਰਧਾਨ ਜ਼ੋਰਾ ਫੂਲ ਨੇ ਕਿਹਾ ਕਿ ਭੱਠਿਆਂ ਤੇ ਮਸ਼ੀਨ ਨਾਲ ਘਾਣੀ/ਗਾਰਾ ਬਣਾਉਣ ਬਦਲੇ ਭੱਠਾ ਮਾਲਕਾਂ ਵੱਲੋਂ ਉਨ੍ਹਾਂ ਤੋਂ ਪ੍ਰਤੀ ਹਜ਼ਾਰ ਇੱਟ ਦੀ 225/- ਰੁਪਏ ਕਟੌਤੀ ਕਰਕੇ ਅੰਨੀ ਲੁੱਟ ਕੀਤੀ ਜਾ ਰਹੀ ਹੈ।ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਨਜਾਇਜ਼ ਕੀਤੀ ਜਾ ਇਹ ਕਟੌਤੀ ਤੁਰੰਤ ਬੰਦ ਕੀਤੀ ਜਾਵੇ ਤੇ ਕਿਹਾ ਕਿ ਭੱਠਿਆਂ 'ਤੇ ਮਜ਼ਦੂਰਾਂ ਲਈ ਪੀਣ ਵਾਲੇ ਸਾਫ ਪਾਣੀ ਪਖ਼ਾਨਿਆਂ ਤੇ ਪਥੇਰ ਲਈ ਕੋਠਿਆਂ ਦਾ ਪ੍ਰਬੰਧ ਨਹੀਂ ਹੈ ਤੇ ਜਥੇਬੰਦੀ ਨੇ ਭੱਠਾ ਮਾਲਕਾਂ ਤੋਂ ਮੰਗ ਕੀਤੀ ਹੈ ਕਿ ਭੱਠਿਆਂ ਤੇ ਮਜ਼ਦੂਰਾਂ ਲਈ ਪੀਣ ਵਾਲੇ ਸਾਫ਼ ਪਾਣੀ ਪਖ਼ਾਨਿਆਂ ਤੇ ਪਥੇਰ ਲਈ ਕੋਠਿਆਂ ਦਾ ਪ੍ਰਬੰਧ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੂੰ ਵਰਦੀਆਂ ਤੇ ਔਜਾਰ ਵੀ ਨਹੀਂ ਦਿੱਤੇ ਜਾ ਰਹੇ ਤੇ ਉਨ੍ਹਾਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਵਰਦੀਆਂ ਤੇ ਔਜਾਰਾਂ ਦੀ ਪੇਮੈਂਟ ਕੀਤੀ ਜਾਵੇ ਤੇ ਕਿਹਾ ਕਿ ਜੋ ਭੱਠਾ ਮਾਲਕਾਂ ਨੂੰ ਇੱਟਾਂ ਤੋਂ ਮੁਨਾਫ਼ਾ ਹੁੰਦਾ ਹੈ। ਇਸ ਕੁੱਲ ਮੁਨਾਫੇ ਤੇ ਮਜ਼ਦੂਰਾਂ ਨੂੰ 50 ਪ੍ਰਤੀਸ਼ਤ ਬੋਨਸ ਦਿੱਤਾ ਜਾਵੇ, ਜੋ ਇਸ ਸਮੇਂ 14 ਪ੍ਰਤੀਸ਼ਤ ਦਿੱਤਾ ਜਾ ਰਿਹਾ ਹੈ ਤੇ ਆਗੂਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਜਿਹੜੇ ਕਿਰਤ ਕਨੂੰਨ ਮਜ਼ਦੂਰਾਂ ਦੇ ਹੱਕ 'ਚ ਸਨ ਤੇ ਇਨ੍ਹਾਂ ਕਨੂੰਨਾਂ ਦਾ ਸਹਾਰਾ ਲੈ ਕੇ ਮਜ਼ਦੂਰ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਕਾਰਖਾਨੇ ਮਾਲਕਾਂ ਤੋਂ ਮਨਵਾਉਂਦੇ ਸਨ।

ਇਨ੍ਹਾਂ ਕਾਨੂੰਨਾਂ ਨੂੰ ਬਥੇਰੇ ਅਸਰਦਾਰ ਬਣਾਉਣ ਦੀ ਬਜਾਏ ਕੇਂਦਰ ਸਰਕਾਰ ਨੇ ਮਜ਼ਦੂਰਾਂ ਦੇ ਹੱਕ 'ਚ ਬਣੇ ਕਿਰਤ ਕਨੂੰਨਾਂ ਨੂੰ ਸਾਂਗ ਕੇ ਚਾਰ ਕਿਰਤ ਕੋਡ ਲਾਗੂ ਲਾਗੂ ਕਰ ਦਿੱਤੇ ਹਨ ਜੋ ਮਜ਼ਦੂਰ ਵਿਰੋਧੀ ਤੇ ਕਾਰਪੋਰੇਟ ਘਰਾਣਿਆਂ ਦੇ ਹਿੱਤ 'ਚ ਹਨ ਤੇ ਮਜ਼ਦੂਰਾਂ ਤੋਂ ਜਥੇਬੰਦੀ ਬਣਾਉਣ ਦਾ ਹੱਕ ਵੀ ਖੋਹ ਲਿਆ ਹੈ ਤੇ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਇਹ ਕਿਰਤ ਕੋਡ ਰੱਦ ਨਹੀਂ ਕਰ ਦਿੰਦੀ ਤੇ ਜਥੇਬੰਦੀ ਇਨ੍ਹਾਂ ਚਾਰ ਕਿਰਤ ਕੋਡਾਂ ਦਾ ਡਟ ਕੇ ਵਿਰੋਧ ਕਰਦੀ ਰਹੇਗੀ।


੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

**Punjab & Sind Bank**
(A Govt. of India Undertaking)

ਪੀ.ਐਸ.ਬੀ.

**ਈ-ਨਿਲਾਮੀ ਵਿੱਕਰੀ ਨੋਟਿਸ**

B/O:- International Banking Division, Gill Road, Millerganj, Ludhiana. Phone: 0161- 5068062,63

**20.01.2026 (ਸਵੇਰੇ 11.00 ਵਜੇ ਤੋਂ 2.00 ਵਜੇ ਸ਼ਾਮ) ਨੂੰ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਨੋਟਿਸ**

[ਅੰਤਿਕਾ IV-ਏ] ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਊਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਦੇ ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਕਰਜ਼ਦਾਰਾਂ, ਰਹਿਣਕਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਜੋ ਕਿ ਸਕਿਓਰਡ ਕ੍ਰੈਡਿਟਰ ਕੋਲ ਰਹਿਣ ਹੈ, ਦਾ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਫ਼ਸਰ, ਸਕਿਉਰਟਡ ਕ੍ਰੈਡਿਟਰ ਨੇ ਸੰਕੇਤਕ/ਭੌਤਿਕ ਕਬਜ਼ਾ ਪ੍ਰਾਪਤ ਕਰ ਲਿਆ ਹੈ, ਦੀ ਹੇਠਾਂ ਦਰਸਾਏ ਖਾਤਿਆਂ 'ਚ ਬਕਾਇਆ ਰਕਮ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਹੈ", ਦੇ ਆਧਾਰ 'ਤੇ ਵਿਕਰੀ ਕੀਤੀ ਜਾਵੇਗੀ। ਕਰਜ਼ਦਾਰ/ਰਹਿਣਕਾਰ/ਗਰੰਟਰ/ਸਕਿਓਰਡ ਐੱਸਟਸ ਦੇ ਵੇਰਵੇ/ਬਕਾਇਆ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ, ਸਮਾਂ ਅਤੇ ਈ ਐੱਮ ਡੀ ਰਕਮ ਦੇ ਵੇਰਵੇ ਹੇਠਾਂ ਸਾਰਣੀ 'ਚ ਦਰਸਾਏ ਗਏ ਹਨ।

| ਲੜੀ ਨੰ. | ਸ਼ਾਖਾ ਦਾ ਨਾਂਅ ਅਤੇ ਖਾਤੇ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਕੁੱਲ ਵਸੂਲੀਯੋਗ ਰਕਮ | ਸਕਿਉਰਡ ਐੱਸਟ ਦਾ ਵੇਰਵਾ | ਰਾਖਵੀਂ ਕੀਮਤ (ਰੁਪਏ) / ਈ ਐੱਮ ਡੀ (ਰੁਪਏ) / ਬੋਲੀ ਵਾਧਾ ਰਕਮ | ਜਾਇਦਾਦ ਨਿਰੀਖਣ ਦੀ ਮਿਤੀ ਅਤੇ ਸਮਾਂ | ਈ ਐੱਮ ਡੀ ਜਮ੍ਹਾਂ ਦੀ ਆਖਰੀ ਮਿਤੀ ਅਤੇ ਸਮਾਂ ਕਬਜ਼ੇ ਦੀ ਸਥਿਤੀ | ਅਧਿਕਾਰਤ ਅਫ਼ਸਰ ਦਾ ਨਾਂਅ ਅਤੇ ਸੰਪਰਕ ਨੰਬਰ | ਜਾਇਦਾਦ ਫੋਟੋ ਲਈ ਕਿਊ ਆਰ ਕੋਡ | ਸਥਾਨ ਲਈ ਕਿਊ ਆਰ ਕੋਡ | ਸਰਵਿਸ ਪ੍ਰੋਵਾਈਡਰ ਲਈ ਕਿਊ ਆਰ ਕੋਡ |
|---|---|---|---|---|---|---|---|---|---|---|
| 1. | ਇੰਟਰਨੈਸ਼ਨਲ ਬੈਂਕਿੰਗ ਡਵੀਜ਼ਨ (1) ਮੈਸ: ਜ਼ੀ ਨਿਟਸ ਐਂਡ ਵੇਵਜ਼ ਪ੍ਰਾਈਵੇਟ ਲਿਮਟਿਡ (ਰਾਹੀਂ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ) ਰਜਿਸਟਰਡ ਦਫਤਰ 169/7 ਸੈਕਟਰ-2, ਰੋਹਿਣੀ, | 21.04.2022 ਮਿਤੀ 31.12.2016 ਨੂੰ ਰੁਪਏ 14,51,01,585.27/- ਸਮੇਤ 01-01-2017 ਤੋਂ ਲਾਗੂਯੋਗ ਭਵਿੱਖੀ ਵਿਆਜ, ਖਰਚੇ ਅਤੇ ਹੋਰ ਚਾਰਜਿਜ਼ ਤੇ ਮਹੀਨਾਵਾਰ ਵਿਆਜ। | ਪਟਾ ਬੈਨਾਮਾ ਵਸੀਕਾ ਨੰ. 13615 ਮਿਤੀ 24-03-2011 ਅਨੁਸਾਰ ਸ੍ਰੀ ਪਵਨ ਕੁਮਾਰ ਅਤੇ ਸ੍ਰੀਮਤੀ ਅੰਜੂ ਗਰਗ ਦੇ ਨਾਂਅ ਇੰਡਸਟਰੀਅਲ ਜਾਇਦਾਦ ਰਕਬਾ 2533.33 ਵਰਗ ਗਜ਼, ਪਲਾਟ ਨੰ. ਡੀ-332, ਫੇਜ਼ VIII ਵਿਖੇ ਸਥਿਤ, ਫੋਕਲ ਪੁਆਇੰਟ, ਲੁਧਿਆਣਾ। | Rs. 5,79,86,000/- Rs. 57,98,600/- Rs. 5,79,860/- | 16.01.2026 From 11:30 AM To 2:00 PM | 19.01.2026 upto 4.00 pm ਭੌਤਿਕ ਕਬਜ਼ਾ | ਸ੍ਰੀ ਗੌਰਵ ਚੌਹਾਨ, ਬੀ ਓ-ਆਈ ਬੀ ਡੀ, Mob. No. 9815922780. gauravchauhan@psb.bank.in ਕੋਈ ਭਾਰ : ਬੈਂਕ ਨੂੰ ਜਾਣਕਾਰੀ ਨਹੀਂ। | | | |

ਨਵੀਂ ਦਿੱਲੀ-85, ਨਾਲ ਹੀ : ਮੈਸ: ਜ਼ੀ ਨਿਟਸ ਐਂਡ ਵੇਵਜ਼ ਪ੍ਰਾਈਵੇਟ ਲਿਮਟਿਡ (ਰਾਹੀਂ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ) (ਡੀ-332, ਫੇਜ਼ VIII, ਫੋਕਲ ਪੁਆਇੰਟ, ਲੁਧਿਆਣਾ-141010 (2) ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧਣ ਮੱਲ ਵਾਸੀ ਬੀ-XXXIV-6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ-141001, ਨਾਲ ਹੀ : ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ, 18 ਡੀ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141002 (ਡਾਇਰੈਕਟਰ/ਰਹਿਣਕਾਰ/ਗਰੰਟਰ) (3) ਸ੍ਰੀਮਤੀ ਅੰਜੂ ਗਰਗ ਪਤਨੀ ਪਵਨ ਕੁਮਾਰ ਗਰਗ ਵਾਸੀ ਬੀ-XXXIV-6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ-141001, ਨਾਲ ਹੀ : ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ, 18 ਡੀ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141002 (ਡਾਇਰੈਕਟਰ/ਰਹਿਣਕਾਰ/ਗਰੰਟਰ)

1. ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://baanknet.com ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ। ਸੰਭਾਵੀ ਬੋਲੀਕਾਰ ਉਕਤ ਮੁਹੱਈਆ ਕਰਵਾਏ ਸੰਪਰਕ ਨੰਬਰਾਂ 'ਤੇ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਫ਼ਸਰ ਨਾਲ ਵੀ ਸੰਪਰਕ ਕਰ ਸਕਦੇ ਹਨ।
2. ਆਨਲਾਈਨ ਈ-ਨਿਲਾਮੀ, ਨਿਲਾਮੀ ਪਲੇਟਫਾਰਮ https://baanknet.com 'ਤੇ ਮੁਹੱਈਆ ਮਿਤੀ ਅਤੇ ਸਮੇਂ ਰਾਹੀਂ ਕੀਤੀ ਜਾਵੇਗੀ। ਚਾਹਵਾਨ ਬੋਲੀਕਾਰ/ਖਰੀਦਦਾਰ ਨੂੰ ਵੈਧ ਈਮੇਲ ਆਈ ਡੀ ਅਤੇ ਮੋਬਾਇਲ ਨੰ: ਦੀ ਵਰਤੋਂ ਲਈ https://baanknet.com ਰਾਹੀਂ ਰਜਿਸਟਰ ਕਰਾਉਣ ਲਈ ਬੇਨਤੀ ਕੀਤੀ ਜਾਂਦੀ ਹੈ। ਚਾਹਵਾਨ ਬੋਲੀਕਾਰ/ਖਰੀਦਦਾਰ ਨੂੰ ਆਪਣੇ ਕੇ ਵਾਈ ਸੀ ਦਸਤਾਵੇਜ਼ ਅਤੇ ਬੈਂਕ ਵੇਰਵੇ ਅਪਲੋਡ ਕਰਵਾਉਣੇ ਹੋਣਗੇ।

ਇਸ ਨੋਟਿਸ ਨੂੰ ਕਰਜ਼ਦਾਰਾਂ ਅਤੇ ਗਰੰਟਰਾਂ (ਐੱਲ ਆਰ ਐੱਸ) ਨੂੰ ਸਰਫੇਸੀ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(1)/ 8(6) ਤਹਿਤ 15 ਦਿਨਾਂ ਦਾ ਵਿਧਾਨਕ ਵਿਕਰੀ ਨੋਟਿਸ ਵੀ ਮੰਨਿਆ ਜਾਵੇ।

ਮਿਤੀ : 12.12.2025 | ਸਥਾਨ : ਲੁਧਿਆਣਾ | ਅਧਿਕਾਰਤ ਅਫ਼ਸਰ, ਪੰਜਾਬ ਐਂਡ ਸਿੰਧ ਬੈਂਕ

# ਕਿਲੋ ਹੈਰੋਇਨ ਸਮੇਤ 2 ਗ੍ਰਿਫਤਾਰ





ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਪੰਜਾਬ ਸਰਕਾਰ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਿਆਂ ਖਿਲਾਫ ਚਲਾਈ ਗਈ ਮੁਹਿੰਮ ਮਾਨਯੋਗ ਡੀਜੀਪੀ ਨੀਲਾਭਰੀ ਜਗਦਲੇ ਵਿਜੇ ਆਈਪੀਐਸ ਡੀਆਈਜੀ ਫਰੀਦਕੋਟ ਰੇਂਜ, ਅਜੇ ਗਾਂਧੀ ਐੱਸਐੱਸਪੀ ਤਹਿਤ ਮੋਗਾ ਅਤੇ ਅਨਵਰ ਅਲੀ ਉਪ ਕਪਤਾਨ ਪੁਲਸ ਨਿਹਾਲ ਸਿੰਘ ਵਾਲਾ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪੂਰਨ ਸਿੰਘ ਧਾਲੀਵਾਲ ਮੁੱਖ ਅਫ਼ਸਰ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕਰਦਿਆਂ ਬੀੜ ਰਾਊਕੇ ਦੀ ਪਟੜੀ ਕੋਲ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਜਿਨ੍ਹਾਂ ਨੇ ਆਪਣਾ ਨਾਂਅ ਅਰਸ਼ਦੀਪ ਸਿੰਘ ਉਰਫ ਦਾਰਾ ਪੁੱਤਰ ਦਿਲਬਾਗ ਸਿੰਘ ਵਾਸੀ ਕਾਲੀਆਂ ਸਕੱਤਰਾਂ ਜ਼ਿਲ੍ਹਾ ਤਰਨਤਾਰਨ ਅਤੇ ਦੂਸਰੇ ਨੇ ਗੁਰਬੀਰ ਸਿੰਘ ਉਰਫ ਗੋਰਾ ਪੁੱਤਰ ਬਖਸ਼ੀਸ਼ ਵਾਸੀ ਮਲਕਾਂਵਾਲ ਬਸਤੀ ਅਮਰਕੋਟ ਜ਼ਿਲ੍ਹਾ ਤਰਨਤਾਰਨ ਦੱਸਿਆ। ਉਕਤ ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 1 ਕਿਲੋ ਹੈਰੋਇਨ ਅਤੇ ਉਪਰੋਕਤ ਮੋਟਰਸਾਈਕਲ ਸਪਲੈਂਡਰ ਰੰਗ ਕਾਲਾ ਬਾਮਦ ਕੀਤਾ ਜਿਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਪਰਚਾ ਦਰਜ ਕੀਤਾ ਗਿਆ ਜਿਸ ਤੇ ਅਰਸ਼ਦੀਪ ਸਿੰਘ ਉਰਫ ਦਾਰਾ ਪੁੱਤਰ ਦਿਲਬਾਗ ਸਿੰਘ ਵਾਸੀ ਕਾਲੀਆਂ ਸਕੱਤਰਾਂ ਖਿਲਾਫ ਮੁਕੱਦਮਾ ਨੰਬਰ 53 ਮਿਤੀ 25.5.25 ਅਧੀਨ ਧਰਾਵਾਂ 24/54/59/ ਹੈ, ਆਰਮਜ਼ ਐਕਟ ਪੀ ਐੱਸ ਐਕਟ ਤਹਿਤ ਅਤੇ ਗੁਰਬੀਰ ਸਿੰਘ ਉਰਫ ਗੋਰਾ ਪੁੱਤਰ ਬਖਸ਼ੀਸ਼ ਸਿੰਘ ਵਾਸੀ ਮਲਕਾਂਵਾਲ ਬਸਤੀ ਅਮਰਕੋਟ ਜ਼ਿਲ੍ਹਾ ਤਰਨਤਾਰਨ ਖਿਲਾਫ ਮੁਕੱਦਮਾ ਨੰਬਰ 63 ਮਿਤੀ 4.8.2019 ਅਧੀਨ ਧਰਾਵਾਂ ਤਹਿਤ 21,/29/61/85 ਐੱਨਡੀਪੀਐੱਸ ਐਕਟ ਤਹਿਤ ਪਰਚਾ ਦਰਜ ਕੀਤਾ ਗਿਆ ਅਤੇ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।

# ਹੈਰੋਇਨ ਸਮੇਤ ਵਿਅਕਤੀ ਕਾਬੂ



ਮਾਛੀਵਾੜਾ ਸਾਹਿਬ (ਬੌਬੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 10 ਗ੍ਰਾਮ 72 ਮਿਲੀਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਹਰਦੀਪ ਸਿੰਘ ਉਰਫ਼ ਗੀਲੂ ਵਾਸੀ ਮਾਛੀਵਾੜਾ ਅਤੇ ਜਸਪ੍ਰੀਤ ਸਿੰਘ ਉਰਫ਼ ਜੈਪੀ ਵਾਸੀ ਰਹੀਮਾਬਾਦ ਖੁਰਦ ਵਜੋਂ ਹੋਈ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਟੀ-ਪੁਆਇੰਟ ਝੁੱਲਵਾਲ ਸਾਈਡ ਤੋਂ ਇੱਕ ਮੋਨਾ ਨੌਜਵਾਨ ਆਉਂਦਾ ਦੇਖਿਆ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ। ਪੁਲਸ ਨੇ ਉਸ ਨੂੰ ਰੋਕ ਕੇ ਉਸ ਦਾ ਨਾਮ, ਪਤਾ ਪੁੱਛਿਆ ਤਾਂ ਉਸਨੇ ਆਪਣਾ ਨਾਮ ਜਸਪ੍ਰੀਤ ਸਿੰਘ ਉਰਫ਼ ਜੈਪੀ ਦੱਸਿਆ, ਨੌਜਵਾਨ ਵੱਲੋਂ ਸੁੱਟੀ ਲਿਫਾਫੀ ਦੀ ਜਾਂਚ ਕੀਤੀ ਤਾਂ ਉਸ 'ਚੋਂ 6 ਗ੍ਰਾਮ 72 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਜਸਪ੍ਰੀਤ ਸਿੰਘ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਤਰ੍ਹਾਂ ਦੂਜੇ ਮਾਮਲੇ ਵਿਚ ਪੁਲਸ ਨੂੰ ਨਹਿਰ ਪੁਲ ਗੜ੍ਹੀ ਤੋਂ ਥੋੜਾ ਪਿੱਛੇ ਇੱਕ ਮੋਨਾ ਨੌਜਵਾਨ ਮਾਛੀਵਾੜਾ ਸਾਈਡ ਨੂੰ ਤੁਰਿਆ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਨੂੰ ਦੇਖ ਕੇ ਪਿੱਛੇ ਮੁੜਨ ਲੱਗਾ। ਪੁਲਸ ਨੇ ਰੋਕ ਕੇ ਨਾਮ, ਪਤਾ ਪੁੱਛਿਆ ਤਾਂ ਉਸਨੇ ਆਪਣਾ ਨਾਮ ਹਰਦੀਪ ਸਿੰਘ ਉਰਫ਼ ਗੀਲੂ ਦੱਸਿਆ। ਪੁਲਸ ਨੇ ਉਸ ਵੱਲੋਂ ਸੁੱਟੀ ਲਿਫਾਫੀ ਦੀ ਜਾਂਚ ਕੀਤੀ ਤਾਂ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਹਰਦੀਪ ਸਿੰਘ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

**ਦਫ਼ਤਰ ਰਿਜਨਲ ਟਰਾਂਸਪੋਰਟ ਅਫ਼ਸਰ, ਅੰਮ੍ਰਿਤਸਰ**
**OFFICE OF THE REGIONAL TRANSPORT OFFICER, AMRITSAR**
E-mail:- rta.amritsar02@punjab.gov.in

**ਜਨਤਕ ਸੂਚਨਾ**

ਪੱਤਰ ਨੰਬਰ : 4724 ਮਿਤੀ: 22-12-2025

ਸ੍ਰੀ ਗਗਨਦੀਪ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ, ਵਾਸੀ ਨੇੜੇ ਪੀਰਬਾਗ ਪੱਟੀ, ਤਰਨ ਤਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੱਡੀ ਨੰਬਰ PB10HX0008 (ਟੋਇਟਾ ਫਾਰਚੂਨਰ) ਦੇ ਰਿਕਾਰਡ ਦੀ ਪੜਤਾਲ ਸਬੰਧੀ ਮਿਤੀ 06-01-2026 ਨੂੰ ਸਵੇਰੇ ਆਰ.ਟੀ.ਓ (RTO) ਦਫ਼ਤਰ ਅੰਮ੍ਰਿਤਸਰ ਵਿਖੇ ਨਿੱਜੀ ਤੌਰ ਤੇ ਪੇਸ਼ ਹੋਵੋ। ਇਸ ਸਬੰਧੀ ਤੁਹਾਨੂੰ ਪਹਿਲਾਂ ਵੀ ਪੱਤਰ ਨੰ: 3268 (28-08-2025) ਅਤੇ ਪੱਤਰ ਨੰ: 3301 (09-09-2025) ਰਾਹੀਂ ਸੂਚਿਤ ਕੀਤਾ ਗਿਆ ਸੀ, ਪਰ ਤੁਸੀਂ ਪੇਸ਼ ਨਹੀਂ ਹੋਏ। ਇਸ ਨੂੰ ਆਖਰੀ ਨੋਟਿਸ ਸਮਝਿਆ ਜਾਵੇ। ਗੈਰ-ਹਾਜ਼ਰੀ ਦੀ ਸੂਰਤ ਵਿੱਚ ਇਹ ਮੰਨ ਲਿਆ ਜਾਵੇਗਾ ਕਿ ਤੁਹਾਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਕਾਨੂੰਨੀ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕਰ ਦਿੱਤੀ ਜਾਵੇਗੀ।

ਸਹੀ/- ਰਿਜਨਲ ਟਰਾਂਸਪੋਰਟ ਅਫ਼ਸਰ, ਅੰਮ੍ਰਿਤਸਰ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ -ਕਮ- ਨਾਇਬ ਤਹਿਸੀਲਦਾਰ ਹਰੀਕੇ, ਜ਼ਿਲ੍ਹਾ ਤਰਨ ਤਾਰਨ।

| ਮਿਸਲ ਨੰਬਰ | ਰਜੂਆ | ਅਗਲੀ ਤਾਰੀਖ ਪੇਸ਼ੀ | ਕਿਸਮ | ਪਿੰਡ |
|---|---|---|---|---|
| 1) 16/ਏ.ਸੀ.-1(Othercases/14/2025)<br>2) 17/ਏ.ਸੀ.-1(Othercases/15/2025)<br>3) 18/ਏ.ਸੀ.-1(Othercases/16/2025)<br>4) 19/ਏ.ਸੀ.-1(Othercases/17/2025)<br>5) 20/ਏ.ਸੀ.-1(Othercases/18/2025)<br>6) 21/ਏ.ਸੀ.-1(Othercases/19/2025) | 03/11/2025 | 19/01/2026 | ਤਕਸੀਮ | ਪਨਗੋਟਾ |

[illegible]

ਤਕਸੀਮ ਕੇਸ ਵਾਕਾ ਰਕਬਾ ਪਿੰਡ ਕਿੜੀਆਂ ... ਖੇਵਟ ਨੰਬਰ 160 ਕੁੱਲ ਤੈਦਾਦੀ 17 ਕਨਾਲ 8 ਮਰਲੇ, ਖੇਵਟ ਨੰਬਰ 64 ਖਤੌਨੀ ਨੰਬਰ 158 ਕੁੱਲ ... ਖਤੌਨੀ ਨੰਬਰ 296 ਕੁੱਲ ਤੈਦਾਦੀ 14 ਕਨਾਲ 19 ਮਰਲੇ, ਖੇਵਟ ਨੰਬਰ 105 ਖਤੌਨੀ ਨੰਬਰ ... ਖੇਵਟ ਨੰਬਰ 28 ਖਤੌਨੀ ਨੰਬਰ 42 ਤੋਂ 72 ਕੁੱਲ ਤੈਦਾਦੀ 357 ਕਨਾਲ 5 ਮਰਲੇ, ਖੇਵਟ ... 5 ਕਨਾਲ 9 ਮਰਲੇ ਵਾਕਾ ਰਕਬਾ ਪਿੰਡ ਪਨਗੋਟਾ, ਸਬ ਤਹਿਸੀਲ ਹਰੀਕੇ, ਤਹਿਸੀਲ ਪੱਟੀ ... ਇਸ ਲਈ ਇਸ ਕੇਸ ਵਿੱਚ ਜੋ ਮੁਸੂਲਾਨ ਦੀ ਤਲਬੀ ਸਧਾਰਨ ਤਰੀਕੇ ਨਾਲ ਨਹੀਂ ਹੋ ਰਹੀ, ... ਜਾਂਦਾ ਹੈ ਕਿ ਇਸ਼ਤਿਹਾਰ ਛਪਣ ਤੋਂ ਮਿਤੀ 19/01/2026 ਨੂੰ ਸਵੇਰੇ 10 ਵਜੇ ਨਿਸ਼ਚਿਤ ... ਕੇਸ ਦੀ ਪੈਰਵੀ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ... ਮਿਤੀ 01/01/2026 ਨੂੰ ਇਹ ਇਸ਼ਤਿਹਾਰ ਮੇਰੇ ਦਸਤਖ਼ਤ ਅਤੇ ਮੋਹਰ ਅਦਾਲਤ ਨਾਲ ...

840 ਰੀਡਰ ਮਿਤੀ : 01/01/2026 — ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ -ਕਮ-ਨਾਇਬ ਤਹਿਸੀਲਦਾਰ, ਹਰੀਕੇ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉੱਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਟੈਂਡਰ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-01-JRC-2026 | SSE/Br/M/UMB ਦੇ ਅਧਿਕਾਰ ਖੇਤਰ ਦੇ ਤਹਿਤ ਅੰਬਾਲਾ ਮੰਡਲ ਦੇ MB-DLI-SRE-LDH ਸੇਕਸ਼ਨ ਅਤੇ SIR-UNA-AADR ਸੇਕਸ਼ਨ ਵਿਚ ਵਖ-ਵਖ ਗਡੂਰ ਪੁਲਾਂ ਦੀ ਪੇਂਟਿੰਗ ਦਾ ਕੰਮ ਕਰਨਾ। | 1,82,83,447.42 | 2,41,400.00 | 22.01.2026 | 08.01.2026 ਤੋਂ 22.01.2026 | 0 | 10 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ। | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। |

No.80-W/30/Bridges/Invitation. Dated: 01.01.2026 07/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**Office of General Manager, District Industries Centre,**
Plot No. B-6, Focal Point, Jalandhar.

## Public Notice

**Transfer of Industrial Plot**

It is hereby notified to all concerned and General Public That Sh. Jatinder Aggarwal S/o Sh.Kewal Krishan R/o 111, Master Tara Singh Nagar, Jalandhar have applied to this office for transfer of Plot No.7-A, Industrial Development Colony, Jalandhar in his favour of this Plot was allotted to Sh.Vinod Kumar C/o M/s Presto Industries, Mandi Road, Jalandhar City, by this Department on 13-05-1976, in Case anybody has any objection regarding claim/right/interest vis-a-vis above mention plot by the Department of Industries and commerce in favour of Sh. Jatinder Aggarwal S/o Sh. Kewal Krishan as mention above. He/She/institution may submit the objection if any in writing to the undersigned within 15 days of the publication of this notice, failing which the allotment of the said plot as stated above shall be effected in favour of above noted person. No claim/objection shall be entertained after the expiry of 15 days of the publication of this notice.

General Manager,
District Industries Centre, Jalandhar
Memo No. 2435 Dated 01.01.2026

## ਦਫਤਰ ਤਹਿਸੀਲਦਾਰ, ਮੋਗਾ

**ਨੋਟਿਸ ਬਨਾਮ ਆਮ ਪਬਲਿਕ**

ਸ੍ਰੀ ਗੁਰਮੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਦੌਲਤਪੁਰਾ ਨੀਵਾਂ ਤਹਿਸੀਲ ਤੇ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਮਾਲ ਮਹਿਕਮੇ ਵਿੱਚ ਪ੍ਰਾਰਥੀ ਦਾ ਨਾਂਅ ਗੁਰਪ੍ਰੀਤ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਜਾਗੀਰ ਸਿੰਘ ਦਰਜ ਹੈ। ਪ੍ਰਾਰਥੀ ਨੂੰ ਗੁਰਪ੍ਰੀਤ ਸਿੰਘ ਉਰਫ ਗੁਰਮੀਤ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਜਾਗੀਰ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥੀ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥੀ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰਮੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਦੌਲਤਪੁਰਾ ਨੀਵਾਂ ਤਹਿਸੀਲ ਤੇ ਜ਼ਿਲ੍ਹਾ ਮੋਗਾ ਵੱਲੋਂ ਬੇਨਤੀ ਕੀਤੀ ਹੈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥੀ ਵੱਲੋਂ ਆਪਣਾ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ। ਜਿਸ ਵਿੱਚ ਪ੍ਰਾਰਥੀ ਗੁਰਮੀਤ ਸਿੰਘ ਪੁੱਤਰ ਪੂਰਨ ਸਿੰਘ ਦਾ ਨਾਂਅ ਜੋ ਕਿ ਮਹਿਕਮਾ ਮਾਲ ਵਿੱਚ ਗੁਰਪ੍ਰੀਤ ਪੁੱਤਰ ਪੂਰਨ ਸਿੰਘ ਦਰਜ ਹੈ, ਤੋਂ ਬਦਲ ਕੇ ਗੁਰਪ੍ਰੀਤ ਸਿੰਘ ਉਰਫ ਗੁਰਮੀਤ ਸਿੰਘ ਪੁੱਤਰ ਪੂਰਨ ਸਿੰਘ ਕਰਨ ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।

ਨੰਬਰ 02/ਰੀਡਰ-1 ਮਿਤੀ: 01/01/2026
ਸਹੀ/-ਤਹਿਸੀਲਦਾਰ ਮੋਗਾ।

## COURT NOTICE

(U/o 5 Rule 20 CPC)
(Under Guardian And Ward Act)
In The Court of
**Sh. Vineet Kumar Narang**
Additional Principal Judge Family Court-1, Jalandhar
CNR No. PBJL01-006248-2025
Next Date :- 09-01-2026

SHARANJIT KAUR alias SHARNJIT KAUR W/o Simranjit Singh, D/o Beant Singh, R/o House No. 306, Street No: 12, Opposite Bolina Sweet Shop, Ward No.12, Rama Mandi, PO Dakoha, District Jalandhar (Punjab)

Vs.

1. RAVI KUMAR S/o Anil Kumar R/o House No. 599, Ajit Vihar, Phase-2, Dhilwan Road, Rama Mandi, Jalandhar Cantt (Punjab)
2. General Public

Notice To:
General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 09-01-2026 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-I, Jalandhar
Dated, this day of 02-01-2026



# ਕਲਾਸੀਫਾਈਡ ਇਸ਼ਤਿਹਾਰ

## Change of Name

I, Ritik Singh son of Kala Singh resident of Village Khojpur, PO. Rajpur, District Jalandhar, Punjab 144201, have declare that Singh is my Surname Ritik is my given name.

I, Joginder W/o Sh. Chaman Lal Paul R/o H. No. 30, Ekta Nagar, Phase-2, Rama Mandi Jalandhar, Punjab have changed my name from Joginder to Joginder Kaur. All Concerned note it.

I, Sandeep Kaur Basra W/o Satnam Singh Pahal, R/o Vill. Gumtala, Teh. Phillaur. Distt. Jalandhar have changed my name Sandeep Kaur Basra to Sandeep Kaur. Sandeep is my first name and Kaur is my Surname.

I, Manrajkaramjit Singh s/o Karamjit Singh r/o Vpo. Karnana Distt. Shaheed Bhagat Singh Nagar, Punjab, India-144513. I have changed my name from Manrajkaramjit Singh to Manraj Karamjit Singh Parhar.

I Sandeep Kaur W/o Gurwinder Singh R/o Vill. Dhaul PO Nawan Pind Tapprian Teh. Balachaur Distt. SBS Nagar Punjab Have Changed my name to Kaur Sandeep. All please note.

I Deepak Mahay W/o Mohinder Singh R/o Vill Bhanun PO Sahdra, Teh. Balachaur, Distt. SBS Nagar Punjab Have changed my name to Deepak Mahey. All please note.

I,Satbir Singh Purba S/O Sarbinder Singh R/O VPO Mehta Chowk Tehsil Baba Bakala,Distt.Amritsar,Punjab have changed my name from Satbir Singh Purba to Satbir Singh. Concerned note.

I, Jasmeet Kaur W/O Jagdeep Singh Gill R/O 763, Gali No.7, Kandiala Road, Ward No. to me

I, Ajaypal Singh S/o Hardev Singh R/o Village Chhina Karam Singh, Tehsil Ajnala District Amritsar have declared that Singh is my surname and Ajaypal is my given name.

I, Akash S/o Surjit Singh R/o H.No.143, Lane No.2, Phase-1, Mall of Amritsar Partap Avenue, Amritsar have changed my name from Akash to Akash Dhunna.

I, Dhan Singh S/o Gurmej Singh R/o Kotli Bhan Singh PO Batala District Gurdaspur have declare that Dhan is my Given name and Singh is my Surname.

I, Bikramjit Singh S/o Balger Singh R/o Mode, Amritsar, Amritsar Rural 143108 have declare that Bikramjit is my Given name and Singh is my Surname.

I, Pushkar S/o Radha Raman Arora R/o 757, Galui Devi Wali Gali No.1, Near Dhab Basti, Joura Pipal, Kucha Chura Amritsar have changed my name from Pushkar to Pushkar Arora.

I, Manushi Bajaj W/o Shobit Kapoor R/o 2075, C-Block, Ranjit Avenue, District Amritsar have changed my name from Manushi Kapoor after Marriage.

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਕਿਸ਼ਨਗੜ੍ਹ ਵਿਖੇ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸਿੰਘ ਸਭਾ ਤੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਆਰੰਭ ਹੋਇਆ। ਨਗਰ ਕੀਰਤਨ ਪਿੰਡ ਦੀ ਪਰਿਕਰਮਾ ਦੌਰਾਨ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਹੁੰਚਿਆ ਜਿੱਥੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤੇ ਗਏ ਅਤੇ ਚਾਹ ਪਕੌੜੇ ਤੇ ਫਰੂਟ ਦੇ ਲੰਗਰ ਲਗਾਏ ਗਏ। ਉਪਰੰਤ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਸੰਤਾਂ ਸ਼ਹੀਦਾਂ ਨਹਿਰ ਦੇ ਕਿਨਾਰੇ ਪਹੁੰਚਿਆ ਜਿੱਥੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸਤਵਿੰਦਰ ਸਿੰਘ, ਪ੍ਰਗਟ ਸਿੰਘ ਫੁੱਲ, ਹੈਡ ਗ੍ਰੰਥੀ ਪਰਮਜੀਤ ਸਿੰਘ, ਸਾਬਕਾ ਸਰਪੰਚ ਹਰਸੁਲਿੰਦਰ ਸਿੰਘ ਢਿੱਲੋਂ, ਨੰਬਰਦਾਰ ਰਸ਼ਪਾਲ ਸਿੰਘ ਫੁੱਲ, ਸੁਰਿੰਦਰ ਸਿੰਘ ਫੁੱਲ, ਸਰਪੰਚ ਗੁਰਬਖਸ਼ ਸਿੰਘ ਸੁਆਮੀ, ਮਨਜੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਕੰਬੋਜ, ਜਸਪਾਲ ਸਿੰਘ ਪਾਲਾ, ਪਲਵਿੰਦਰ ਸਿੰਘ ਤੇਜਾ, ਰਵਿੰਦਰ ਸਿੰਘ ਫੁੱਲ, ਜਸਦੀਪ ਸਿੰਘ ਫੁੱਲ, ਕੈਪਟਨ ਸ਼ੀਤਲ ਸਿੰਘ, ਰਣਜੀਤ ਰਾਏ ਰਾਣਾ, ਥਾਣੇਦਾਰ ਅਮਰੀਕ ਸਿੰਘ, ਜਗਜੀਤ ਸਿੰਘ ਅੰਬਾ, ਇੰਦਰਜੀਤ ਸਿੰਘ ਵਿਰਕ, ਪਰਮਜੀਤ ਸਿੰਘ ਕੰਬੋਜ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਮਲੌਦ ਨੂੰ ਜਲਦ ਰਿਹਾਅ ਕਰਨ ਦੀ ਮੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪੇਂਡੂ ਮਜਦੂਰ ਯੂਨੀਅਨ ਵੱਲੋਂ ਸਾਹਕੋਟ ਦੇ ਪਿੰਡ ਸਲੈਚਾਂ, ਲੋਹੀਆਂ ਦੇ ਪਿੰਡ ਸਰਦਾਰ ਵਾਲਾ ਅਤੇ ਨੂਰਮਹਿਲ ਦੇ ਪਿੰਡ ਸਮਰਾਵਾਂ, ਸੁੰਨੜ ਕਲਾ ਆਦਿ ਪਿੰਡਾਂ ਵਿੱਚ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੇ ਪੁਤਲੇ ਸਾੜੇ ਗਏ।ਸਰਕਾਰ ਤੋਂ ਪੁਰਜੋਰ ਮੰਗ ਕੀਤੀ ਗਈ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਜਲਦੀ ਰਿਹਾ ਕੀਤਾ ਜਾਵੇ। ਬੁਲਾਰਿਆਂ ਨੇ ਕਿਹਾ ਕਿ ਸਾਥੀ ਮੁਕੇਸ਼ ਮਲੌਦ ਬੇਜ਼ਮੀਨੇ ਮਜਦੂਰਾਂ ਨੂੰ ਤੀਸਰੇ ਹਿੱਸੇ ਦੀ ਜ਼ਮੀਨ ਦਵਾਉਣ ਲਈ, ਲੈਂਡ ਸੀਲਿੰਗ ਐਕਟ ਲਾਗੂ ਕਰਾਉਣ ਲਈ, ਸੰਵਿਧਾਨ ਦੇ ਮੁਤਾਬਕ ਸੰਘਰਸ਼ ਕਰਕੇ, ਮਜਦੂਰਾਂ ਨੂੰ ਜ਼ਮੀਨੀ ਹੱਕ ਦਵਾਉਣ ਲਈ ਸੰਘਰਸ਼ ਕਰ ਰਿਹਾ ਹੈ।ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਸਾਥੀ ਗੁਰਚਰਨ ਅਟਵਾਲ, ਸਾਥੀ ਚੰਨਣ ਸਿੰਘ ਬੁੱਟਰ, ਬੀਬੀ ਗੁਰਬਖਸ ਕੌਰ ਸਾਦਿਕਪੁਰ, ਸਾਥੀ ਗੁਰਮੀਤ ਸਿੰਘ, ਕੇ ਕੇ ਯੂ ਆਗੂ ਸਾਥੀ ਸੁਰਜੀਤ ਸਿੰਘ ਸਮਰਾ ਨੇ ਪੁਤਲਾ ਫੂਕ ਪ੍ਰਦਰਸ਼ਨਾ ਦੀ ਅਗਵਾਈ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਾਥੀ ਮੁਕੇਸ਼ ਮਲੌਦ ਨੂੰ ਰਿਹਾ ਕੀਤਾ ਜਾਵੇ।





# ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤਾ ਨਵੇਂ ਸਾਲ ਦਾ ਸ਼ੁਭ ਆਰੰਭ



**ਜਲੰਧਰ (ਰਾਜੇਸ਼ ਥਾਪਾ)** ਏ ਜੀ ਆਈ ਇਨਫਰਾ ਲਿਮਿਟਡ, ਜੋ ਕਿ ਖੇਤਰ ਦੀ ਇੱਕ ਪ੍ਰਮੁੱਖ ਰੀਅਲ ਐਸਟੇਟ ਅਤੇ ਇਨਫ੍ਰਾਸਟਰਕਚਰ ਕੰਪਨੀ ਹੈ, ਨੇ ਨਵੇਂ ਸਾਲ ਦੀ ਸ਼ੁਰੂਆਤ ਪੂਰੀ ਧਾਰਮਿਕ ਸ਼ਰਧਾ ਅਤੇ ਸਿੱਖ ਮਰਯਾਦਾ ਅਨੁਸਾਰ ਕੀਤੀ। ਨਵੇਂ ਸਾਲ ਦੇ ਪਹਿਲੇ ਦਿਨ ਉਰਬਾਨਾ ਸਥਿਤ ਏ ਜੀ ਆਈ ਕੰਪਲੈਕਸ ਵਿੱਚ ਸੁਖਮਨੀ ਸਾਹਿਬ ਜੀ ਦਾ ਪਾਠ ਬੜੀ ਸ਼ਾਂਤੀ, ਸਿਮਰਨ ਅਤੇ ਅਨੁਸ਼ਾਸਨ ਨਾਲ ਕਰਵਾਇਆ ਗਿਆ। ਪੂਰਾ ਵਾਤਾਵਰਨ ਭਗਤੀ ਅਤੇ ਆਤਮਿਕਤਾ ਨਾਲ ਭਰਪੂਰ ਸੀ। ਲਗਭਗ ਤਿੰਨ ਸੌ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਦੋ ਘੰਟਿਆਂ ਦੇ ਇਸ ਪਵਿੱਤਰ ਸਮਾਗਮ ਵਿੱਚ ਸ਼ਰਧਾ ਨਾਲ ਭਾਗ ਲਿਆ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ, ਉਨ੍ਹਾਂ ਦੇ ਨਾਲ ਸਲਵਿੰਦਰਜੀਤ ਕੌਰ, ਵਰਿੰਦਰ ਸਿੰਘ, ਮਿਸ ਸਿਮਰਨ ਅਤੇ ਮਿਸਟਰ ਅਭਿਜੀਤ ਵੀ ਹਾਜ਼ਰ ਰਹੇ ਅਤੇ ਸੰਗਤ ਵਿੱਚ ਬੈਠ ਕੇ ਪਾਠ ਸਰਵਣ ਕੀਤਾ।ਪਾਠ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਗਈ, ਜਿਸ ਵਿੱਚ ਕੰਪਨੀ ਦੇ ਸਾਰੇ ਕਰਮਚਾਰੀਆਂ ਅਤੇ ਮਜ਼ਦੂਰਾਂ ਦੀ ਚੜ੍ਹਦੀ ਕਲਾ, ਚੰਗੀ ਸਿਹਤ ਅਤੇ ਸੁਰੱਖਿਆ ਲਈ ਪ੍ਰਾਰਥਨਾ ਕੀਤੀ ਗਈ। ਨਾਲ ਹੀ ਕੰਪਨੀ ਦੀ ਤਰੱਕੀ ਅਤੇ ਸਮਾਜਕ ਭਲਾਈ ਲਈ ਵੀ ਅਰਦਾਸ ਕੀਤੀ ਗਈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸਜਾਏ ਨਗਰ ਕੀਰਤਨ ਦਾ ਏ ਜੀ ਆਈ ਕੰਪਲੈਕਸ ਵਿੱਚ ਕਰਮਚਾਰੀਆਂ ਵੱਲੋਂ ਸਨਮਾਨ ਅਤੇ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਸਿੱਖ ਪਰੰਪਰਾ ਅਨੁਸਾਰ, ਸੰਗਤ ਲਈ ਸਵੇਰੇ ਦਾ ਲੰਗਰ (ਨਾਸ਼ਤਾ) ਵੀ ਲਗਾਇਆ ਗਿਆ, ਜਿਸ ਵਿੱਚ ਸੇਵਾ, ਸਮਾਨਤਾ ਅਤੇ ਸਾਂਝ ਦੀ ਭਾਵਨਾ ਪ੍ਰਗਟ ਹੋਈ।ਏਜੀਆਈ ਇਨਫਰਾ ਲਿਮਿਟਡ ਨੇ ਨਵੇਂ ਸਾਲ ਦੀ ਸ਼ੁਰੂਆਤ ਇਸ ਪਵਿੱਤਰ ਢੰਗ ਨਾਲ ਕਰਕੇ ਇਹ ਸੰਦੇਸ਼ ਦਿੱਤਾ ਕਿ ਸੱਚਾਈ, ਸੇਵਾ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਹੀ ਅਸਲ ਤਰੱਕੀ ਸੰਭਵ ਹੈ।

# ਢਾਹਾਂ ਕਲੇਰਾਂ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਤੇ ਸਾਲ-2026 ਦੀ ਆਮਦ ਦੀ ਖੁਸ਼ੀ 'ਚ ਗੁਰਮਤਿ ਸਮਾਗਮ

**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਐਨ ਆਰ ਆਈਜ਼ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਅਤੇ ਸਾਲ 2026 ਦੀ ਆਮਦ ਦੀ ਖੁਸ਼ੀ ਵਿਚ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕਰਵਾਇਆ ਗਿਆ।ਹਸਪਤਾਲ ਢਾਹਾਂ ਕਲੇਰਾਂ ਵਿਖੇ ਖਰਾਬ ਗੋਡਾ ਇੱਕ ਲੱਖ ਵਿਚ ਬਦਲਣ ਦੇ ਇੱਕ ਮਹੀਨਾ ਚੱਲਣ ਵਾਲੇ ਮੈਗਾ ਕੈਂਪ ਦਾ ਐਲਾਨ ਵੀ ਕੀਤਾ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਸਜੇ ਮਹਾਨ ਗੁਰਮਤਿ ਸਮਾਗਮ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁ : ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਰਾਜਾ ਸਾਹਿਬ ਮਜਾਰਾ ਤੋਂ ਇਲਾਵਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਅਤੇ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਵਿਦਿਆਰਥੀ ਕੀਰਤਨੀ ਜਥਿਆਂ ਨੇ ਇਲਾਹੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਪ੍ਰਸਿੱਧ ਕਥਾ ਵਾਚਕ ਡਾ. ਸਰਬਜੀਤ ਸਿੰਘ ਰੇਣਕਾ ਲੁਧਿਆਣਾ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਚਾਨਣਾ ਪਾਇਆ। ਹਰਦੇਵ ਸਿੰਘ ਕਾਹਮਾ ਸਾਬਕਾ ਪ੍ਰਧਾਨ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2026 ਦੀਆਂ ਵਧਾਈਆਂ ਦਿੱਤੀਆਂ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ ਨੇ ਸੰਗਤਾਂ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਈ ਨੂੰ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਹੈ । ਉਹਨਾਂ ਐਲਾਨ ਕਰਦਿਆਂ ਕਿਹਾ ਕਿ ਇਸ ਲਈ ਇਲਾਕੇ ਦੇ ਲੋੜਵੰਦਾਂ ਦੀ ਮਦਦ ਕਰਨ ਹਿੱਤ 01 ਜਨਵਰੀ ਤੋਂ 31 ਜਨਵਰੀ 2026 ਤੱਕ ਹਸਪਤਾਲ ਵਿਚ ਲਗਾਏ ਜਾ ਰਹੇ ਮੈਗਾ ਕੈਂਪ ਵਿਚ ਖਰਾਬ ਗੋਡਾ ਸਿਰਫ ਇੱਕ ਲੱਖ ਰੁਪਏ ਦੇ ਪੈਕਜ ਵਿਚ ਬਦਲੀ ਕੀਤਾ ਜਾਵੇਗਾ।ਗੋਡੇ ਬਦਲਣ ਦੇ ਇਸ ਪੈਕਜ ਵਿਚ ਇੰਪੋਰਟਡ ਇੰਪਲਾਂਟ, ਦਵਾਈਆਂ, ਅਪਰੇਸ਼ਨ ਅਤੇ ਹਸਪਤਾਲ ਵਿਖੇ ਦਾਖਲ ਰਹਿਣ ਦਾ ਸਾਰਾ ਖਰਚਾ ਸ਼ਾਮਲ ਹੋਵੇਗਾ।ਗੁਰਮਤਿ ਸਮਾਗਮ ਵਿਚ ਹਰਦੇਵ ਸਿੰਘ ਕਾਹਮਾ, ਮਲਕੀਅਤ ਸਿੰਘ ਬਾਹੜੋਵਾਲ, ਦਰਸ਼ਨ ਸਿੰਘ ਮਾਹਿਲ ਕੈਨੇਡਾ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਬਰਜਿੰਦਰ ਸਿੰਘ ਹੈਪੀ ਕਲੇਰਾਂ, ਪ੍ਰੋ. ਹਰਬੰਸ ਸਿੰਘ ਬੋਲੀਨਾ, ਡਾ. ਜਸਦੀਪ ਸਿੰਘ ਸੈਣੀ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਮਹਿੰਦਰਪਾਲ ਸਿੰਘ, ਭਾਈ ਮਨਜੀਤ ਸਿੰਘ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਬੀਬੀ ਬਲਜਿੰਦਰ ਕੌਰ ਬਾਹੜੋਵਾਲ, ਮੈਡਮ ਸੁਖਮਿੰਦਰ ਕੌਰ ਉੱਭੀ, ਭਾਈ ਮਨਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਪ੍ਰਬੰਧ ਹੇਠਾਂ ਚੱਲ ਰਹੇ ਅਦਾਰਿਆਂ ਦਾ ਸਮੂਹ ਸਟਾਫ਼, ਡਾਕਟਰ ਸਾਹਿਬਾਨ, ਨਰਸਿੰਗ, ਪੈਰਾ ਮੈਡੀਕਲ ਵਿਦਿਆਰਥੀ ਅਤੇ ਇਲਾਕਾ ਨਿਵਾਸੀ ਸੰਗਤਾਂ ਨੇ ਹਾਜ਼ਰੀਆਂ ਭਰੀਆਂ।



# ਪੱਤਰਕਾਰਾਂ 'ਤੇ ਦਰਜ ਕੀਤੇ ਪਰਚੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਫਿਲੌਰ (ਹਰਜਿੰਦਰ ਕੌਰ ਚਾਹਲ)** ਕਲੱਬ ਫਿਲੌਰ (ਰਜਿ.) ਵੱਲੋਂ ਪੰਜਾਬ ਵਿੱਚ ਪੱਤਰਕਾਰਾਂ 'ਤੇ ਦਰਜ ਕੀਤੇ ਗਏ ਪਰਚੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ।ਕਲੱਬ ਨੇ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਹਾਕਮ ਧਿਰ ਨੇ ਆਪਣੀਆਂ ਕੀਤੀਆਂ 'ਤੇ ਪਰਦੇ ਪਾਉਣ ਲਈ ਪੱਤਰਕਾਰਾਂ ਨੂੰ ਨਿਸ਼ਾਨਾਂ ਬਣਾਇਆ ਹੈ।ਕਲੱਬ ਦੇ ਪ੍ਰਧਾਨ ਸਤਿੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਉਪਰੰਤ ਜਨਰਲ ਸਕੱਤਰ ਸਰਬਜੀਤ ਗਿੱਲ ਨੇ ਦੱਸਿਆ ਕਿ ਪਹਿਲੀਆਂ ਸਰਕਾਰਾਂ ਵੇਲੇ ਦੇ ਮੁਖ ਮੰਤਰੀ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੁੰਦੇ ਸਨ ਪਰ ਮੌਜੂਦਾ ਮੁਖ ਮੰਤਰੀ ਵੱਲੋਂ ਪੱਤਰਕਾਰ ਸੰਮੇਲਨ ਹੀ ਬਹੁਤ ਘੱਟ ਹੁੰਦੇ ਹਨ।ਪੱਤਰਕਾਰਾਂ ਵਲੋਂ ਚੱਲ ਰਹੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਰਜ ਕੀਤੇ ਕੇਸ ਨੂੰ ਤੁਰੰਤ ਵਾਪਸ ਲਵੇ।ਮੀਟਿੰਗ 'ਚ ਅਮਰਜੀਤ ਮੌਂਨੂੰ, ਸੁਰਜੀਤ ਸਿੰਘ ਬਰਨਾਲਾ, ਨਰੇਸ਼ ਸ਼ਰਮਾ, ਸ਼ੁਭਮ ਸ਼ਰਮਾ, ਪ੍ਰਭ ਪਾਲ, ਸੁਰਿੰਦਰ ਸਿੰਘ, ਬੰਟੀ ਕਲੇਰ, ਰਿੰਕੂ ਖੋਸਲਾ ਆਦਿ ਹਾਜ਼ਰ ਸਨ।

## ਜਨਮ ਦਿਨ ਮੁਬਾਰਕ


ਪ੍ਰਨੀਤ ਕੌਰ ਨਵਾਂਸ਼ਹਿਰ


ਜਸਦੀਪ ਸਿੰਘ


ਵੀਰੇਚਨ ਆਦੀਵਾਸੀ ਮਹਿਤਪੁਰ

## ਮਜ਼ਦੂਰਾਂ ਦਾ ਦਰਦ ਮੇਰਾ ਆਪਣਾ ਦਰਦ : ਚਰਨਜੀਤ ਸਿੰਘ ਚੰਨੀ

**ਸ਼ਾਹਕੋਟ, (ਗਿਆਨ ਸੈਦਪੁਰੀ)**- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੁਹਰਾਇਆ ਕਿ ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਨਾਂਅ ਵਿੱਚ ਮਜ਼ਦੂਰ ਦਾ ਨਾਂਅ ਸ਼ਾਮਲ ਕਰਵਾਉਣ ਲਈ ਚਾਰਾਜੋਈ ਕਰਨਗੇ। ਉਹ ਚਾਹੁੰਦੇ ਹਨ ਕਿ ਵਿਭਾਗ ਦਾ ਨਾਂਅ 'ਖੇਤੀਬਾੜੀ ਅਤੇ ਕਿਸਾਨ ਤੇ ਮਜ਼ਦੂਰ ਭਲਾਈ ਵਿਭਾਗ' ਰੱਖਿਆ ਜਾਵੇ। ਚੰਨੀ ਨੇ ਪਿਛਲੇਰੀ ਸ਼ਾਹਕੋਟ ਫੇਰੀ ਦੌਰਾਨ ਇੱਕ ਪਬਲਿਕ ਮੀਟਿੰਗ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਸਰਕਾਰ ਨੂੰ ਸਿਫ਼ਾਰਸ਼ ਕੀਤੀ ਹੈ ਕਿ ਖੇਤੀ ਵਿਭਾਗ ਦੇ ਨਾਂਅ ਨਾਲ ਮਜ਼ਦੂਰਾਂ ਦੇ ਨਾਂਅ ਨੂੰ ਵੀ ਜੋੜਿਆ ਜਾਵੇ। ਪਿਛਲੇ ਦਿਨੀਂ ਸਾਬਕਾ ਮੁੱਖ ਮੰਤਰੀ ਇੱਕ ਪਰਵਾਰਕ ਸਮਾਗਮ ਵਿੱਚ ਹਿੱਸਾ ਲੈਣ ਲਈ ਸ਼ਾਹਕੋਟ ਆਏ ਸਨ। ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਉਹ ਪਾਰਲੀਮੈਂਟ ਵਿੱਚ ਪੰਜਾਬ ਦੇ ਮੁੱਦੇ ਜ਼ੋਰਦਾਰ ਢੰਗ ਨਾਲ ਉਠਾਉਂਦੇ ਰਹਿੰਦੇ ਹਨ। ਪਿਛਲੇਰੀ ਫੇਰੀ ਦੌਰਾਨ ਇੱਕ ਤਕਰੀਰ ਦੇ ਹਵਾਲੇ ਨਾਲ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਚੰਨੀ ਨੇ ਕਿਹਾ ਕਿ ਖੇਤੀਬਾੜੀ ਵਿੱਚ ਖੇਤ ਮਜ਼ਦੂਰਾਂ ਦਾ ਯੋਗਦਾਨ ਕਿਸੇ ਕੋਲੋਂ ਭੁੱਲਿਆ ਨਹੀਂ ਹੈ। ਖੇਤੀ ਜਿਣਸਾਂ ਦੀ ਪੈਦਾਵਾਰ ਵਿੱਚ ਮਜ਼ਦੂਰ ਵਰਗ ਦਾ ਮਹੱਤਵਪੂਰਨ ਹਿੱਸਾ ਹੈ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨਾਲ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੀ ਗਈ ਇੱਕ ਵਿਸ਼ੇਸ਼ ਮੀਟਿੰਗ ਨੂੰ ਚੇਤੇ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਉਹ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਸੰਦਰਭ ਵਿੱਚ ਉਨ੍ਹਾਂ ਨੇ ਮਜ਼ਦੂਰ ਆਗੂਆਂ ਨਾਲ ਲੰਬੀ ਮੀਟਿੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦਾ ਦਰਦ ਉਨ੍ਹਾਂ ਦਾ ਆਪਣਾ ਦਰਦ ਹੈ। ਗੱਲਬਾਤ ਦੌਰਾਨ ਚੰਨੀ ਨੇ ਮਜ਼ਦੂਰ ਆਗੂਆਂ ਨਾਲ ਮੁੜ ਮਿਲਣ ਦੀ ਇੱਛਾ ਪ੍ਰਗਟਾਈ। ਗੱਲਬਾਤ ਮੌਕੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਕਾਂਗਰਸ ਹਲਕਾ ਨਕੋਦਰ ਦੇ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ ਵੀ ਮੌਜੂਦ ਸਨ।



## ਸੁਰੱਖਿਆ ਐਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)** ਨਵੇਂ ਸਾਲ ਦੇ ਮੌਕੇ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਨਿੱਘੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ, ਜ਼ਿਲ੍ਹਾ ਪ੍ਰਸ਼ਾਸਨ ਲਈ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਨੂੰ ਪ੍ਰਭਾਵਸ਼ਾਲੀ ਅਤੇ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਹਨ।ਵਿਜੇ ਦੱਤ ਨੇ ਕਿਹਾ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਸਮਾਜ ਦੇ ਗਰੀਬਾਂ, ਕਮਜ਼ੋਰ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦਾ ਕਾਨੂੰਨੀ ਅਧਿਕਾਰ ਹੈ ਅਤੇ ਇਸ ਨੂੰ ਪੂਰੀ ਭਾਵਨਾ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜ਼ਿਲ੍ਹਾ ਪੱਧਰ 'ਤੇ, ਏ ਡੀ ਸੀ (ਵਿਕਾਸ) ਨਾ ਸਿਰਫ਼ ਪ੍ਰਸ਼ਾਸਨ ਵਿੱਚ ਸਗੋਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ (ਡੀ ਜੀ ਆਰ ਓ) ਵਜੋਂ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਹੈਸੀਅਤ ਵਿੱਚ, ਏ ਡੀ ਸੀ (ਵਿਕਾਸ) ਤੋਂ ਖੁਰਾਕ ਸੁਰੱਖਿਆ ਨਾਲ ਸਬੰਧਤ ਸ਼ਿਕਾਇਤਾਂ ਦੇ ਤੁਰੰਤ, ਨਿਰਪੱਖ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਨੂੰ ਯਕੀਨੀ ਬਣਾਉਣ ਦੀ ਉਮੀਦ ਕੀਤੀ ਜਾਂਦੀ ਹੈ।ਵਿਜੇ ਦੱਤ ਨੇ ਨਿਰਦੇਸ਼ ਜਾਰੀ ਕੀਤੇ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੇ ਉਪਬੰਧਾਂ ਨੂੰ ਜ਼ਿਲ੍ਹਾ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।



## ਵਿਦਿਆਰਥੀ ਅਤੇ ਨੈਤਿਕ ਸਿੱਖਿਆ

ਅਜ਼ਾਦੀ ਤੋਂ ਪਹਿਲਾਂ ਭਾਰਤੀ ਸਮਾਜਿਕ ਤੇ ਸੱਭਿਆਚਾਰਕ ਸਾਂਝ ਸੁਧਾਰਨ ਤੇ ਸਵੈ ਇਛਤ ਸੀ। ਇੱਕ-ਦੂਜੇ ਦੀ ਇੱਜ਼ਤ-ਸਤਿਕਾਰ ਕਰਨਾ ਆਪਣਾ ਫਰਜ਼ ਸਮਝਿਆ ਜਾਂਦਾ ਸੀ। ਇਹ ਆਦਤ ਛੋਟੇ ਤੋਂ ਲੈ ਕੇ ਵੱਡਿਆਂ ਤੱਕ ਪੱਕੀ ਹੋਈ ਸੀ। ਵੱਡਿਆਂ ਨੂੰ ਬਾਬਾ ਅੰਮਾਂ, ਬੇਬੇ-ਬਾਪੂ, ਚਾਚਾ-ਚਾਚੀ, ਤਾਇਆ, ਤਾਈ, ਬਾਈ-ਬੀਬੀ ਸੰਬੋਧਨ ਕਰਕੇ ਬੁਲਾਇਆ ਜਾਂਦਾ ਸੀ। ਛੋਟਿਆਂ ਨੂੰ ਪੁੱਤਰ-ਪੁੱਤਰੀ, ਬੇਟਾ-ਬੇਟੀ, ਵੀਰ-ਭੈਣ, ਭਤੀਜਾ-ਭਤੀਜੀ ਆਦਿ ਸ਼ਬਦਾਂ ਨਾਲ ਪਿਆਰ ਦਰਸਾਇਆ ਜਾਂਦਾ ਸੀ। ਛੋਟੇ ਵੱਡਿਆਂ ਦੇ ਪੈਰੀਂ ਹੱਥ ਲਾਉਂਦੇ ਤੇ ਵੱਡੇ ਛੋਟਿਆਂ ਦਾ ਸਿਰ ਪਲੋਸ ਕੇ ਪਿਆਰ ਦਿੰਦੇ ਸਨ। ਇਹ ਰਿਵਾਜ ਪਰਵਾਰਕ ਮੈਂਬਰਾਂ ਪ੍ਰਤੀ ਹੀ ਨਹੀਂ, ਸਗੋਂ ਰਿਸ਼ਤੇਦਾਰਾਂ, ਗਵਾਂਢੀਆਂ ਪ੍ਰਤੀ ਵੀ ਸੀ।



ਅਜ਼ਾਦੀ ਤੋਂ ਬਾਅਦ ਨਵੇਂ ਸਮਾਜ ਤੇ ਸੱਭਿਆਚਾਰ ਦੀ ਸਿਰਜਣਾ ਹੋਣ ਲੱਗੀ। ਡੈਡੀ-ਮੰਮੀ, ਅੰਕਲ ਆਂਟੀ ਹੀ ਵੱਡਿਆਂ ਲਈ ਵਰਤੇ ਜਾ ਰਹੇ। ਆਮ ਸ਼ਬਦ ਹਨ। ਮਿਲਦੇ ਸਮੇਂ ਗੋਡਿਆਂ ਤੱਕ ਹੱਥ ਲਾ ਕੇ ਹੀ ਪੈਰੀਂ ਹੱਥ ਲਾਉਣ ਦੀ ਰਸਮ ਪੂਰੀ ਹੋ ਜਾਂਦੀ ਹੈ। ਬਰਾਬਰ ਦਿਆਂ ਨਾਲ ਹੱਥ ਮਿਲਾਇਆ ਜਾਂਦਾ ਹੈ ਜਾਂ ਜੱਫੀ ਪਾ ਕੇ ਮਿਲਣ ਨਾਲ ਪਿਆਰ ਦਰਸਾਇਆ ਜਾਂਦਾ ਹੈ। ਸਤਿ ਸ੍ਰੀ ਅਕਾਲ, ਗੁੱਡ ਮਾਰਨਿੰਗ, ਬਾਈ ਬਾਈ ਸ਼ਬਦ ਪੁਕਾਰੇ ਜਾਂਦੇ ਹਨ। ਛੋਟੇ ਬੱਚਿਆਂ ਦੇ ਅਨੇਕਾਂ ਪੰਜਾਬੀ ਜਾਂ ਅੰਗਰੇਜ਼ੀ ਸ਼ਬਦਾਂ ਵਿੱਚ ਨਿੱਕ ਨੇਮ ਰੱਖੇ ਜਾਂਦੇ ਹਨ। ਜਿਵੇਂ ਛੋਟੂ, ਪੱਪੂ, ਵਿੱਕੀ, ਰੌਕੀ ਆਦਿ।

ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਹਮੇਸ਼ਾ ਪੜ੍ਹਾਈ ਦੇ ਨਾਲ ਨੈਤਿਕ ਸਿੱਖਿਆ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਪੜ੍ਹਾਈ ਤੇ ਖੇਡਾਂ ਲਈ ਅਨੁਸ਼ਾਸਨ ਤੇ ਹੁਕਮਾਂ ਦੀ ਪਾਲਣਾ ਕਰਨਾ ਜ਼ਰੂਰੀ ਆਦਤਾਂ ਹਨ।

ਬੱਚੇ ਨੂੰ ਸਕੂਲ ਤੇ ਘਰ ਵਿੱਚ ਇਹੋ ਨਸੀਅਤਾਂ ਦਿੱਤੀਆਂ ਜਾਂਦੀਆਂ ਹਨ ਕਿ ਚੋਰੀ ਨਹੀਂ ਕਰਨੀ, ਕਿਸੇ ਦੀ ਲੱਭੀ ਚੀਜ਼ ਉਸ ਨੂੰ ਵਾਪਸ ਕਰਨੀ, ਆਪਸ ਵਿੱਚ ਲੜਾਈ-ਝਗੜਾ ਨਹੀਂ ਕਰਨਾ, ਪਿਆਰ ਤੇ ਮੇਲ-ਮਿਲਾਪ ਨਾਲ ਰਹਿਣਾ, ਇੱਕ-ਦੂਜੇ ਦੀ ਲੋੜ ਸਮੇਂ ਸਹਾਇਤਾ ਕਰਨੀ ਚਾਹੀਦੀ ਹੈ। ਵੱਡਿਆਂ, ਗਰੀਬਾਂ, ਬਜ਼ੁਰਗ ਮਰਦਾਂ-ਇਸਤਰੀਆਂ ਪ੍ਰਤੀ ਹਲੀਮੀ ਤੇ ਮਿਠਾਸ ਨਾਲ ਬੋਲਚਾਲ। ਉਨ੍ਹਾਂ ਪ੍ਰਤੀ ਹਮਦਰਦੀ ਕਰਨੀ ਚਾਹੀਦੀ ਹੈ। ਆਪਣੇ ਘਰ, ਸਕੂਲ ਤੇ ਦੇਸ਼ ਲਈ ਵਫਾਦਾਰ ਹੋਣਾ ਤੇ ਨਾਮ ਖੱਟਣਾ ਚਾਹੀਦਾ ਹੈ। ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਹਰੇਕ ਕੰਮ ਸਹੀ ਤੇ ਸਮੇਂ ਸਿਰ ਕਰਨਾ ਚਾਹੀਦਾ ਹੈ। ਖਾਣਾ, ਪੀਣਾ, ਪੜ੍ਹਨਾ, ਖੇਡਣਾ ਜਾਂ ਹੋਰ ਜ਼ਰੂਰੀ ਕੰਮ ਸਮੇਂ ਸਿਰ ਕਰਨਾ ਚਾਹੀਦਾ ਹੈ। ਆਪਣੇ ਸਰੀਰ, ਕੱਪੜੇ, ਕਿਤਾਬਾਂ, ਅਲਮਾਰੀਆਂ, ਘਰ ਤੇ ਹੋਰ ਹਰ ਚੀਜ਼ ਦੀ ਸਫਾਈ ਦਾ ਧਿਆਨ ਰੱਖਣਾ ਜ਼ਰੂਰੀ ਹੈ। ਖਾਂਦਿਆਂ-ਪੀਂਦਿਆਂ, ਉਠਦਿਆਂ, ਬੈਠਦਿਆਂ, ਚਲਦੇ ਫਿਰਦਿਆਂ ਸਹੀ ਢੰਗ ਨਾਲ ਵਿਚਰਨਾ ਚਾਹੀਦਾ ਹੈ। ਮਾਂ-ਬਾਪ, ਅਧਿਆਪਕ ਦੀਆਂ ਸਿੱਖਿਆਵਾਂ ਨੂੰ ਪੱਕੀ ਤਰ੍ਹਾਂ ਪੱਲੇ ਬੰਨ੍ਹਣਾ ਚਾਹੀਦਾ ਹੈ। ਭੈੜੀਆਂ ਆਦਤਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਆਪਣੇ ਜੀਵਨ ਵਿੱਚ ਚੰਗੇ ਮਨੁੱਖ ਬਣਨ ਦਾ ਉਦੇਸ਼ ਹੋਣਾ ਚਾਹੀਦਾ ਹੈ।



ਡਾ: ਨਵਪ੍ਰੀਤ ਕੌਰ
ਐੱਸ.ਐੱਸ. ਮਿਸਟ੍ਰੈੱਸ
82839-59199

## ਦੀਨ ਦਿਆਲ ਲਾਡੋ ਲੱਛਮੀ ਯੋਜਨਾ 'ਚ ਮਹੱਤਵਪੂਰਣ ਸੋਧਾਂ ਨੂੰ ਕੈਬਨਿਟ ਨੇ ਦਿੱਤੀ ਮਨਜ਼ੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਇੱਥੇ ਹੋਈ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ ਮਹਿਲਾਵਾਂ ਦੇ ਵਿੱਤੀ ਸਸ਼ਕਤੀਕਰਣ ਨੂੰ ਮਜਬੂਤ ਕਰਨ ਅਤੇ ਲੰਬੇ ਸਮੇਂ ਦੀ ਬਚੱਤ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਦੀਨ ਦਿਆਲ ਲਾਡੋ ਲੱਛਮੀ ਯੋਜਨਾ, 2025 ਦਾ ਵਿਸਥਾਰ ਕਰਦੇ ਹੋਏ ਮਹੱਤਵਪੂਰਣ ਸੋਧਾਂ ਨੂੰ ਮੰਜ਼ੂਰੀ ਦਿੱਤੀ ਗਈ। ਵਰਣਨਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦਾ ਵਿਜਨ ਰੱਖਿਆ ਹੈ, ਇਸ ਦੇ ਲਈ ਉਨ੍ਹਾਂ ਨੇ ਹਿਊਮਨ ਕੈਪੀਟਲ ਤੇ ਹੁਣ ਤੋਂ ਕੰਮ ਕਰਨ ਦੀ ਦਿਸ਼ਾ ਵਿੱਚ ਪ੍ਰਤੀਬੱਧਤਾ ਜਤਾਈ ਹੈ। ਇਸ ਵਿਜਨ ਨੂੰ ਲਾਗੂ ਕਰਦੇ ਹੋਏ ਮੀਟਿੰਗ ਵਿੱਚ ਹਿਊਮਨ ਕੈਪੀਟਲ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵੱਡਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਵੱਲੋਂ ਭੈਣਾਂ-ਕੁੜੀਆਂ ਲਈ ਸ਼ੁਰੂ ਕੀਤੀ ਗਈ ਦੀਨ ਦਿਆਲ ਲਾਡੋ ਲੱਛਮੀ ਯੋਜਨਾ ਦਾ ਵਿਸਤਾਰ ਕੀਤਾ ਗਿਆ ਹੈ। ਹੁਣ ਇਸ ਯੋਜਨਾ ਨੂੰ ਸਮਾਜਿਕ ਵਿਕਾਸ ਦੇ ਨਾਲ ਜੋੜਿਆ ਜਾਵੇਗਾ ਅਤੇ ਇਸ ਦੇ ਲਈ ਦੀਨ ਦਿਆਲ ਲਾਡੋ ਲੱਛਮੀ ਯੋਜਨਾ ਵਿੱਚ ਕੁਝ ਨਵੀਂ ਸ਼੍ਰੇਣੀਆਂ ਨੂੰ ਜੋੜਿਆ ਗਿਆ ਹੈ। ਇਸ ਦੇ ਤਹਿਤ, ਮੌਜੂਦਾ ਵਿੱਚ ਜਿਨ੍ਹਾਂ ਪਰਵਾਰਾਂ ਦੀ ਸਾਲਾਨਾ ਆਮਦਨ 1 ਲੱਖ ਰੁਪਏ ਤੋਂ ਘੱਟ ਹੈ, ਉਨ੍ਹਾਂ ਪਰਵਾਰਾਂ ਦੀ ਮਹਿਲਾਵਾਂ ਨੂੰ 2100 ਰੁਪਏ ਦਾ ਲਾਭ ਦਿੱਤਾ ਜਾ ਰਿਹਾ ਹੈ। ਹੁਣ ਇਹ ਲਾਭ 1 ਲੱਖ 80 ਹਜਾਰ ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੀ ਮਹਿਲਾਵਾਂ ਨੂੰ ਵੀ ਮਿਲੇਗਾ, ਬੇਸ਼ਰਤੇ ਕਿ ਉਨ੍ਹਾਂ ਮਾਤਾਵਾਂ ਨੇ ਵਿਕਸਿਤ ਭਾਰਤ ਦੀ ਦਿਸ਼ਾ ਵਿੱਚ ਕਦਮ ਵਧਾਉਂਦੇ ਹੋਏ ਬੱਚਿਆਂ ਦੀ ਸਿਖਿਆ ਅਤੇ ਵਿਕਾਸ 'ਤੇ ਧਿਆਨ ਦਿੱਤਾ ਹੈ। ਸੋਧ ਤਹਿਤ ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾ ਆਮਦਨ 1 ਲੱਖ 80 ਹਜਾਰ ਰੁਪਏ ਤੋਂ ਘੱਟ ਹੈ, ਅਜਿਹੇ ਪਰਿਵਾਰਾਂ ਦੇ ਬੱਚੇ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹਨ, ਉਹ 10ਵੀਂ ਅਤੇ 12ਵੀਂ ਕਲਾਸ ਵਿੱਚ 80 ਫੀਸਦੀ ਤੋਂ ਵੱਧ ਨੰਬਰ ਲੈ ਕੇ ਆਉਂਦੇ ਹਨ, ਅਜਿਹੇ ਮਾਤਾਵਾਂ ਨੂੰ ਵੀ ਹੁਣ ਦੀਨ ਦਿਆਲ ਲਾਡੋ ਲੱਛਮੀ ਯੋਜਨਾ ਦਾ ਲਾਭ ਦਿੱਤਾ ਜਾਵੇਗਾ। ਇਸ ਦੇ ਨਾਲ ਹੀ, ਮਹਿਲਾਵਾਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਆਰਥਕ ਰੂਪ ਤੋਂ ਮਜ਼ਬੂਤ ਬਣਾਉਣ ਲਈ ਵੀ ਇੱਕ ਨਵੀਂ ਪਹਿਲ ਸ਼ੁਰੂ ਕੀਤੀ ਗਈ ਹੈ। ਮੌਜੂਦਾ ਵਿੱਚ ਜੋ 2100 ਰੁਪਏ ਦੀ ਰਕਮ ਭੈਣਾਂ-ਕੁੜੀਆਂ ਦੇ ਖਾਤਿਆਂ ਵਿੱਚ ਜਮਾ ਕੀਤੀ ਜਾਂਦੀ ਹੈ, ਹੁਣ ਇਸ ਰਕਮ ਵਿੱਚੋਂ 1100 ਰੁਪਏ ਸਿੱਧੇ ਮਹਿਲਾਵਾਂ ਨੂੰ ਮਿਲਣਗੇ ਅਤੇ ਬਾਕੀ 1000 ਰੁਪਏ ਸੂਬਾ ਸਰਕਾਰ ਰੇਕਰਿੰਗ ਡਿਪੋਜ਼ਿਟ/ਫਿਕਸਡ ਡਿਪੋਜ਼ਿਟ ਕਰਵਾਏਗੀ। ਇਸ ਡਿਪੋਜ਼ਿਟ ਦਾ ਪੈਸਾ ਵਿਆਜ ਸਮੇਤ ਲਾਭਕਾਰ ਨੂੰ ਮਿਲੇਗਾ। ਆਰਡੀ/ਐਫਡੀ ਦੀ ਮਿਆਦ ਸਰਕਾਰ ਵੱਲੋਂ ਤੈਅ ਕੀਤੀ ਜਾਵੇਗੀ ਜੋ ਕਿ ਪੰਜ ਸਾਲ ਤੋਂ ਵੱਧ ਨਹੀਂ ਹੋਵੇਗੀ। ਇਸ ਦਾ ਇੱਕ ਐਸਐਮਐਸ ਵੀ ਹਰੇਕ ਮਹਿਲਾ ਨੂੰ ਹਰ ਮਹੀਨੇ ਜਾਵੇਗਾ।

## ਨਵੇਂ ਸਾਲ-2026 ਦੀ ਆਮਦ 'ਤੇ ਧਾਰਮਿਕ ਸਮਾਗਮ

**ਨੰਗਲ ਭਲਾਣ (ਹਰਬੰਸ ਸਿੰਘ ਢਿੱਲੋਂ)**- ਨਵੇਂ ਸਾਲ 2026 ਦੇ ਆਗਮਨ ਮੌਕੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਨੰਗਲ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮੂਹ ਸਟਾਫ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਧਾਰਮਿਕ ਸਮਾਗਮ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਭਾਈ ਕਮਲਜੀਤ ਸਿੰਘ ਦੇ ਕੀਰਤਨੀ ਜਥੇ ਵਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ। ਇਸ ਮੌਕੇ ਵਿਸ਼ੇਸ਼ ਰੂਪ ਚ ਪਹੁੰਚੇ ਕੈਬਨਿਟ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੇ ਪਿਤਾ ਸਰਦਾਰ ਸੋਹਣ ਸਿੰਘ ਬੈਂਸ ਅਤੇ ਸ੍ਰੀ ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਦੇ ਚੇਅਰਮੈਨ ਡਾ. ਸੰਜੀਵ ਗੌਤਮ ਨੇ ਸੰਸਥਾਂ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸਲਾਘਾਂ ਕਰਦਿਆ ਸਮੂਹ ਸਟਾਫ ਅਤੇ ਸਿੱਖਿਆਰਥੀਆਂ ਨੂੰ ਨਵੇਂ ਸਾਲ 2026 ਦੀ ਵਧਾਈ ਦਿੱਤੀ।ਇਸ ਮੌਕੇ ਆਏ ਪਤਵੰਤੇ ਸੱਜਣਾ ਦਾ ਧੰਨਵਾਦ ਕਰਦਿਆਂ ਆਈ ਟੀ ਆਈ ਨੰਗਲ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਸਿੱਖਿਆਂ ਦੇ ਮਿਆਰ ਨੂੰ ਉਚਾ ਚੁੱਕਣ ਲਈ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਿਥੇ ਆਧੁਨਿਕ ਮਸ਼ੀਨਰੀ ਦੀ ਖਰੀਦ ਕੀਤੀ ਗਈ ਹੈ,ਉਥੇ ਸੰਸਥਾਂ ਦੀ ਪੁਰਾਣੀ ਇਮਾਰਤ ਦੇ ਨਵੀਨੀਕਰਨ ਅਤੇ ਨਵੀਂ ਬਿਲਡਿੰਗ ਬਣਾਉਣ ਲਈ ਕਰੋੜਾਂ ਰੁਪਏ ਦੀ ਰਾਸ਼ੀ ਖਰਚ ਕੇ ਸੰਸਥਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਮੌਕੇ ਸੰਸਥਾਂ ਵਲੋਂ ਆਏ ਪਤਵੰਤੇ ਸੱਜਣਾ ਦਾ ਵਿਸ਼ੇਸ਼ ਰੂਪ 'ਚ ਸਨਮਾਨਤ ਕੀਤਾ ਗਿਆ। ਸੰਗਤਾਂ ਲਈ ਗੁਰੂ ਦਾ ਲੰਗਰ ਵੀ ਅਟੁੱਟ ਵਰਤਾਇਆ ਗਿਆ।



## ਜੌਹਲ ਫਾਰਮ ਘੁੜਕਾ ਵਿਖੇ ਕੀਤੇ ਜਾ ਰਹੇ ਨੇ ਲੋਕ ਭਲਾਈ ਦੇ ਕਾਰਜ

**ਜੇਜੋਂ ਦੋਆਬਾ ( ਨਿਰਮਲ ਸਿੰਘ ਮੁੱਗੋਵਾਲ)** ਬ੍ਰਹਮ ਗਿਆਨੀ 108 ਸੰਤ ਬਾਬਾ ਮੋਨੀ ਮਹਾਰਾਜ ਦੇ ਆਸ਼ੀਰਵਾਦ ਸਦਕਾ ਅਤੇ ਸਵ. ਗੁਰਮੁੱਖ ਸਿੰਘ ਜੌਹਲ ਦੇ ਪਰਵਾਰ ਵੱਲੋਂ ਜੌਹਲ ਫਾਰਮ ਸੇਵਾ ਸੁਸਾਇਟੀ ਘੁੜਕਾ ਅਤੇ ਪਿੰਡ ਜੌਹਲ ਅਤੇ ਅਮਰੀਕ ਸੈਣੀ ਦੇ ਸਹਿਯੋਗ ਸਦਕਾ 5 ਜਨਵਰੀ 2026 ਦਿਨ ਸੋਮਵਾਰ ਨੂੰ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਅੱਖਾਂ ਦਾ ਚੈਕਅਪ ਅਤੇ ਅਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ।ਸਮਾਗਮ ਦੇ ਆਯੋਜਕਾ ਮਨਮੋਹਣ ਵਰਮਿਸ, ਸਰਬਜੀਤ ਰਾਏ (ਐਸ. ਪੀ ), ਤਰਲੋਚਨ ਸਿੰਘ ਜੌਹਲ, ਐਡਵੋਕੇਟ ਅਸ਼ਵਨੀ ਕੁਮਾਰ, ਜੌਹਲ ਪਰਵਾਰ, ਬਾਹੜਾ ਪਰਵਾਰ, ਸੈਣੀ ਪਰਵਾਰ ਅਤੇ ਸਹੋਤਾ ਪਰਵਾਰ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ 5 ਫਰਵਰੀ 2026 ਦਿਨ ਸੋਮਵਾਰ ਨੂੰ ਅੱਖਾਂ ਦਾ ਚੈੱਕਅਪ ਅਤੇ ਅਪਰੇਸ਼ਨ ਕੈਂਪ ਲੱਗੇਗਾ।6 ਜਨਵਰੀ ਦਿਨ ਮੰਗਲਵਾਰ ਨੂੰ ਜੌਹਲ ਫਾਰਮ ਵਿਖੇ ਹੀ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ।7 ਜਨਵਰੀ ਦਿਨ ਬੁੱਧਵਾਰ ਨੂੰ ਇਸੇ ਅਸਥਾਨ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਖੂਨਦਾਨ ਕੈਂਪ ਲੱਗੇਗਾ।8 ਜਨਵਰੀ ਦਿਨ ਵੀਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। 9 ਜਨਵਰੀ 2026 ਦਿਨ ਸ਼ੁਕਰਵਾਰ ਨੂੰ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਹੀ ਜ਼ਰੂਰਤਮੰਦ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਜਾਣਗੇ।ਇਸੇ ਤਰ੍ਹਾਂ 11 ਜਨਵਰੀ ਦਿਨ ਐਤਵਾਰ ਨੂੰ 5100 ਨਵ ਜੰਮੀਆਂ ਬੱਚੀਆਂ ਦੀ ਲੋਹੜੀ ਪਾਈ ਜਾਵੇਗੀ।ਸ੍ਰੀਮਾਨ ਸੰਤ ਗੁਰਚਰਨ ਸਿੰਘ ਜੀ ਪੰਡਵੇ ਵਾਲੇ ਪ੍ਰੋਗਰਾਮਾਂ ਦਾ ਸ਼ੁਭ ਆਰੰਭ ਆਪਣੇ ਕਰ ਕਮਲਾਂ ਨਾਲ ਕਰਨਗੇ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸਮਾਗਮ ਦੇ ਪ੍ਰਬੰਧਕਾਂ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਹ ਜਾਣਕਾਰੀ ਸੰਤ ਬਾਬਾ ਗੁਰਚਰਨ ਸਿੰਘ ਪੰਡਵਾਂ ਵੱਲੋਂ ਪ੍ਰਾਪਤ ਹੋਈ।



## ਪ੍ਰੋ. ਚਰਨ ਸਿੰਘ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬੀ ਫਿਲਮ ਇੰਡਸਟਰੀ ਦੇ ਮਸ਼ਹੂਰ ਡਾਇਰੈਕਟਰ ਅਨੁਰਾਗ ਸਿੰਘ ਦੇ ਪਿਤਾ, ਉੱਚੇ ਕਿਰਦਾਰ, ਚੰਗੀ ਸੋਚ, ਨੇਕ ਨੀਅਤ ਅਤੇ ਸਾਦਗੀ ਦੀ ਮਿਸਾਲ ਰਹੇ ਪ੍ਰੋਫੈਸਰ ਚਰਨ ਸਿੰਘ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਸੰਖੇਪ ਬੀਮਾਰੀ ਤੋਂ ਬਾਅਦ ਉਹਨਾਂ ਦਾ ਦੇਹਾਂਤ ਬੀਤੀ 29 ਦਸੰਬਰ ਨੂੰ ਹੋ ਗਿਆ ਸੀ, ਜਿਸ ਨਾਲ ਪਰਿਵਾਰ ਸਮੇਤ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਪ੍ਰੋ. ਚਰਨ ਸਿੰਘ ਇੱਕ ਸਾਦਗੀਪਸੰਦ, ਇਮਾਨਦਾਰ ਅਤੇ ਸਹਿਜ ਸੁਭਾਅ ਵਾਲੀ ਸ਼ਖ਼ਸੀਅਤ ਸਨ। ਉਹਨਾਂ ਦੀ ਸੋਚ ਹਮੇਸ਼ਾ ਸਮਾਜ ਭਲਾਈ, ਸਿੱਖਿਆ ਦੇ ਵਿਕਾਸ ਅਤੇ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਣ ਵੱਲ ਕੇਂਦਰਿਤ ਰਹੀ। ਉਹ ਸਿਰਫ਼ ਅਹੁਦਿਆਂ ਦੇ ਨਹੀਂ, ਸਗੋਂ ਕਰਮਾਂ ਦੇ ਪ੍ਰੋਫੈਸਰ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇਮਾਨਦਾਰੀ ਅਤੇ ਨਿਸ਼ਕਾਮ ਸੇਵਾ ਨਾਲ ਜੀਤੀ। ਪ੍ਰੋ. ਚਰਨ ਸਿੰਘ ਦੇ ਦਿਹਾਂਤ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋ ਸਕਣ ਵਾਲਾ ਵੱਡਾ ਸਦਮਾ ਲੱਗਾ ਹੈ। ਇੱਕ ਮਾਰਗਦਰਸ਼ਕ, ਸਿਰ ਦੇ ਸਾਇਆ ਅਤੇ ਆਦਰਸ਼ ਪਿਤਾ ਦੇ ਤੁਰ ਜਾਣ ਨਾਲ ਪਰਿਵਾਰ 'ਤੇ ਡੂੰਘਾ ਘਾਟ ਪਿਆ ਹੈ। ਉਹਨਾਂ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਟਿੱਬਾ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਅੰਤਿਮ ਸੰਸਕਾਰ ਦੌਰਾਨ ਉਨ੍ਹਾਂ ਦੇ ਪੁੱਤਰ ਅਰਮਾਨਦੀਪ ਸਿੰਘ (ਯੂਐਸਏ) ਅਤੇ ਅਨੁਰਾਗ ਸਿੰਘ ਫਿਲਮ ਡਾਇਰੈਕਟਰ ਵੱਲੋਂ ਅਗਨੀ ਦਿੱਤੀ ਗਈ। ਇਸ ਮੌਕੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਰਾਜਨੀਤਿਕ ਆਗੂਆਂ, ਸਿੱਖਿਆ ਸ਼ਾਸਤਰੀਆਂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਦੁੱਖੀ ਪਰਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਇਸ ਮੌਕੇ ਤੇ ਉਨ੍ਹਾਂ ਦੀ ਪਤਨੀ ਡਾਕਟਰ ਬਲਜੀਤ ਕੌਰ ਸਾਬਕਾ ਡੀਨ, ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ,ਸਾਬਕਾ ਚੇਅਰਮੈਨ ਜਸਪਾਲ ਸਿੰਘ ਧੰਜੂ, ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਸੁਖ , ਉੱਘੇ ਪੱਤਰਕਾਰ ਨਰਿੰਦਰ ਸਿੰਘ ਸੋਨੀਆ, ਗੁਰਦੇਵ ਸਿੰਘ ਫੌਜੀ ਸੇਵਾਦਾਰ (ਸੰਤ ਸੀਚੇਵਾਲ), ਡਾਕਟਰ ਸਵਰਨ ਸਿੰਘ, ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਦੇ ਵਿੱਤ ਸਕੱਤਰ ਤੇ ਜਨਰਲ ਸਕੱਤਰ ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਰਦਾਰ ਕੇਹਰ ਸਿੰਘ ਐਡਵੋਕੇਟ, ਮੁਖਤਿਆਰ ਸਿੰਘ ਚੰਦੀ ਸਕੱਤਰ ਸਹਿਤ ਸਭਾ ਆਦਿ ਨੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।



## ਨਵੇਂ ਸਾਲ ਦੀ ਆਮਦ 'ਤੇ ਕਰਵਾਇਆ ਕੀਰਤਨ ਦਰਬਾਰ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨਵੇਂ ਸਾਲ ਦੇ ਆਗਮਨ ਮੌਕੇ ਸਿੱਖ ਪੰਥ ਦੇ ਪ੍ਰਮੁੱਖ ਧਾਰਮਿਕ ਕੇਂਦਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਅਤੇ ਇਤਿਹਾਸਕ ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ ਵਿਖੇ ਸ਼ਰਧਾ ਅਤੇ ਆਸਥਾ ਨਾਲ ਲਬਰੇਜ਼ ਸੰਗਤਾਂ ਦੀਆਂ ਵਿਸ਼ਾਲ ਰੌਣਕਾਂ ਵੇਖਣ ਨੂੰ ਮਿਲੀਆਂ। 31 ਦਸੰਬਰ ਨੂੰ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸ੍ਰੀ ਆਨੰਦਪੁਰ ਸਾਹਿਬ ਫਾਊਂਡੇਸ਼ਨ ਨਾਂ ਦੀ ਸੰਸਥਾ ਵੱਲੋਂ ਨਵੇਂ ਸਾਲ ਦੇ ਮੌਕੇ ਤੇ ਦੇਰ ਰਾਤ ਤੱਕ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦੇ ਨਾਲ ਨਵੇਂ ਸਾਲ ਵਾਲੇ ਦਿਨ ਸਵੇਰ ਤੋਂ ਹੀ ਦੇਸ਼-ਵਿਦੇਸ਼ ਤੋਂ ਪੁੱਜੀਆਂ ਹਜ਼ਾਰਾਂ ਸੰਗਤਾਂ ਨੇ ਗੁਰੂ ਘਰਾਂ ਵਿੱਚ ਨਤਮਸਤਕ ਹੋ ਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ।ਗੁਰੂ ਘਰਾਂ ਵਿੱਚ ਪਾਵਨ ਸ਼ਬਦ ਕੀਰਤਨ, ਅਰਦਾਸ ਅਤੇ ਗੁਰਬਾਣੀ ਦੇ ਉਚਾਰਣ ਨਾਲ ਅਧਿਆਤਮਕ ਮਾਹੌਲ ਬਣਿਆ ਰਿਹਾ। ਸੰਗਤਾਂ ਨੇ ਸਰਬੱਤ ਦੇ ਭਲੇ, ਅਮਨ-ਸ਼ਾਂਤੀ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਦਿਆਂ ਨਵੇਂ ਸਾਲ ਨੂੰ ਜੀ ਆਇਆ ਆਖਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ਾਂ-ਵਿਦੇਸ਼ਾਂ ਤੋਂ ਆਈ ਸੰਗਤ ਦੀ ਸੁਵਿਧਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਦਰਸ਼ਨਾਂ ਲਈ ਸੁਚੱਜੀ ਕਤਾਰਬੰਦੀ, ਲੰਗਰ ਦੇ ਸੁਚੱਜੇ ਇੰਤਜ਼ਾਮ, ਸਫ਼ਾਈ, ਮੈਡੀਕਲ ਸਹੂਲਤਾਂ ਅਤੇ ਸੁਰੱਖਿਆ ਦੇ ਪੱਕੇ ਪ੍ਰਬੰਧਾਂ ਕਾਰਨ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਆਈ। ਗੁਰਦੁਆਰਾ ਸਾਹਿਬਾਨਾਂ ਨੂੰ ਖੂਬਸੂਰਤ ਫੁੱਲਾਂ ਨਾਲ ਸਜਾਇਆ ਗਿਆ, ਜੋ ਸੰਗਤ ਲਈ ਵਿਸ਼ੇਸ਼ ਆਕਰਸ਼ਣ ਬਣਿਆ। ਸਾਲ ਦੇ ਪਹਿਲੇ ਦਿਨ ਮੌਸਮ ਵੀ ਮਿਹਰਬਾਨ ਰਿਹਾ। ਭਾਵੇਂ ਸ੍ਰੀ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਲਗਭਗ ਅੱਧਾ ਘੰਟਾ ਹਲਕੀ ਬਾਰਿਸ਼ ਹੋਈ, ਪਰ ਧੁੰਦ ਨਾ ਹੋਣ ਕਾਰਨ ਮੌਸਮ ਸਾਫ਼ ਰਿਹਾ, ਜਿਸ ਨਾਲ ਮੱਥਾ ਟੇਕਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਖਾਸਾ ਵਾਧਾ ਦੇਖਣ ਨੂੰ ਮਿਲਿਆ। ਬਾਬਾ ਗੁਰਦਿੱਤਾ ਜੀ ਜਾਣ ਵਾਲੇ ਰਸਤੇ ਵਿੱਚ ਵਾਹਨਾਂ ਦੀਆਂ ਲੰਮਿਆਂ ਕਤਾਰਾਂ ਦਾ ਜਾਮ ਵੀ ਦੇਖਣ ਨੂੰ ਮਿਲਿਆ।



## ਫੁੱਟਬਾਲ ਟੂਰਨਾਮੈਂਟ 29 ਤੋਂ

**ਬਲਾਚੌਰ (ਜਸਵਿੰਦਰ ਬੈਂਸ)** ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰੱਖਣ ਦੇ ਮਕਸਦ ਨਾਲ 'ਬ੍ਰਹਮਚਾਰੀ ਵੈਲਫੇਅਰ ਐਂਡ ਯੂਥ ਸਪੋਰਟਸ ਕਲੱਬ' ਬਲਾਚੌਰ ਵੱਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ (ਪਿੰਡ ਪੱਧਰ ਓਪਨ) ਸਥਾਨਕ ਬੀ.ਏ.ਵੀ. ਸਕੂਲ ਗਰਾਊਂਡ ਵਿਖੇ 29 ਜਨਵਰੀ ਤੋਂ 1 ਫਰਵਰੀ 2026 ਤੱਕ ਕਰਵਾਇਆ ਜਾ ਰਿਹਾ ਹੈ।ਕਲੱਬ ਦੇ ਜਨਰਲ ਸਕੱਤਰ ਡਾ. ਤੇਜਿੰਦਰ ਸਿੰਘ ਜੋਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਖੇਡ ਮੇਲੇ ਦਾ ਉਦਘਾਟਨ ਸੁਨੀਲ ਕੌਸ਼ਲ (ਲਾਡੀ ਰਾਣਾ), ਪ੍ਰਧਾਨ ਨਗਰ ਕੌਂਸਲ ਬਲਾਚੌਰ ਵੱਲੋਂ ਕੀਤਾ ਜਾਵੇਗਾ।ਟੂਰਨਾਮੈਂਟ ਦੇ ਅੰਤਿਮ ਦਿਨ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸ੍ਰੀਮਤੀ ਸੰਤੋਸ਼ ਕਟਾਰੀਆ, ਵਿਧਾਇਕ ਬਲਾਚੌਰ ਆਪਣੇ ਕਰ-ਕਮਲਾਂ ਨਾਲ ਕਰਨਗੇ।ਕਲੱਬ ਵੱਲੋਂ ਪਹਿਲਾ ਇਨਾਮ 41,000 ਰੁਪਏ, ਦੂਜਾ ਇਨਾਮ 31,000 ਰੁਪਏ, ਜਦਕਿ ਤੀਜਾ ਅਤੇ ਚੌਥਾ ਇਨਾਮ 5100-5100 ਰੁਪਏ ਰੱਖਿਆ ਗਿਆ ਹੈ।ਟੂਰਨਾਮੈਂਟ ਦੇ ਫਾਈਨਲ ਵਾਲੇ ਦਿਨ 40 ਸਾਲ ਤੋਂ ਉੱਪਰ ਉਮਰ ਦੇ ਖਿਡਾਰੀਆਂ ਦਾ ਵਿਸ਼ੇਸ਼ ਸ਼ੋਅ ਮੈਚ ਅਤੇ ਰੱਸਾ-ਕੱਸੀ ਦਾ ਦਿਲਚਸਪ ਮੁਕਾਬਲਾ ਵੀ ਕਰਵਾਇਆ ਜਾਵੇਗਾ।ਇਸ ਮੌਕੇ ਸਕੱਤਰ ਰਮਨ ਅਤੇ ਕੈਸ਼ੀਅਰ ਗੁਰਪ੍ਰੀਤ ਸਿੰਘ ਗੋਰਾ, ਡਾਲਰ ਲਵਲੀ, ਡਾਇਮੰਡ, ਪੰਕਜਵਰਮਾ, ਸੀਸ,ਰਾਵਿੰਦਰ, ਸੋਹਲ ਨੇ ਸਮੂਹ ਖੇਡ ਪ੍ਰੇਮੀਆਂ ਨੂੰ ਇਸ ਟੂਰਨਾਮੈਂਟ ਵਿੱਚ ਵੱਧ-ਚੜ੍ਹ ਕੇ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਹੈ।



## ਪੱਤਰਕਾਰਾਂ ਵਿਰੁੱਧ ਝੂਠਾ ਕੇਸ ਦਰਜ ਕਰਨ ਦੀ ਨਿਖੇਧੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ (ਰਜਿ.) ਦੇ ਪ੍ਰਧਾਨ ਰਣਜੀਤ ਸਿੰਘ ਮਸੌਣ ਨੇ ਆਖਿਆ ਕਿ ਪੱਤਰਕਾਰਾਂ ਦੀ ਬਦੌਲਤ ਹੀ 2022 ਵਿੱਚ ਪੰਜਾਬ ਵਿੱਚ ਆਪ ਸਰਕਾਰ ਆਈ ਸੀ।ਪੱਤਰਕਾਰਾਂ ਨੇ ਪੰਜਾਬ ਵਿੱਚ ਵੱਡੇ ਬਦਲਾਅ ਹੋਣ ਦੀ ਆਸ ਨਾਲ ਵੱਡੇ ਪੱਧਰ 'ਤੇ ਦੂਸਰੀਆਂ ਪਾਰਟੀਆਂ ਨੂੰ ਨਿਕਾਰ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਮੱਦਦ ਕੀਤੀ ਸੀ।ਆਗੂਆਂ ਨੇ ਕਿਹਾ ਕਿ ਆਰ.ਟੀ.ਆਈ ਐਕਟਿਵਿਸਟ ਮਨਿਕ ਗੋਇਲ, ਮਿੰਟੂ ਗੁਰੂਸਰੀਆ ਅਤੇ ਮਨਿੰਦਰਜੀਤ ਸਿੱਧੂ ਅਤੇ ਹੋਰਾਂ ਵਿਰੁੱਧ ਝੂਠਾ ਕੇਸ ਦਰਜ ਕਰਕੇ ਪੱਤਰਕਾਰ ਦੇ ਚੌਥੇ ਥੰਮ੍ਹ ਦੀ ਅਵਾਜ਼ ਨੂੰ ਦਬਾਉਣਾ ਅਤੇ 'ਆਪ' ਪੰਜਾਬ ਸਰਕਾਰ ਦੀਆਂ ਅਸਫ਼ਲਤਾਵਾਂ ਨੂੰ ਛੁਪਾਉਣ ਦੀ ਕੋਸ਼ਿਸ਼ ਹੈ, ਜਿਸ ਨੂੰ ਪੱਤਰਕਾਰ ਭਾਈਚਾਰਾ ਕਦੇ ਬਰਦਾਸ਼ਤ ਨਹੀਂ ਕਰੇਗਾ ਤੇ ਇਹ ਝੂਠਾਂ ਪਰਚਾ ਰੱਦ ਕਰਵਾਉਣ ਲਈ ਵੱਡੇ ਪੱਧਰ 'ਤੇ ਸੰਘਰਸ਼ ਕਰੇਗਾ।ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ (ਰਜਿ.) ਦੇ ਸਮੂਹ ਮੈਂਬਰ ਸਾਹਿਬਾਨ, ਪੱਤਰਕਾਰਾਂ ਤੇ ਕੀਤੇ ਇਸ ਨਜਾਇਜ਼ ਪਰਚੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਨ। ਇਸ ਮੌਕੇ ਚੇਅਰਮੈਨ ਸ੍ਰੀ ਰਮੇਸ਼ ਰਾਮਪੁਰਾ, ਮੀਤ ਚੇਅਰਮੈਨ ਸ.ਦਲਬੀਰ ਸਿੰਘ ਭਰੋਵਾਲ, ਮੀਤ ਪ੍ਰਧਾਨ ਰਜਨੀਸ਼ ਕੌਸ਼ਲ ਤੇ ਰਾਘਵ ਅਰੋੜਾ, ਜਰਨਲ ਸਕੱਤਰ ਜੋਗਾ ਸਿੰਘ ਰਾਜਪੂਤ, ਖਜ਼ਾਨਚੀ ਸ੍ਰੀ ਹਰੀਸ਼ ਸੂਰੀ, ਕੁਸ਼ਾਲ ਸ਼ਰਮਾਂ, ਵਿਸ਼ਾਲ ਸ਼ਰਮਾ, ਵਰਧਾਨ, ਸੋਮਿਆਂ, ਵਰਿੰਦਰ ਧੁੰਨਾ, ਮਨਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।



## ਭਗਵੰਤ ਮਾਨ ਨੇ ਨਵੇਂ ਸਾਲ 'ਚ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦਾ ਦਿੱਤਾ ਤੋਹਫ਼ਾ : ਕਾਕੜ

**ਮਹਿਤਪੁਰ (ਰਾਜਾ)** ਨਵਾਂ ਸਾਲ 2026 ਪੰਜਾਬ ਅਤੇ ਪੰਜਾਬੀਆਂ ਲਈ ਖੁਸ਼ੀਆਂ ਖੇੜਿਆਂ, ਤੰਦਰੁਸਤੀ, ਖੁਸ਼ਹਾਲੀ ਅਤੇ ਤਰੱਕੀਆਂ ਦਾ ਸੁਨੇਹਾ ਲੈ ਕੇ ਆਵੇ, ਉਕਤ ਗੱਲਾਂ ਦਾ ਪ੍ਰਗਟਾਵਾ ਰਣਜੀਤ ਕੌਰ ਕਾਕੜ ਡਾਇਰੈਕਟਰ ਇਨਫੋਟੈਕ ਪੰਜਾਬ ਅਤੇ ਵਾਈਸ ਪ੍ਰਧਾਨ ਮਹਿਲਾ ਵਿੰਗ ਪੰਜਾਬ ਨੇ ਕਰਦੇ ਹੋਏ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਅਤੇ ਪੰਜਾਬੀਅਤ ਲਈ ਤਰੱਕੀ ਦੀਆਂ ਲੀਹਾਂ ਤੇ ਲੈ ਜਾਣ ਲਈ ਸਮੇਂ ਸਮੇਂ ਤੇ ਕੋਈ ਨਾ ਕੋਈ ਵੱਡਾ ਉਪਰਾਲਾ ਕਰਦੀ ਹੀ ਰਹਿੰਦੀ ਹੈ, ਜਿਸ ਦੀ ਤਾਜ਼ਾ ਮਿਸਾਲ ਆਯੁਸ਼ਮਾਨ ਕਾਰਡ ਰਾਹੀਂ ਜਿੱਥੇ ਪਹਿਲਾਂ ਪੰਜ ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਹੁੰਦਾ ਸੀ ਤੇ ਹੁਣ ਪੰਜਾਬ ਸਰਕਾਰ ਨੇ ਪੰਜਾਬੀਆਂ ਨੂੰ ਤੰਦਰੁਸਤ ਪੰਜਾਬ ਦੇ ਤਹਿਤ ਨਵੇਂ ਸਾਲ ਦਾ ਤੋਹਫਾ ਦਿੰਦੇ ਹੋਏ ਇਹ ਰਕਮ 10 ਲੱਖ ਰੁਪਏ ਤੱਕ ਦੀ ਕਰ ਦਿੱਤੀ ਹੈ ਤਾਂ ਕਿ ਜ਼ਰੂਰਤਮੰਦ ਲੋਕਾਂ ਦੇ ਇਲਾਜ ਵਿੱਚ ਕਿਸੇ ਵੀ ਤਰੀਕੇ ਦੀ ਪੈਸਿਆਂ ਪੱਖੋਂ ਕਮੀ ਨਾ ਰਹਿ ਜਾਵੇ। ਭਗਵੰਤ ਸਿੰਘ ਮਾਨ ਦੀ ਸੁਚੱਜੀ ਅਗਵਾਈ ਵਾਲੀ ਸਰਕਾਰ ਅਤੇ ਮਾਨ ਸਾਹਿਬ ਦੀ ਦੂਰਅੰਦੇਸ਼ੀ ਸੋਚ ਪੰਜਾਬ ਨੂੰ ਹਰ ਦਿਨ ਇੱਕ ਨਵੀਂ ਦਿਸ਼ਾ ਵੱਲ ਲੈ ਕੇ ਜਾ ਰਹੀ ਹੈ। ਜਿਸ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਮਿਸਾਲਾਂ ਵੇਖਣ ਨੂੰ ਮਿਲੀਆਂ ਸਨ। ਅਤੇ ਹੁਣ ਬਹੁਤ ਜਲਦ ਹੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ, ਨਵੀਆਂ ਪ੍ਰਾਪਤੀਆਂ, ਨਵੀਆਂ ਉਪਲਬਧੀਆਂ ਜਲਦ ਹੀ ਪੰਜਾਬੀਆਂ ਦੇ ਸਾਹਮਣੇ ਹੋਣਗੀਆਂ, ਪੰਜਾਬ ਸਰਕਾਰ ਦੇ ਇਹਨਾਂ ਸੁੱਖ ਸਹੂਲਤਾਂ ਤੇ ਉਪਰਾਲਿਆਂ ਤੋਂ ਪੰਜਾਬ ਦਾ ਹਰ ਵਰਗ ਬਹੁਤ ਖੁਸ਼ ਹੈ।



## ਧੀਰ ਤੇ ਥਿਆੜਾ ਵੱਲੋਂ 15.74 ਕਰੋੜ ਦੇ ਵਿਕਾਸ ਕਾਰਜਾਂ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ ਕੈਂਟ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਦੇਣ ਲਈ ਜਲੰਧਰ ਦੇ ਮੇਅਰ ਵਨੀਤ ਧੀਰ ਅਤੇ ਰਾਜਵਿੰਦਰ ਕੌਰ ਥਿਆੜਾ, ਹਲਕਾ ਇੰਚਾਰਜ ਜਲੰਧਰ ਕੈਂਟ ਵੱਲੋਂ ਕਰੀਬ 15.74 ਕਰੋੜ ਰੁਪਏ ਦੀ ਲਾਗਤ ਨਾਲ ਸੜਕਾਂ, ਗਲੀਆਂ ਅਤੇ ਸੀਵਰੇਜ ਨਾਲ ਸੰਬੰਧਿਤ ਵੱਡੇ ਪੱਧਰ ਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜਲੰਧਰ ਕੈਂਟ ਹਲਕੇ ਦੇ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇਹ ਕੰਮ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਵਿਕਾਸ ਕਾਰਜਾਂ ਨਾਲ ਸੜਕਾਂ ਦੀ ਹਾਲਤ ਸੁਧਰੇਗੀ, ਆਵਾਜਾਈ ਸੌਖੀ ਹੋਵੇਗੀ ਅਤੇ ਨਾਗਰਿਕਾਂ ਨੂੰ ਸੀਵਰੇਜ ਸੰਬੰਧੀ ਸਮੱਸਿਆਵਾਂ ਤੋਂ ਨਿਜਾਤ ਮਿਲੇਗੀ। ਉਦਘਾਟਨ ਦੌਰਾਨ ਹੇਠ ਲਿਖੇ ਪ੍ਰਮੁੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ: ਮਾਡਲ ਟਾਊਨ ਖੇਤਰ ਵਿੱਚ ਫੁੱਟਪਾਥਾਂ ਅਤੇ ਸੜਕਾਂ ਦੇ ਨਿਰਮਾਣ ਲਈ 6.34 ਕਰੋੜ ਰੁਪਏ, ਵਿਸ਼ਾਲ ਗਾਰਡਨ ਖੇਤਰ ਵਿੱਚ ਸੜਕਾਂ ਦੇ ਵਿਕਾਸ ਲਈ 6.50 ਕਰੋੜ ਰੁਪਏ,ਅਲੀਪੁਰ ਖੇਤਰ ਵਿੱਚ ਸੜਕਾਂ ਦੇ ਕੰਮਾਂ ਲਈ 66.67 ਲੱਖ ਰੁਪਏ। ਇਨ੍ਹਾਂ ਸਾਰੇ ਕੰਮਾਂ ਦੀ ਕੁੱਲ ਲਾਗਤ 15.74 ਕਰੋੜ ਰੁਪਏ ਬਣਦੀ ਹੈ, ਜਦਕਿ ਜਲੰਧਰ ਕੈਂਟ ਹਲਕੇ ਵਿੱਚ ਸਮੂਹ ਰੂਪ ਵਿੱਚ ਚੱਲ ਰਹੇ ਵਿਕਾਸ ਪ੍ਰਾਜੈਕਟਾਂ ਦੀ ਲਾਗਤ ਕਰੀਬ 15.74 ਕਰੋੜ ਰੁਪਏ ਹੈ। ਇਸ ਮੌਕੇ ਕੌਂਸਲਰ ਅਰੁਣਾ ਅਰੋੜਾ, ਕੌਂਸਲਰ ਅਨੂਪ ਕੌਰ, ਕੌਂਸਲਰ ਲੱਕੀ ਦਾਦਰਾ, ਵਾਰਡ ਇੰਚਾਰਜ ਸੋਨੂੰ ਭੱਟੀ, ਆਤਮ ਪ੍ਰਕਾਸ਼ ਸਿੰਘ ਬੱਬਲੂ, ਇੰਦਰਵੰਸ਼ ਸਿੰਘ ਚੱਢਾ, ਵਾਰਡ ਇੰਚਾਰਜ ਲੱਕੀ ਓਬਰਾਏ, ਵਾਰਡ ਇੰਚਾਰਜ ਪਰਨੀਤ ਸਿੰਘ ਅਤੇ ਮਿਊਂਸਿਪਲ ਕਾਰਪੋਰੇਸ਼ਨ ਦੇ ਅਧਿਕਾਰੀ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਮੇਅਰ ਵਨੀਤ ਧੀਰ ਅਤੇ ਰਾਜਵਿੰਦਰ ਕੌਰ ਥਿਆੜਾ ਨੇ ਕਿਹਾ ਕਿ ਜਲੰਧਰ ਕੈਂਟ ਨੂੰ ਇੱਕ ਵਿਕਸਿਤ, ਸੁਚੱਜਾ ਅਤੇ ਆਧੁਨਿਕ ਖੇਤਰ ਬਣਾਉਣ ਲਈ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।



## ਨਗਰ ਕੀਰਤਨ 4 ਨੂੰ ਸਜਾਇਆ ਜਾਵੇਗਾ

**ਬਲਾਚੌਰ (ਜਸਵਿੰਦਰ ਬੈਂਸ)** ਗੁਰੂ ਗੋਬਿੰਦ ਸਿੰਘ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਨਗਰ ਕੀਰਤਨ 4 ਜਨਵਰੀ, ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਸੰਤ ਬਾਬਾ ਹਰਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਨਾਨਕ ਨਿਰਵੈਰ ਸੱਚਖੰਡ ਧਾਮ ਰੇਲ ਕਲੋਨੀ ਤੋਂ ਹੋ ਕੇ ਬਲਾਚੌਰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਮੈਹਿੰਦੀਪੁਰ, ਮੇਨ ਚੌਂਕ ਬਲਾਚੌਰ, ਗੁ: ਰਾਮਗੜ੍ਹੀਆ ਸਾਹਿਬ, ਬੂਲੇਵਾਲ ਮੋੜ, ਬੂਲੇਵਾਲ, ਥੋਪੀਆ, ਧੌਲਾਂ, ਟੱਪਰੀਆਂ, ਆਕਲਿਆਣਾ, ਮੌਜੋਵਾਲ ਮਜਾਰਾ, ਬਛੌੜੀ, ਖੰਡੂਪੁਰ, ਫਿਰਨੀ ਮਜਾਰਾ, ਗੁ: ਬਾਬਾ ਜਗਤ ਰਾਮ ਜਗਤਪੁਰ, ਸਿਆਣਾ ਮੋੜ ਗੁਰਦੁਆਰਾ ਨਾਨਕ ਨਿਰਵੈਰ ਸੱਚ ਖੰਡ ਧਾਮ ਰੇਲੂ ਕਲੋਨੀ ਬਲਾਚੌਰ ਦੀ ਹੁੰਦਾ ਹੋਇਆ ਦੇਰ ਸ਼ਾਮ ਵਾਪਸ ਗੁਰਦੁਆਰਾ ਸਾਹਿਬ ਵਿਖੇ ਹੀ ਸਮਾਪਤ ਹੋਵੇਗਾ।ਬਾਬਾ ਹਰਜਿੰਦਰ ਸਿੰਘ ਨੇ ਬਲਾਚੌਰ ਇਲਾਕੇ ਦੇ ਸਮੂਹ ਗੁਰਧਾਮਾਂ, ਧਾਰਮਿਕ ਕਮੇਟੀਆਂ ਅਤੇ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਪਰਵਾਰਾਂ ਸਮੇਤ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਨਗਰ ਕੀਰਤਨ ਦੇ ਸਵਾਗਤ ਲਈ ਵੱਖ-ਵੱਖ ਪੜਾਵਾਂ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।



## ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਬਲਾਚੌਰ ਪੁਲਸ ਨੇ ਦੋ ਨੌਜਵਾਨਾਂ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ।ਇਹ ਕਾਰਵਾਈ ਤੁਸ਼ਾਰ ਗੁਪਤਾ ਐਸ ਐਸ ਪੀ ਸ਼ਹੀਦ ਭਗਤ ਸਿੰਘ ਨਗਰ ਅਤੇ ਜਸਪ੍ਰੀਤ ਸਿੰਘ, ਡੀ ਐਸ ਪੀ ਹਿੰਮਤ ਮਲਹੋਤਰਾ ਬਲਾਚੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਮਲ ਵਿੱਚ ਲਿਆਂਦੀ ਗਈ।ਥਾਣਾ ਬਲਾਚੌਰ ਦੇ ਮੁੱਖ ਅਫਸਰ ਸਬ ਇੰਸਪੈਕਟਰ ਬਿਕਰਮ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਲਈ ਮਹਿਤਪੁਰ ਅੱਡਾ ਵਿਖੇ ਮੌਜੂਦ ਸੀ।ਇਸੇ ਦੌਰਾਨ ਰਾਹੋਂ ਵਾਲੀ ਸਾਈਡ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆ ਰਹੇ ਦੋ ਨੌਜਵਾਨਾਂ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਗਿਆ।ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ ਵਿੱਚੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਫੜੇ ਗਏ ਨੌਜਵਾਨਾਂ ਦੀ ਪਛਾਣ ਅਮਰੀਕ ਸਿੰਘ ਉਰਫ ਮੀਕਾ ਵਾਸੀ ਵਾਰਡ ਨੰਬਰ 2, ਦੁੱਗਲਾ ਮੁਹੱਲਾ ਰਾਹੋਂ, ਜਸਕਿਰਨ ਸਿੰਘ ਉਰਫ ਜੱਸਾ ਵਾਸੀ ਰੌਂਤਾ ਮੁਹੱਲਾ ਰਾਹੋਂ, ਪੁਲਸ ਨੇ ਦੋਵਾਂ ਮੁਲਜ਼ਮਾਂ ਖਿਲਾਫ਼ ਥਾਣਾ ਮੁਕੱਦਮਾ ਦਰਜ ਕਰ ਲਿਆ ਹੈ।



## ਵਣ ਵਿਭਾਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਸਮਝ ਰਿਹਾ ਟਿੱਚ : ਪ੍ਰੇਮ ਕੁਮਾਰ, ਜੋਗਿੰਦਰ ਰਾਮ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**- ਵਣ ਵਿਭਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ 1997 ਤੋਂ ਆਰਜੀ ਤੌਰ 'ਤੇ ਕੰਮ ਕਰਦੇ ਪ੍ਰੇਮ ਕੁਮਾਰ ਵਾਸੀ ਪਿੰਡ ਮਹਿੰਦਲੀ, ਜੋਗਿੰਦਰ ਰਾਮ ਪਿੰਡ ਲਖੇੜ, ਅਸ਼ਵਨੀ ਕੁਮਾਰ ਤੇ ਰਾਮ ਕੁਮਾਰ ਵਾਸੀ ਮਹਿੰਦਲੀ ਖੁਰਦ ਆਦਿ ਨੇ ਸਥਾਨਕ ਪ੍ਰੈਸ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਸ਼ ਲਗਾਇਆ ਕਿ ਵਿਭਾਗ ਵੱਲੋਂ 31 ਮਾਰਚ, 2023 ਨੂੰ ਤਿਆਰ ਕੀਤੀ ਆਰਜੀ ਸੀਨੀਅਰਤਾ ਸੂਚੀ 'ਚ ਉਨ੍ਹਾਂ ਦੀ ਸੀਨੀਅਰਤਾ ਨੂੰ ਅਣਡਿੱਠ ਕਰਕੇ ਉਨ੍ਹਾਂ ਤੋਂ ਬਾਅਦ ਵਿਭਾਗ 'ਚ ਲੱਗੇ ਕਾਮਿਆਂ ਨੂੰ ਪੱਕਾ ਕਰਕੇ ਉਨ੍ਹਾਂ ਨਾਲ ਵੱਡੀ ਬੇਇਨਸਾਫੀ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਤਿਆਰ ਕੀਤੀ ਉਕਤ ਸੀਨੀਅਰਤਾ ਸੂਚੀ ਖਿਲਾਫ ਉਨ੍ਹਾਂ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਪਾਏ ਕੇਸ ਦਾ ਫੈਸਲਾ ਫਰਵਰੀ, 2024 'ਚ ਉਨ੍ਹਾਂ ਦੇ ਹੱਕ 'ਚ ਹੋ ਚੁੱਕਾ ਹੈ ਪਰ ਵਿਭਾਗ ਮਾਣਯੋਗ ਹਾਈਕੋਰਟ ਦੇ ਹੁਕਮਾਂ ਨੂੰ ਮੰਨਣ ਤੋਂ ਵੀ ਇਨਕਾਰੀ ਹੋ ਗਿਆ ਹੈ । ਉਨ੍ਹਾਂ ਦੋਸ਼ ਲਗਾਇਆ ਕਿ ਵਿਭਾਗ ਵੱਲੋਂ 2013 'ਚ ਲੱਗੇ ਕਾਮਿਆਂ ਨੂੰ 2023 ਤੱਕ ਦੀ ਸੀਨੀਅਰਤਾ ਸੂਚੀ ਬਣਾਕੇ ਪੱਕਾ ਕਰ ਦਿੱਤਾ ਗਿਆ ਜਦੋਂ ਕਿ ਪੱਕੇ ਕੀਤੇ ਕਾਮਿਆਂ ਦੀ ਸਾਲ 2016-17, 2017-18 ਅਤੇ 2018-19 ਦੀ 3 ਸਾਲ ਦੀ ਬਰੇਕ ਨੂੰ ਵੀ ਅਣਡਿੱਠ ਕੀਤਾ ਹੈ । ਉਨ੍ਹਾਂ ਕਿਹਾ ਕਿ ਜਦੋਂ ਕਿ ਉਹ ਵਿਭਾਗ 'ਚ 1997 ਤੋਂ ਲੈ ਕੇ ਹੁਣ ਤੱਕ ਬਿਨ੍ਹਾਂ ਕਿਸੇ ਬਰੇਕ ਕੰਮ ਕਰਦੇ ਆ ਰਹੇ ਹਨ । ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੱਕੇ ਕਰਨ ਦਾ 2006 ਦੇ ਵਾਅਦੇ ਨੂੰ ਵੀ ਵਿਭਾਗ ਨੇ ਨਹੀਂ ਮੰਨਿਆ । ਉਹ ਕਰੀਬ ਪਿਛਲੇ ਦੋ ਦਹਾਕਿਆਂ ਤੋਂ ਵਿਭਾਗ 'ਚ ਨਿਗੁਣੀਆਂ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਹਨ । ਇਸੇ ਦੌਰਾਨ ਉਨ੍ਹਾਂ ਦੇ ਕਈ ਸਾਥੀ ਪੱਕੇ ਹੋਣ ਦੀ ਉਮੀਦ 'ਚ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਨੂੰ ਵਿਭਾਗ ਵੱਲੋਂ ਤਨਖਾਹਾਂ ਵੀ ਕਈ ਕਈ ਮਹੀਨਿਆਂ ਬਾਅਦ ਹੀ ਦਿੱਤੀਆਂ ਜਾ ਰਹੀਆਂ ਹਨ । ਵਿਭਾਗ ਦੀ ਲਾਪ੍ਰਵਾਹੀ ਦੇ ਚਲਦਿਆਂ ਉਨ੍ਹਾਂ ਨੂੰ ਅਦਾਲਤਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ । ਉਹ ਪਿਛਲੇ ਲੰਮੇ ਸਮੇਂ ਤੋਂ ਵਿਭਾਗੀ ਅਧਿਕਾਰੀਆਂ ਨਾਲ ਆਪਣੇ ਹੱਕ ਲੈਣ ਲਈ ਗੇੜੇ ਲਗਾ ਰਹੇ ਹਨ ਪਰ ਹੁਣ ਤੱਕ ਕਿਸੇ ਵੀ ਅਧਿਕਾਰੀ ਨੇ ਉਨ੍ਹਾਂ ਨਾਲ ਇਨਸਾਫ ਨਹੀਂ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸੀਨੀਆਰਤਾ ਸੂਚੀਆਂ ਦੀ ਪੜਤਾਲ 'ਆਪ' ਵੱਲੋਂ ਕਰਵਾਈ ਜਾਵੇ ਅਤੇ 31 ਮਾਰਚ 2023 ਨੂੰ ਬਣਾਈ ਗਈ ਸੀਨੀਆਰਤਾ ਸੂਚੀਆਂ ਨੂੰ ਰੱਦ ਕੀਤਾ ਜਾਵੇ । ਜਦੋਂ ਇਸ ਸਬੰਧੀ ਵਣ ਵਿਭਾਗ ਦੇ ਸ੍ਰੀ ਅਨੰਦਪੁਰ ਸਾਹਿਬ ਰੇਂਜ ਅਫਸਰ ਰਾਜੀਵ ਕੁਮਾਰ ਨਾਲ ਸੰਪਰਕ ਕੀਤਾ ਗਿਆ ਤਦ ਉਨ੍ਹਾਂ ਕਿਹਾ ਕਿ ਮਾਮਲੇ ਜ਼ਿਲ੍ਹਾ ਵਣ ਵਿਭਾਗ ਅਫਸਰ ਨਾਲ ਸਬੰਧਤ ਹੈ । ਇਸ ਸਬੰਧੀ ਜ਼ਿਲ੍ਹਾ ਵਣ ਵਿਭਾਗ ਅਫਸਰ ਰੂਪਨਗਰ ਕੰਵਰਦੀਪ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ 'ਚ ਹੁਣੇ ਆਇਆ ਹੈ । ਉਹ ਸਬੰਧਤ ਕਰਮਚਾਰੀਆਂ ਦੇ ਦਸਤਾਵੇਜ਼ਾਂ ਦੀ ਪੜਤਾਲ ਉਪਰੰਤ ਯੋਗ ਕਰਵਾਈ ਕਰਨਗੇ ।



## ਪੱਤਰਕਾਰਾਂ 'ਤੇ ਦਰਜ ਕੀਤੇ ਪਰਚਿਆਂ ਨੂੰ ਰੱਦ ਕਰਨ ਦੀ ਮੰਗ

**ਜਲੰਧਰ: (ਰਾਜੇਸ਼ ਥਾਪਾ)** ਸਰਕਾਰ ਵੱਲੋਂ ਲੋਕ ਆਵਾਜ਼ ਦੇ ਪੱਤਰਕਾਰ ਮਨਜਿੰਦਰਜੀਤ ਸਿੰਘ ਸਿੱਧੂ, ਸੀਨੀਅਰ ਪੱਤਰਕਾਰ ਮਿੰਟੂ ਗੁਰੂਸਰੀਆ ਅਤੇ ਆਰ ਟੀ ਆਈ ਦੇ ਕਾਰਕੁਨ ਮਾਣਕ ਗੋਇਲ ਆਦਿ ਹੋਰਨਾਂ 'ਤੇ ਸਰਕਾਰ ਵੱਲੋਂ ਪੁੱਛੇ ਪ੍ਰਸ਼ਨਾਂ ਕਾਰਨ ਦਰਜ਼ ਕੀਤੇ ਪਰਚਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ, ਇਸ ਸੰਬੰਧੀ ਸਾਂਝਾ ਬਿਆਨ ਜਾਰੀ ਕਰਦਿਆਂ ਪ ਸ ਸ ਫ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਕੈਸ਼ੀਅਰ ਗੁਰਦੀਪ ਸਿੰਘ ਬਾਜਵਾ ਪ੍ਰੈਸ ਸਕੱਤਰ ਇੰਦਰਜੀਤ ਸਿੰਘ ਵਿਰਦੀ ਅਤੇ ਪ ਸ ਸ ਫ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਮਨੋਜ ਕੁਮਾਰ ਸਰੋਏ,ਵਿੱਤ ਸਕੱਤਰ ਓਮ ਪ੍ਰਕਾਸ਼ ਅਤੇ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੇ ਮੁੱਖ ਸਲਾਹਕਾਰ ਕੁਲਦੀਪ ਸਿੰਘ ਕੌੜਾ, ਪ੍ਰਧਾਨ ਬਲਵਿੰਦਰ ਕੁਮਾਰ, ਜਨਰਲ ਸਕੱਤਰ ਬੂਟਾ ਰਾਮ ਅਕਲਪੁਰ ਅਤੇ ਸੀਨੀਅਰ ਮੀਤ ਪ੍ਰਧਾਨ ਤਾਰਾ ਸਿੰਘ ਬੀਕਾ ਆਦਿ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਜਦੋਂ ਸੱਤਾ ਵਿੱਚ ਨਹੀਂ ਸੀ, ਉਸ ਵੇਲੇ ਆਪ ਖੁਦ ਪੱਤਰਕਾਰਾਂ ਨੂੰ ਅਤੇ ਆਪਣੇ ਕਾਰਕੁਨਾਂ ਨੂੰ ਆਗੂਆਂ ਤੋਂ ਸਵਾਲ ਪੁੱਛਣ ਦੀ ਵਕਾਲਤ ਕਰਦੇ ਸਨ, ਪਰ ਹੁਣ ਸੱਤਾ ਦੇ ਨਸ਼ੇ ਵਿੱਚ ਸਾਰੀਆਂ ਆਪਣੀਆਂ ਕਹੀਆਂ ਗੱਲਾਂ ਦੀਆਂ ਧੱਜੀਆਂ ਉਡਾ ਰਹੇ ਹਨ।ਆਗੂਆਂ ਨੇ ਨਿਧੜਕ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਦਰਜ਼ ਕੀਤੇ ਕੇਸ ਬਿਨਾ ਸ਼ਰਤ ਤੁਰੰਤ ਰੱਦ ਕਰਨ ਦੀ ਮੰਗ ਵੀ ਕੀਤੀ ਆਗੂਆਂ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਦਾ ਖਮਿਆਜ਼ਾ ਪੰਜਾਬ ਸਰਕਾਰ ਨੂੰ ਆਉਣ ਵਾਲੇ ਦਿਨਾਂ ਵਿੱਚ ਤਿੱਖੇ ਸੰਘਰਸ਼ਾਂ ਦੇ ਰੂਪ ਵਿੱਚ ਭੁਗਤਣਾ ਪੈ ਸਕਦਾ ਹੈ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ 5 ਨੂੰ

**ਮੋਹਾਲੀ (ਗੁਰਜੀਤ ਬਿੱਲਾ)** ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਏ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 3 ਜਨਵਰੀ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪ੍ਰਕਾਸ਼ ਪੁਰਬ ਵਾਲੇ ਦਿਨ 5 ਜਨਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ, ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 03 ਜਨਵਰੀ ਨੂੰ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਵੇਰੇ 11 ਵਜੇ ਗੁ ਸਿੰਘ ਸ਼ਹੀਦਾਂ ਤੋਂ ਅਰੰਭ ਹੋਵੇਗਾ।

## ਭਾਜਪਾ ਦੇ ਮੰਡਲ ਪ੍ਰਧਾਨਾਂ ਵੱਲੋਂ ਚੋਣਾਂ ਦੇ ਸੰਬੰਧ 'ਚ ਮੀਟਿੰਗ



**ਮਹਿਤਪੁਰ (ਰਾਜਾ)**- ਜਲੰਧਰ ਰੂਰਲ ਹਲਕਾ ਸ਼ਾਹਕੋਟ, ਨਕੋਦਰ ਦੇ ਵੱਖ ਵੱਖ ਮੰਡਲ ਪ੍ਰਧਾਨਾਂ ਤੇ ਹੋਰ ਸੀਨੀਅਰ ਆਗੂਆਂ ਵੱਲੋਂ ਜੇ ਕੇ ਰੈਸਟੋਰੈਂਟ ਮਹਿਤਪੁਰ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਸਭ ਤੋਂ ਪਹਿਲਾਂ ਹਲਕੇ ਦੇ ਨਿਵਾਸੀਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਮੀਟਿੰਗ ਦੌਰਾਨ ਆਉਣ ਵਾਲੀਆਂ 2026 ਦੀਆਂ ਨਗਰ ਪੰਚਾਇਤ ਚੋਣਾਂ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸੰਬੰਧ 'ਚ ਵਿਚਾਰ ਵਟਾਂਦਰਾ ਕੀਤਾ ਗਿਆ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਚੋਂ ਪੰਜਾਬ ਦੀ ਤਰੱਕੀ ਲਈ ਭਾਜਪਾ ਸਰਕਾਰ ਦਾ ਪੰਜਾਬ ਵਿੱਚ ਆਉਣਾ ਬਹੁਤ ਜ਼ਰੂਰੀ ਹੈ। ਜਿਸ ਲਈ ਪੰਜਾਬ ਦੇ ਲੋਕ 2027 ਦੀਆਂ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ। ਇਸ ਮੌਕੇ ਸੁਨੀਲ ਕੁਮਾਰ ਟੋਨੀ ਅਨੇਜਾ ਮੰਡਲ ਪ੍ਰਧਾਨ ਮਹਿਤਪੁਰ, ਰਾਜਿੰਦਰ ਸਿੰਘ ਲਾਟੀਆ ਜ਼ਿਲਾ ਸਕੱਤਰ, ਕੰਵਰ ਸੰਧੂ ਪੰਜਾਬ ਮੈਂਬਰ ਕਿਸਾਨ ਮੋਰਚਾ, ਪਰਮਜੀਤ ਸਿੰਘ ਪ੍ਰਧਾਨ ਬਿਲਗਾ, ਮਨਦੀਪ ਕੁਮਾਰ ਸ਼ੁਕਲਾ ਪ੍ਰਧਾਨ ਨੂਰਮਹਿਲ, ਅਜੇ ਪ੍ਰਧਾਨ ਨਕੋਦਰ, ਰੋਬਿਨ ਸ਼ਰਮਾ ਪ੍ਰਧਾਨ ਪਰਜੀਆਂ, ਬੂਟਾ ਸਿੰਘ ਪ੍ਰਧਾਨ ਐਸੀ ਮੋਰਚਾ ਮਹਿਤਪੁਰ, ਪਿਆਰਾ ਸਿੰਘ ਜਿਲਾ ਪ੍ਰਧਾਨ ਐਸ ਸੀ ਮੋਰਚਾ, ਸੁਰਿੰਦਰ ਪਾਲ ਜਿਲਾ ਸਕੱਤਰ ਐਸ ਸੀ ਮੋਰਚਾ, ਸਰਵਨ ਸਿੰਘ ਜੱਜ ਸਾਬਕਾ ਮੰਡਲ ਪ੍ਰਧਾਨ, ਅਵਤਾਰ ਸਿੰਘ ਮੰਡਲ ਕੰਗ ਸਾਬੂ, ਬਾਬਾ ਨਿਰਮਲ ਦਾਸ, ਮਨਜੀਤ ਮਣਕੂ, ਜੀਵਨ ਕੁਮਾਰ ਪ੍ਰਧਾਨ ਕੋਟ ਬਾਦਲ ਖਾਂ, ਸੰਜਮ ਸਿੰਘ ਪ੍ਰਧਾਨ ਸ਼ਾਹਕੋਟ, ਦਲਵੀਰ ਸਿੰਘ ਸੱਭਰਵਾਲ ਪ੍ਰਧਾਨ ਮੱਲੀਆਂ ਆਦਿ ਹਾਜ਼ਰ ਸਨ।

## ਕੁਰੜ 'ਚ ਦੋ ਧਿਰਾਂ ਦਾ ਵਿਵਾਦ ਥਾਣਾ ਮੁਖੀ ਨੇ ਸੁਲਝਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕੁਰੜ ਵਿਖੇ ਇੱਕ ਝਗੜੇ ਨੂੰ ਲੈ ਕੇ ਇੱਕ ਧਿਰ ਵੱਲੋਂ ਪਰਚਾ ਦਰਜ ਕਰਾਉਣ ਦੇ ਰੋਸ ਵਿੱਚ ਬੀਬੀ ਕਿਰਨਜੀਤ ਕੌਰ ਪਤਨੀ ਹਰਜਿੰਦਰ ਸਿੰਘ ਫੌਜੀ ਵੱਲੋਂ ਪਾਣੀ ਵਾਲੀ ਟੈਂਕੀ ਉਪਰ ਚੜ੍ਹ ਕੇ ਇਨਸਾਫ਼ ਦੀ ਮੰਗ ਉਠਾਈ ਗਈ।ਡੀ ਐੱਸ ਪੀ ਜਸਪਾਲ ਸਿੰਘ ਧਾਲੀਵਾਲ ਨੇ ਪੁਲਸ ਪਾਰਟੀ ਸਮੇਤ ਪਹੁੰਚ ਕੇ ਪਿੰਡ ਵਾਸੀਆਂ ਦੀ ਹਾਜ਼ਰੀ 'ਚ ਇਨਸਾਫ਼ ਦਾ ਭਰੋਸਾ ਦੇ ਕੇ ਬੱਚੇ ਨੂੰ ਉਤਾਰਿਆ ਗਿਆ।ਪੁਲਸ ਥਾਣਾ ਠੁੱਲੀਵਾਲ ਵਿਖੇ ਥਾਣਾ ਮੁਖੀ ਗੁਰਪਾਲ ਸਿੰਘ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਦੀ ਹਾਜ਼ਰੀ 'ਚ ਦੋਵਾਂ ਧਿਰਾਂ ਨੂੰ ਬੁਲਾ ਕੇ ਆਪਸੀ ਤਣਾਅ ਦੂਰ ਕਰਕੇ ਮਸਲੇ ਨੂੰ ਸੂਝ-ਬੂਝ ਨਾਲ ਹੱਲ ਕਰ ਲਿਆ ਗਿਆ।ਐੱਸ ਐੱਚ ਓ ਗੁਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਕੁਰੜ ਦੇ ਸਮੂਹ ਪੰਚਾਇਤ ਦੀ ਹਾਜ਼ਰੀ 'ਚ ਦੋਵੇਂ ਧਿਰਾਂ ਦਾ ਸਮਝੌਤਾ ਕਰਵਾ ਕੇ ਮਸਲੇ ਨੂੰ ਹੱਲ ਕਰ ਲਿਆ ਗਿਆ ਹੈ।

## ਸੀਨੀਅਰ ਸਿਟੀਜ਼ਨ ਆਫ਼ ਧੂਰੀ ਵੈੱਲਫੇਅਰ ਐਸੋਸੀਏਸ਼ਨ ਨੇ ਸਮਾਜਿਕ ਕੰਮਾਂ ਬਾਰੇ ਕੀਤੀ ਚਰਚਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੀਨੀਅਰ ਸਿਟੀਜ਼ਨ ਆਫ਼ ਧੂਰੀ ਵੈਲਫੇਅਰ ਐਸੋਸੀਏਸ਼ਨ (ਰਜਿ:) ਰਾਮ ਬਾਗ ਧੂਰੀ ਦੀ ਪ੍ਰਧਾਨ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਜਿੱਥੇ ਦਸੰਬਰ 2025 ਵਿੱਚ ਦਸੰਬਰ ਮਹੀਨੇ ਵਿੱਚ ਜਨਮੇ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ, ਉੱਥੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦੀ ਸਿਹਤਯਾਬੀ ਦੀ ਅਰਦਾਸ ਕੀਤੀ ਗਈ।ਸ੍ਰੀ ਗੋਪਾਲ ਰੰਧਾਵਾ ਵੱਲੋਂ ਐਸੋਸੀਏਸ਼ਨ ਦੀ ਮੈਂਬਰਸ਼ਿਪ ਹਾਸਲ ਕਰਨ 'ਤੇ ਉਨ੍ਹਾਂ ਦਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ ਗਿਆ।ਉਥੇ ਵੱਖ-ਵੱਖ ਬੁਲਾਰਿਆਂ ਨੇ ਸ਼ਹਿਰ ਦੇ ਸਮਾਜਿਕ ਕੰਮਾਂ 'ਤੇ ਵਿਚਾਰ ਚਰਚਾ ਕਰਦਿਆਂ ਨਵੇਂ ਸਾਲ ਦੀ ਆਮਦ 'ਤੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਤੋਂ ਇਲਾਵਾ ਧਾਰਮਿਕ ਗੀਤ ਜਸਮੇਲ ਸਿੰਘ ਨੇ ਧੀਆਂ ਦੇ ਹੱਕ ਵਿੱਚ ਤਰਜਮਾ ਸਿੰਘ ਦੇ ਗੀਤ ਪੇਸ਼ ਕੀਤਾ।ਅਖੀਰ 'ਚ ਮਨਜੀਤ ਸਿੰਘ ਬਖਸ਼ੀ ਨੇ ਆਏ ਹੋਏ ਵਿਚਾਰ ਪੇਸ਼ ਕੀਤੇ।ਪ੍ਰੀਤਮ ਸਿੰਘ ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਤੇ 2025 ਨੂੰ ਅਲਵਿਦਾ ਕਿਹਾ ਅਤੇ ਸਾਰਿਆਂ ਨੂੰ 2026 ਦੀਆਂ ਮੁਬਾਰਕਾਂ ਦਿੰਦਿਆਂ ਤੇ ਅਰਦਾਸ ਕੀਤੀ ਕਿ ਸਾਰਿਆਂ ਲਈ ਨਵਾਂ ਸਾਲ ਖੁਸ਼ੀਆਂ ਭਰਿਆ ਤੇ ਖੁਸ਼ਹਾਲੀ ਵਾਲਾ ਹੋਵੇ।

## ਰਾਜਵਿੰਦਰ ਦੇ ਨਾਟਕ 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਦਾ ਸਫਲ ਮੰਚਨ



**ਸਮਰਾਲਾ (ਸੁਰਜੀਤ ਸਿੰਘ)**-ਸ੍ਰੀਮਤੀ ਗੁਰਮਤਿ ਪ੍ਰਚਾਰ ਸਭਾ ਸਮਰਾਲਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਨਾਟਕ 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਦੇ ਨਾਟਕ ਦਾ ਮੰਚਨ ਸਥਾਨਕ ਸ਼ਾਹੀ ਪੈਲੇਸ ਵਿਖੇ ਕਰਵਾਇਆ ਗਿਆ।ਡਾਇਰੈਕਟਰ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾ ਹੇਠ ਅਕਸ ਰੰਗ ਮੰਚ ਸਮਰਾਲਾ ਦੇ ਕਲਾਕਾਰਾਂ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਨੇ ਇਸ ਹਾਜ਼ਰ ਸਰੋਤਿਆਂ ਨੂੰ ਭਾਵੁਕ ਕੀਤਾ।ਇਸ ਮੌਕੇ ਸ੍ਰੀਮਤੀ ਗੁਰਮਤਿ ਪ੍ਰਚਾਰ ਸਭਾ ਦੇ ਮੁੱਖ ਸੇਵਾਦਾਰ ਲਖਬੀਰ ਸਿੰਘ ਬਲਾਲਾ, ਪਰਮਜੀਤ ਸਿੰਘ ਖੰਗੂੜਾ ਉਟਾਲਾਂ, ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਤੇ ਡਾ. ਹਰਿਦਰਜੀਤ ਸਿੰਘ ਕਲੇਰ ਨੇ 350 ਸਾਲ ਪਹਿਲਾਂ ਗੁਰੂ ਸਾਹਿਬ ਦੁਆਰਾ ਕੀਤੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਸਰਪ੍ਰਸਤ ਲੇਖਕ ਮੰਚ, ਬੰਤ ਸਿੰਘ ਖਾਲਸਾ, ਡਾ. ਤੇਜਿੰਦਰ ਸਿੰਘ, ਡਾ. ਸੁਖਪਾਲ ਕੌਰ ਸਮਰਾਲਾ, ਗੁਰਜੀਤ ਸਿੰਘ ਪਾਲ ਮਾਜਰਾ, ਕੁਲਬੀਰ ਸਿੰਘ, ਅੰਮ੍ਰਿਤਪੁਰੀ ਐਮ.ਸੀ., ਐਡਵੋਕੇਟ ਧਰਮ ਸਿੰਘ, ਮਲਕੀਤ ਸਿੰਘ ਕਰਰਾਲਾ ਢਵਨ, ਪ੍ਰਿੰਸੀਪਲ ਰਾਜਿੰਦਰ ਸਿੰਘ, ਯਾਦਵਿੰਦਰ ਸਿੰਘ ਸ਼ਾਹੀ, ਸਤਨਾਮ ਸਿੰਘ ਸਾਗੀ, ਸੁਖਦੇਵ ਜਸਪਾਲ ਸਿੰਘ, ਡਾ. ਕੁਲਬੀਰ ਸਿੰਘ ਅਰੋੜਾ ਕੇਰਲਾ ਅਰਯੂਵੇਦਿਕ ਕੇਂਦਰ ਸਮਰਾਲਾ, ਹਰਜਿੰਦਰਪਾਲ ਸਿੰਘ, ਕਸ਼ਮੀਰੀ ਸਿੰਘ ਸਰਬਪੁਰਾ, ਡਾ. ਸਿਕਰਪ੍ਰੀਤ ਸਿੰਘ ਦਸਮੇਸ਼ ਡੈਂਟਲ ਕਲੀਨਿਕ ਤੇ ਗੁਰਚਰਨ ਸਿੰਘ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ।

## ਡੀ ਬੀ ਯੂ ਦੇ ਚਾਂਸਲਰ ਨੂੰ ਹਾਊਸ ਆਫ਼ ਲਾਰਡਜ਼ ਵਿਖੇ ਕੀਤਾ ਜਾਵੇਗਾ ਸਨਮਾਨਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਵਰਲਡ ਬੁੱਕ ਆਫ਼ ਰਿਕਾਰਡਜ਼, ਲੰਡਨ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਮਈ 2026 ਵਿੱਚ ਯੂਕੇ ਸੰਸਦ ਦੇ ਹਾਊਸ ਆਫ਼ ਲਾਰਡਜ਼ ਵਿਖੇ 10ਵੇਂ ਪੁਰਸਕਾਰ ਸਮਾਰੋਹ ਦੌਰਾਨ ਰਸਮੀ ਤੌਰ 'ਤੇ ਸਰਟੀਫਿਕੇਟ ਆਫ਼ ਐਕਸੀਲੈਂਸ ਪੇਸ਼ ਕੀਤਾ ਜਾਵੇਗਾ।ਇਹ ਸਨਮਾਨ ਡਾ. ਜ਼ੋਰਾ ਸਿੰਘ ਦੀਆਂ ਸ਼ਾਨਦਾਰ ਪ੍ਰਾਪਤੀਆਂ, ਦੂਰਦਰਸ਼ੀ ਅਗਵਾਈ ਤੇ ਸਿੱਖਿਆ, ਸੰਸਥਾ-ਨਿਰਮਾਣ ਤੇ ਰਾਸ਼ਟਰ-ਨਿਰਮਾਣ ਵਿੱਚ ਜੀਵਨ ਭਰ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਦਿੱਤਾ ਜਾ ਰਿਹਾ ਹੈ।ਹਾਊਸ ਆਫ਼ ਲਾਰਡਜ਼ ਵਿਖੇ ਇਹ ਸਨਮਾਨ ਅਕਾਦਮਿਕ ਖੇਤਰ ਅਤੇ ਸਮਾਜ 'ਤੇ ਉਨ੍ਹਾਂ ਦੇ ਸਥਾਈ ਪ੍ਰਭਾਵ ਦੀ ਵਿਸ਼ਵਵਿਆਪੀ ਮਾਨਤਾ ਨੂੰ ਦਰਸਾਉਂਦਾ ਹੈ।ਵਿਸ਼ਵ ਰਿਕਾਰਡ ਬੁਕ ਆਫ਼ ਰਿਕਾਰਡਜ਼ ਨੇ ਜ਼ਿਕਰ ਕੀਤਾ ਹੈ ਕਿ ਇਸ ਵਿਸ਼ੇਸ਼ ਪੇਸ਼ਕਾਰੀ ਦੀ ਇਸ ਲਈ ਯੋਜਨਾ ਬਣਾਈ ਗਈ ਹੈ, ਕਿਉਂਕਿ ਡਾ. ਜ਼ੋਰਾ ਸਿੰਘ ਆਪਣੇ ਰੁਝੇਵਿਆਂ ਕਾਰਨ ਦਸੰਬਰ 2025 ਵਿੱਚ ਹਾਊਸ ਆਫ਼ ਕਾਮਨਜ਼ ਵਿਖੇ ਆਯੋਜਿਤ 9ਵੇਂ ਪੁਰਸਕਾਰ ਸਮਾਰੋਹ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ।ਮਾਣਯੋਗ ਸੰਸਥਾ ਨੇ ਡਾ. ਜ਼ੋਰਾ ਸਿੰਘ ਦੀ ਸ਼ਾਨਦਾਰ ਵਿਰਾਸਤ ਦਾ ਹਵਾਲਾ ਦਿੰਦੇ ਹੋਏ ਉਸ ਮਾਣਯੋਗ ਪਲੇਟਫਾਰਮ 'ਤੇ ਉਨ੍ਹਾਂ ਦਾ ਸਨਮਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ।ਯੂਕੇ ਸੰਸਦ ਤੇ ਸੰਗਠਨ ਨੇ ਯੂਕੇ ਸੰਸਦ 'ਚ ਹੋਣ ਵਾਲੇ ਸਮਾਰੋਹ ਵਿੱਚ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸਨਮਾਨਤ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ।ਧੰਨਵਾਦ ਪ੍ਰਗਟ ਕਰਦੇ ਹੋਏ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਮੈਂ ਇਸ ਮਾਨਤਾ ਨੂੰ ਉਨ੍ਹਾਂ ਸਾਰੇ ਸਿੱਖਿਅਕਾਂ, ਵਿਦਿਆਰਥੀਆਂ ਤੇ ਸੰਸਥਾਵਾਂ ਲਈ ਸਮੂਹਕ ਸਨਮਾਨ ਵਜੋਂ ਨਿਮਰਤਾ ਨਾਲ ਸਵੀਕਾਰ ਕਰਦਾ ਹਾਂ, ਜੋ ਵਿਸ਼ਵਾਸ ਕਰਦੇ ਹਨ ਕਿ ਸਿੱਖਿਆ ਰਾਸ਼ਟਰ-ਨਿਰਮਾਣ ਤੇ ਸਮਾਜਿਕ ਤਬਦੀਲੀ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ।ਇਹ ਮਾਨਤਾ ਇਕੱਲੇ ਵਿਅਕਤੀ ਦੀ ਨਹੀਂ ਹੈ, ਸਗੋਂ ਮੁੱਲ ਅਧਾਰਤ, ਸਮਾਵੇਸ਼ੀ ਤੇ ਵਿਸ਼ਵ ਪੱਧਰ 'ਤੇ ਸੰਬੰਧਤ ਸਿੱਖਿਆ ਰਾਹੀਂ ਸਮਾਜ ਨੂੰ ਸਸ਼ਕਤ ਬਣਾਉਣ ਦੇ ਵੱਡੇ ਮਿਸ਼ਨ ਦੀ ਹੈ।ਯੂਕੇ ਸੰਸਦ ਦੇ ਹਾਊਸ ਆਫ਼ ਲਾਰਡਸ ਵਿਖੇ ਹੋਣ ਵਾਲਾ ਇਹ ਸਨਮਾਨ ਸਮਾਰੋਹ ਡਾ. ਜ਼ੋਰਾ ਸਿੰਘ ਦੇ ਸ਼ਾਨਦਾਰ ਸਫ਼ਰ 'ਚ ਇੱਕ ਹੋਰ ਮੀਲ ਪੱਥਰ ਹੈ ਅਤੇ ਵਿਸ਼ਵਵਿਆਪੀ ਸਿੱਖਿਆ ਤੇ ਵਿਚਾਰਧਾਰਾ ਦੀ ਅਗਵਾਈ ਵਿੱਚ ਭਾਰਤ ਦੇ ਵਧ ਰਹੇ ਕੱਦ ਨੂੰ ਹੋਰ ਮਜ਼ਬੂਤ ਕਰਦਾ ਹੈ।

## ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਵਰ੍ਹੇ ਦਾ ਸ਼ੁੱਭ ਆਗਾਜ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਵੇਂ ਵਰ੍ਹੇ 2026 ਦੇ ਸ਼ੁਭ ਆਗਮਨ ਮੌਕੇ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮੇਟੀ ਹਾਲ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ, ਜਿਸ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ਰਧਾ ਭਾਵਨਾ ਨਾਲ ਹਾਜ਼ਰੀ ਭਰੀ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਪ੍ਰਿੰਸਪਾਲ ਸਿੰਘ ਦੇ ਰਾਗੀ ਜੱਥੇ ਵੱਲੋਂ ਰਸਭਿੰਨਾ ਗੁਰਬਾਣੀ ਸ਼ਬਦ ਕੀਰਤਨ ਕੀਤਾ ਗਿਆ, ਜਿਸ ਨਾਲ ਸਮੂਹ ਵਾਤਾਵਰਨ ਆਤਮਿਕ ਰਸ ਨਾਲ ਭਰਪੂਰ ਹੋ ਗਿਆ।ਗੁਰਬਾਣੀ ਕੀਰਤਨ ਦੌਰਾਨ ਸੰਗਤ ਨੇ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਕੇ ਨਵੇਂ ਵਰ੍ਹੇ ਨੂੰ ਸੁੱਖ-ਸ਼ਾਂਤੀ, ਤਰੱਕੀ ਤੇ ਭਾਈਚਾਰੇ ਦੀ ਭਾਵਨਾ ਨਾਲ ਭਰਪੂਰ ਬਣਾਉਣ ਦੀ ਕਾਮਨਾ ਕੀਤੀ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਵੇਂ ਵਰ੍ਹੇ ਦੀਆਂ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪਿਛਲੇ ਵਰ੍ਹੇ ਦੌਰਾਨ ਡਿਪਟੀ ਕਮਿਸ਼ਨਰ ਦਫ਼ਤਰ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਆਪਣੀ ਡਿਊਟੀ ਇਮਾਨਦਾਰੀ, ਤਨਦੇਹੀ ਤੇ ਪੂਰੇ ਸਮਰਪਣ ਭਾਵ ਨਾਲ ਨਿਭਾਈ ਹੈ, ਜੋ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਨਵੇਂ ਵਰ੍ਹੇ ਵਿੱਚ ਵੀ ਸਾਰੇ ਕਰਮਚਾਰੀ ਲੋਕ ਸੇਵਾ ਨੂੰ ਆਪਣੀ ਪਹਿਲੀ ਜ਼ਿੰਮੇਵਾਰੀ ਸਮਝਦੇ ਹੋਏ ਸਰਕਾਰੀ ਕੰਮਕਾਜ ਨੂੰ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ, ਵਧੀਕ ਡਿਪਟੀ ਕਮਿਸ਼ਨਰ ਡਾ. ਇਸਮਤ ਵਿਜੈ ਸਿੰਘ, ਐੱਸ ਡੀ ਐਮਜ਼ ਕਨੂੰ ਗਰਗ, ਨਮਨ ਮਾਰਕੰਨ, ਹਰਜੋਤ ਕੌਰ, ਅਸ਼ੋਕ ਕੁਮਾਰ, ਰਿਚਾ ਗੋਇਲ, ਸੀ ਐੱਮ ਐੱਫ ਓ ਸਤੀਸ਼ ਚੰਦਰ ਤੋਂ ਇਲਾਵਾ ਡੀ ਸੀ ਦਫ਼ਤਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।



ਵਧੀਆ ਸੇਵਾਵਾਂ ਬਦਲੇ ਸੀ ਆਈ ਏ ਇੰਚਾਰਜ ਇੰਸਪੈਕਟਰ ਦਲਜੀਤ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ। ਨਾਲ ਹਨ ਐੱਸ ਪੀ ਸੰਦੀਪ ਮੰਡ, ਐੱਸ ਪੀ ਬਾਲ ਕ੍ਰਿਸ਼ਨ ਸਿੰਗਲਾ ਅਤੇ ਡੀ ਐੱਸ ਪੀ ਜ਼ੋਰਾ ਸਿੰਘ ਕਾਂਗਰਾ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)

### ਮਾਮਲਾ ਪੱਤਰਕਾਰਾਂ 'ਤੇ ਕੇਸ ਦਰਜ ਕਰਨ ਦਾ

# ਪੱਤਰਕਾਰ ਭਾਈਚਾਰਾ ਭਲਕੇ ਚੰਡੀਗੜ੍ਹ 'ਚ ਕਰੇਗਾ ਰੋਸ ਪ੍ਰਦਰਸ਼ਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਖਿਲਾਫ ਦਰਜ ਕੀਤੇ ਮਾਮਲੇ ਵਿੱਚ ਪੱਤਰਕਾਰ ਭਾਈਚਾਰੇ ਵੱਲੋਂ ਚਾਰ ਜਨਵਰੀ ਨੂੰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ।ਬਠਿੰਡਾ ਪ੍ਰੈੱਸ ਕਲੱਬ ਵਿੱਚ ਪ੍ਰਧਾਨ ਬਖਤੌਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੱਤਰਕਾਰਾਂ ਦੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਹੈ।ਉਨ੍ਹਾਂ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਦੇ ਹੈਲੀਕਾਪਟਰ ਦੀ ਵਰਤੋਂ ਕਰਨ ਦੇ ਮਾਮਲੇ ਵਿੱਚ ਕੁਝ ਪੱਤਰਕਾਰਾਂ ਨੇ ਸਰਕਾਰ ਉੱਪਰ ਸਵਾਲ ਉਠਾਏ ਸਨ, ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਸੂਬੇ ਦੇ 10 ਪੱਤਰਕਾਰਾਂ ਖਿਲਾਫ ਕੇਸ ਦਰਜ ਕਰ ਲਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੱਤਰਕਾਰਾਂ ਦੀ ਜਵਾਨਬੰਦੀ ਕਰਨ 'ਤੇ ਤੁਲੀ ਹੋਈ ਹੈ।ਬਖਤੌਰ ਢਿੱਲੋਂ ਨੇ ਕਿਹਾ ਕਿ ਜਿਹੜੇ ਸਵਾਲ ਵਿਰੋਧੀ ਧਿਰ ਵਿੱਚ ਹੁੰਦਿਆਂ ਮੁੱਖ ਮੰਤਰੀ ਖੁਦ ਕਰਦੇ ਸਨ, ਹੁਣ ਅਜਿਹੇ ਸਵਾਲ ਕਰਨ ਵਾਲੇ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਣ ਦੀ ਤਿਆਰੀ ਕੀਤੀ ਜਾ ਰਹੀ।ਉਨ੍ਹਾਂ ਦੱਸਿਆ ਕਿ ਸਮੁੱਚਾ ਪੱਤਰਕਾਰ ਭਾਈਚਾਰਾ ਚਾਰ ਜਨਵਰੀ ਨੂੰ ਚੰਡੀਗੜ੍ਹ ਸੈਕਟਰ 17 ਵਿਖੇ ਸਰਕਾਰ ਖਿਲਾਫ ਆਪਣਾ ਵਿਰੋਧ ਪ੍ਰਦਰਸ਼ਨ ਕਰੇਗਾ।ਇਸ ਤੋਂ ਬਾਅਦ 8 ਜਨਵਰੀ ਨੂੰ ਬਠਿੰਡਾ ਵਿੱਚ ਪੱਤਰਕਾਰਾਂ ਤੇ ਜਨਤਕ ਜਥੇਬੰਦੀਆਂ ਦੀ ਮੀਟਿੰਗ ਬੁਲਾਈ ਜਾਵੇਗੀ, ਜਿਸ ਤੋਂ ਬਾਅਦ ਵਿਸ਼ਾਲ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਉਨ੍ਹਾਂ ਜਨਤਕ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਕੁਝ ਨੁਮਾਇੰਦੇ ਇਸ ਰੋਸ ਪ੍ਰਦਰਸ਼ਨ ਵਿੱਚ ਜ਼ਰੂਰ ਭੇਜਣ।

ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਚੇਅਰਮੈਨ ਗੁਰਤੇਜ ਸਿੰਘ ਸਿੱਧੂ ਨੇ ਦੱਸਿਆ ਕਿ ਪੱਤਰਕਾਰਾਂ ਖਿਲਾਫ ਦਰਜ ਮਾਮਲੇ ਖਿਲਾਫ ਸੂਬੇ ਦੇ ਡਿਪਟੀ ਕਮਿਸ਼ਨਰਾਂ ਤੇ ਐੱਸਡੀਐੱਮ ਨੂੰ ਯੂਨੀਅਨ ਵੱਲੋਂ ਮੰਗ ਪੱਤਰ ਦੇ ਕੇ ਆਪਣਾ ਵਿਰੋਧ ਦਰਜ ਕਰਵਾਇਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਸਵਰਨ ਸਿੰਘ ਦਾਨੇਵਾਲੀਆ, ਪੱਤਰਕਾਰ ਪਰਵਿੰਦਰ ਜੀਤ ਸਿੰਘ, ਮਨਿੰਦਰ ਸਿੰਘ ਸਿੱਧੂ, ਰਤਨ ਸਿੰਘ ਧਾਲੀਵਾਲ, ਮਨਦੀਪ ਸਿੰਘ ਮੱਕੜ, ਮਿੰਟੂ ਗੁਰੂਸਰੀਆ, ਮਾਣਕ ਗੋਇਲ, ਸੂਰਜ ਸ਼ਰਮਾ, ਭੂਸ਼ਣ ਜਿੰਦਲ, ਰਣਜੀਤ ਸਿੰਘ ਗਿੱਲ, ਜਸ ਗਰੇਵਾਲ ਤੋਂ ਇਲਾਵਾ ਵੱਡੀ ਗਿਣਤੀ ਪੱਤਰਕਾਰ ਹਾਜ਼ਰ ਸਨ।



## ਸੱਚ ਦੇ ਪਹਿਰੇਦਾਰਾਂ ਨਾਲ ਚਟਾਨ ਵਾਂਗ ਖੜ੍ਹੇ ਹਾਂ : ਕਮਲ ਧਾਲੀਵਾਲ

**ਧੂਰੀ (ਰਣਜੀਤ ਸਿੰਘ ਪੇਧਨੀ/ਬਿੰਨੀ ਗਰਗ)**-ਚੰਗੇ ਪੱਤਰਕਾਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਉਸ ਦੋਗਲੇ ਚਿਹਰੇ ਨੂੰ ਜਗ-ਜ਼ਾਹਰ ਕਰਨ ਨਾਲ ਪੱਤਰਕਾਰਾਂ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ।ਜਿਹੜੀ ਪਾਰਟੀ ਸੱਤਾ ਦੀ ਦਹਿਲੀਜ਼ ਪਾਰ ਕਰਨ ਤੋਂ ਪਹਿਲਾਂ ਪ੍ਰੈੱਸ ਦੀ ਆਜ਼ਾਦੀ ਦੇ ਸੋਹਲੇ ਗਾਉਂਦੀ ਨਹੀਂ ਸੀ ਥੱਕਦੀ, ਅੱਜ ਜਦੋਂ ਸਰਕਾਰ ਦੀਆਂ ਨਾਕਾਮੀਆਂ ਤੇ ਸਾਧਨਾਂ ਦੀ ਦੁਰਵਰਤੋਂ 'ਤੇ ਸਵਾਲ ਉੱਠ ਰਹੇ ਹਨ, ਤਾਂ ਇਹ ਸਰਕਾਰ ਸੰਵਿਧਾਨਕ ਹੱਕਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਲਕਾ ਅਮਰਗੜ੍ਹ ਦੇ ਉੱਘੇ ਸਮਾਜ ਸੇਵੀ ਕਮਲ ਧਾਲੀਵਾਲ ਨੇ ਕੀਤਾ।ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਲੀਡਰਾਂ ਨੂੰ ਸਵਾਲ ਪੁੱਛਣ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹਨ ਅਤੇ ਦੂਸਰੇ ਪਾਸੇ ਸਵਾਲ ਜਵਾਬ ਕਰਨ 'ਤੇ ਉਨ੍ਹਾਂ ਉੱਤੇ ਪਰਚੇ ਦਰਜ ਕਰਨ ਦਾ ਵੀ ਇਤਿਹਾਸ ਬਣਾ ਰਹੇ ਹਨ।ਉਨ੍ਹਾਂ ਕਿਹਾ ਕਿ ਸਵਾਲ ਪੁੱਛਣਾ ਕਿਸੇ ਵੀ ਜਿਉਂਦੇ-ਜਾਗਦੇ ਸਮਾਜ ਦਾ ਮੁਢਲਾ ਹੱਕ ਹੈ।ਅਸੀਂ ਇਸ ਸਰਕਾਰੀ ਧੱਕੇਸ਼ਾਹੀ ਤੇ ਅਣਐਲਾਨੀ ਐਮਰਜੈਂਸੀ ਵਿਰੁੱਧ ਨਾ ਸਿਰਫ਼ ਆਵਾਜ਼ ਬੁਲੰਦ ਕਰਦੇ ਹਾਂ, ਸਗੋਂ ਇਨ੍ਹਾਂ ਸੱਚ ਦੇ ਪਹਿਰੇਦਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਟਾਨ ਵਾਂਗ ਖੜ੍ਹੇ ਹਾਂ।

# ਸਿਮਰਜੀਤ ਕੰਗ ਸਰਬਸੰਮਤੀ ਨਾਲ ਸਾਹਿਤ ਸਭਾ ਸਮਰਾਲਾ ਦੇ ਪ੍ਰਧਾਨ ਬਣੇ



**ਸਮਰਾਲਾ (ਸੁਰਜੀਤ ਸਿੰਘ)**

ਇਤਿਹਾਸਕਾਰ ਸਿਮਰਜੀਤ ਸਿੰਘ ਕੰਗ ਨੂੰ ਸਰਬਸੰਮਤੀ ਨਾਲ ਦੋ ਸਾਲਾਂ ਲਈ ਸਾਹਿਤ ਸਭਾ ਸਮਰਾਲਾ ਦਾ ਪ੍ਰਧਾਨ ਚੁਣ ਲਿਆ ਗਿਆ।ਇਸੇ ਤਰ੍ਹਾਂ ਦੀਪ ਦਿਲਬਰ ਨੂੰ ਜਨਰਲ ਸਕੱਤਰ ਚੁਣਿਆ ਗਿਆ।ਨਵੇਂ ਬਣੇ ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਕੰਗ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭਾ ਦੀ ਕਾਰਜਕਾਰਨੀ ਦੀ ਵਿਸ਼ੇਸ਼ ਇਕੱਤਰਤਾ ਸਥਾਨਕ ਮਰਹੂਮ ਪ੍ਰਸਿੱਧ ਕਹਾਣੀਕਾਰ ਸੁਖਜੀਤ ਦੀ ਪਤਨੀ ਗੁਰਦੀਪ ਕੌਰ (ਸੁਖਜੀਤ) ਮਾਛੀਵਾੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸਿਮਰਜੀਤ ਸਿੰਘ ਕੰਗ ਨੂੰ ਪ੍ਰਧਾਨ, ਕਹਾਣੀਕਾਰ ਸੰਦੀਪ ਸਮਰਾਲਾ ਤੇ ਕਹਾਣੀਕਾਰਾ ਯਤਿੰਦਰ ਕੌਰ ਮਾਹਲ ਨੂੰ ਮੀਤ-ਪ੍ਰਧਾਨ, ਦੀਪ ਦਿਲਬਰ ਨੂੰ ਜਨਰਲ ਸਕੱਤਰ, ਗੁਰਦੀਪ ਸਿੰਘ ਮਹੌਣ ਨੂੰ ਸਹਿ-ਸਕੱਤਰ, ਇੰਦਰਜੀਤ ਸਿੰਘ ਕੰਗ ਨੂੰ ਪ੍ਰੈੱਸ-ਸਕੱਤਰ, ਅਮਨਦੀਪ ਸਮਰਾਲਾ ਨੂੰ ਖ਼ਜ਼ਾਨਚੀ, ਮਾ. ਪੁਖਰਾਜ ਸਿੰਘ ਨੂੰ ਸਹਿ-ਖ਼ਜ਼ਾਨਚੀ, ਮਨਦੀਪ ਡਡਿਆਣਾ ਤੇ ਡਾ. ਸੁਖਪਾਲ ਕੌਰ ਸਮਰਾਲਾ ਨੂੰ ਰਾਸ਼ਟਰੀ ਪ੍ਰਚਾਰ-ਸਕੱਤਰ, ਦਲਜਿੰਦਰ ਸਿੰਘ ਰਹਿਲ ਇਟਲੀ, ਬਲਵਿੰਦਰ ਸਿੰਘ ਚਾਹਲ ਇੰਗਲੈਂਡ ਤੇ ਨਵਦੀਪ ਸਿੱਧੂ ਕੈਨੇਡਾ ਨੂੰ ਕੌਮਾਂਤਰੀ ਪ੍ਰਚਾਰ-ਸਕੱਤਰ ਚੁਣਿਆ ਗਿਆ।ਚੁਣੇ ਹੋਏ ਅਹੁਦੇਦਾਰਾਂ ਦੀ ਸਹਿਮਤੀ ਨਾਲ ਦਰਸ਼ਨ ਸਿੰਘ ਕੰਗ, ਕਹਾਣੀਕਾਰ ਮੁਖਤਿਆਰ ਸਿੰਘ ਤੇ ਗੁਰਦੀਪ ਕੌਰ ਮਾਛੀਵਾੜਾ ਨੂੰ ਸਰਪ੍ਰਸਤ ਥਾਪਿਆ ਗਿਆ।ਨਵੀਂ ਚੁਣੀ ਹੋਈ ਅਹੁਦੇਦਾਰਾਂ ਦੀ ਟੀਮ ਨੇ ਸਾਹਿਤ ਸਭਾ ਸਮਰਾਲਾ ਦੇ ਬਾਨੀ ਚੇਅਰਮੈਨ ਤੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ 'ਕਹਾਣੀਕਾਰ ਸੁਖਜੀਤ ਯਾਦਗਾਰੀ ਸਨਮਾਨ' ਸਮਾਗਮ ਫ਼ਰਵਰੀ ਮਹੀਨੇ ਵਿੱਚ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਡਾ. ਸੁਖਪਾਲ ਕੌਰ ਸਮਰਾਲਾ ਨੂੰ 'ਨਵਾਂ ਜ਼ਮਾਨਾ' ਵਿੱਚ ਪ੍ਰਕਾਸ਼ਿਤ ਲੇਖ '2025 ਵਿੱਚ ਆਈਆਂ ਕਿਤਾਬਾਂ ਦਾ ਆਲੋਚਨਾ ਦ੍ਰਿਸ਼' ਲਈ ਮੁਬਾਰਕਬਾਦ ਦਿੱਤੀ ਗਈ ਅਤੇ ਕਵੀ ਲਾਲ ਸਿੰਘ ਦਿਲ ਦਾ ਵਿਸ਼ੇਸ਼ 'ਕੈਲੰਡਰ 2026' ਛਾਪਣ ਲਈ 'ਨਵਾਂ ਜ਼ਮਾਨਾ' ਦਾ ਧੰਨਵਾਦ ਕੀਤਾ ਗਿਆ।ਉੱਘੇ ਕਵੀ ਸਵਰਨ ਪੱਲ੍ਹਾ ਦੇ ਨੌਜਵਾਨ ਪੁੱਤਰ ਅਮਰਿੰਦਰ ਸਿੰਘ ਦੀ ਮੌਤ 'ਤੇ ਹਾਜ਼ਰੀਨ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਿੱਛੜੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ।

# ਗੈਂਟਾ ਰਿਪੋਰਟ 'ਤੇ ਸਰਕਾਰ ਦੀ ਨੀਅਤ ਸਾਫ਼ ਕਰੇਗੀ 12 ਦੀ ਮੀਟਿੰਗ : ਆਗੂ

**ਦਿੜ੍ਹਬਾ (ਜਸਵੀਰ ਲਾਡੀ)**

ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹੱਕਾਂ ਦੀ ਲੜਾਈ ਨੂੰ ਲੈ ਕੇ ਸਰਕਾਰ ਤੇ ਜੁਆਇੰਟ ਐਕਸ਼ਨ ਕਮੇਟੀ ਦਰਮਿਆਨ ਬਣੇ ਤਣਾਅਪੂਰਨ ਮਾਹੌਲ ਵਿਚਕਾਰ ਹੁਣ 12 ਜਨਵਰੀ 2026 ਨੂੰ ਹੋਣ ਵਾਲੀ ਮੀਟਿੰਗ ਨੂੰ ਨਿਰਣਾਇਕ ਮੰਨਿਆ ਜਾ ਰਿਹਾ ਹੈ।ਕੈਬਨਿਟ ਸਬ-ਕਮੇਟੀ ਵੱਲੋਂ ਗੱਲਬਾਤ ਲਈ ਦਿੱਤੇ ਗਏ ਸੱਦੇ ਤੋਂ ਬਾਅਦ 27 ਐੱਸ.ਸੀ./ਬੀ.ਸੀ. ਮੁਲਾਜ਼ਮ ਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਨੇ 4 ਜਨਵਰੀ ਨੂੰ ਸੰਗਰੂਰ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਲਾਨੀ ਐਕਸ਼ਨ ਫਿਲਹਾਲ ਮੁਲਤਵੀ ਕਰ ਦਿੱਤਾ ਹੈ।ਕੈਬਨਿਟ ਸਬ-ਕਮੇਟੀ ਵੱਲੋਂ ਜਾਰੀ ਮੀਮੋ ਨੰਬਰ 11/16/2024-ਜੀਸੀ5/1430 ਮਿਤੀ 30 ਦਸੰਬਰ 2025 ਅਧੀਨ 25 ਮੈਂਬਰੀ ਵਫ਼ਦ ਨੂੰ 12 ਜਨਵਰੀ 2026 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਅਜੰਡੇ ਸਬੰਧੀ ਵਿਸਥਾਰਪੂਰਵਕ ਗੱਲਬਾਤ ਲਈ ਸੱਦਾ ਦਿੱਤਾ ਗਿਆ ਹੈ।ਜੁਆਇੰਟ ਐਕਸ਼ਨ ਕਮੇਟੀ ਨੇ ਇਸ ਸੱਦੇ ਨੂੰ ਸਰਕਾਰ ਵੱਲੋਂ ਪਹਿਲਾ ਸਕਾਰਾਤਮਕ ਕਦਮ ਮੰਨਦੇ ਹੋਏ ਆਪਣਾ ਸੰਘਰਸ਼ੀ ਐਕਸ਼ਨ ਅਸਥਾਈ ਤੌਰ 'ਤੇ ਟਾਲਣ ਦਾ ਫੈਸਲਾ ਲਿਆ ਹੈ।ਸਰਕਾਰ ਦੇ ਸੱਦੇ 'ਤੇ ਵਿਚਾਰ ਕਰਨ ਲਈ

### ■ ਜੁਆਇੰਟ ਐਕਸ਼ਨ ਕਮੇਟੀ ਵੱਲੋਂ 4 ਜਨਵਰੀ ਦਾ ਘਿਰਾਓ ਮੁਲਤਵੀ

ਜੁਆਇੰਟ ਐਕਸ਼ਨ ਕਮੇਟੀ ਦੀ ਅਹਿਮ ਮੀਟਿੰਗ ਸਟੇਟ ਕੋਆਰਡੀਨੇਟਰ ਸ੍ਰ. ਜਸਬੀਰ ਸਿੰਘ ਪਾਲ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਗੱਲਬਾਤ ਸਿਰਫ਼ ਰਸਮੀ ਕਾਰਵਾਈ ਨਹੀਂ, ਸਗੋਂ ਠੋਸ ਫੈਸਲਿਆਂ ਵਾਲੀ ਹੋਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਲੰਬੇ ਸਮੇਂ ਤੋਂ ਲਟਕ ਰਹੀ ਗੈਂਟਾ ਰਿਪੋਰਟ ਨੂੰ ਹੋਰ ਦੇਰ ਤੱਕ ਦਬਾ ਕੇ ਰੱਖਣਾ ਸਮਾਜਿਕ ਨਿਆਂ ਨਾਲ ਖੁੱਲ੍ਹਾ ਧੋਖਾ ਹੈ।ਮੀਟਿੰਗ ਵਿੱਚ ਸਰਬਸੰਮਤੀ ਨਾਲ ਇਹ ਚੇਤਾਵਨੀ ਦਿੱਤੀ ਗਈ ਕਿ ਜੇਕਰ 12 ਜਨਵਰੀ 2026 ਨੂੰ ਹੋਣ ਵਾਲੀ ਮੀਟਿੰਗ ਦੌਰਾਨ ਸਰਕਾਰ ਵੱਲੋਂ ਗੈਂਟਾ ਰਿਪੋਰਟ ਲਾਗੂ ਕਰਨ ਬਾਰੇ ਕੋਈ ਠੋਸ ਤੇ ਸਪੱਸ਼ਟ ਫੈਸਲਾ ਨਹੀਂ ਲਿਆ ਗਿਆ ਤਾਂ ਜੁਆਇੰਟ ਐਕਸ਼ਨ ਕਮੇਟੀ ਮੀਟਿੰਗ ਦਾ ਤੁਰੰਤ ਬਾਈਕਾਟ ਕਰੇਗੀ ਤੇ ਉਸੇ ਸਮੇਂ ਰਾਜ ਪੱਧਰੀ ਅਗਲੇ ਸੰਘਰਸ਼ੀ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਸੂਬੇ ਭਰ ਤੋਂ ਆਏ ਸੀਨੀਅਰ ਆਗੂਆਂ ਨੇ ਹਾਜ਼ਰੀ ਭਰੀ।

## ਨਵੇਂ ਸਾਲ ਦੀ ਆਮਦ 'ਤੇ ਐੱਸ ਡੀ ਐੱਮ ਦਫ਼ਤਰ ਵਿਖੇ ਧਾਰਮਿਕ ਸਮਾਗਮ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਵੇਂ ਸਾਲ 2026 ਦੇ ਸ਼ੁੱਭ ਮਹੂਰਤ ਮੌਕੇ ਐੱਸ ਡੀ ਐੱਮ ਦਫ਼ਤਰ ਮਹਿਲ ਕਲਾਂ ਵਿਖੇ ਸਰਬੱਤ ਦੇ ਭਲੇ ਦੀ ਕਾਮਨਾ ਨਾਲ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਰਾਗੀ ਜਥਾ ਭਾਈ ਰਮਨਦੀਪ ਸਿੰਘ ਕਾਤਰੋਂ ਵਾਲਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।ਉਨ੍ਹਾਂ ਨੇ ਗੁਰਬਾਣੀ ਦੇ ਉਪਦੇਸ਼ਾਂ ਰਾਹੀਂ ਸੰਗਤਾਂ ਨੂੰ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ, ਅੰਮ੍ਰਿਤ ਪਾਨ ਕਰਕੇ ਗੁਰਸਿੱਖੀ ਜੀਵਨ ਜਿਊਣ ਦੀ ਅਪੀਲ ਕੀਤੀ। ਐੱਸ.ਡੀ.ਐੱਮ. ਬੇਅੰਤ ਸਿੰਘ ਸਿੱਧੂ ਨੇ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਕਿਹਾ ਕਿ ਨਵੇਂ ਸਾਲ ਦੇ ਸਾਰੇ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ-ਆਸਰੇ ਨਾਲ ਸ਼ੁਰੂ ਕਰਨਾ ਸ਼ੁੱਭ ਸ਼ਗਨ ਹੈ।ਉਨ੍ਹਾਂ ਕਿਹਾ ਕਿ ਗੁਰਬਾਣੀ ਸਾਨੂੰ ਸੇਵਾ, ਇਮਾਨਦਾਰੀ ਤੇ ਲੋਕ-ਹਿੱਤ 'ਚ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਸਮੂਹ ਸਟਾਫ ਵੱਲੋਂ ਐੱਸ ਡੀ ਐੱਮ ਬੇਅੰਤ ਸਿੰਘ ਸਿੱਧੂ, ਤਹਿਸੀਲਦਾਰ ਰਵਿੰਦਰ ਸਿੰਘ ਤੋਂ ਇਲਾਵਾ ਕੀਰਤਨੀ ਜਥੇ, ਗ੍ਰੰਥੀ ਸਾਹਿਬਾਨ ਨੂੰ ਸਿਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ।



## ਸੁਖਮਨੀ ਸਾਹਿਬ ਦੇ ਜਾਪ ਕਰਵਾਏ

**ਧੂਰੀ (ਰਣਜੀਤ ਸਿੰਘ ਪੇਧਨੀ/ਬਿੰਨੀ ਗਰਗ)**-ਨਵੇਂ ਸਾਲ ਦੇ ਸ਼ੁੱਭ ਅਵਸਰ 'ਤੇ ਹਰ ਸਾਲ ਦੀ ਤਰ੍ਹਾਂ ਗੁਰੂ ਤੇਗ ਬਹਾਦਰ ਮਾਰਕੀਟ ਧੂਰੀ ਵੱਲੋਂ 5ਵਾਂ ਸਾਲਾਨਾ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਸਮਾਗਮ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ।ਇਸ ਧਾਰਮਿਕ ਸਮਾਗਮ ਦੌਰਾਨ ਆਪ ਦੇ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ, ਧੂਰੀ ਮੈਡੀਕਲ ਹਾਲ ਤੇ ਹੋਲਸੇਲ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਕੁਮਾਰ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਨੋਦ ਕੁਮਾਰ ਹੈਪੀ, ਹਰਪਰੀਤ ਸਿੰਘ ਗਿੱਲ (ਸੀ ਐੱਮ ਦਫ਼ਤਰ ਧੂਰੀ), ਬੀਬੀ ਅਮਰਜੀਤ ਕੌਰ ਐੱਮ. ਸੀ. ਤੇ ਹੋਰ ਜ਼ਿੰਮੇਵਾਰ ਅਹੁਦੇਦਾਰਾਂ ਨੂੰ ਮਾਰਕੀਟ ਦੇ ਸਾਥੀਆਂ ਵੱਲੋਂ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਤੇ ਸਾਥੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ।ਧੰਨਵਾਦ ਕਰਨ ਵਾਲਿਆਂ ਵਿੱਚ ਡਾ. ਅਮਰੀਕ ਸਿੰਘ ਪੇਧਨੀ, ਡਾ. ਹਰਵਿੰਦਰ ਸਿੰਘ, ਅਮਨਪ੍ਰੀਤ ਸਿੰਘ (ਮਨੀ), ਚਰਨਜੀਤ ਸਿੰਘ ਚੰਨੀ, ਡਾ. ਸੁਖਵਿੰਦਰ ਸਿੰਘ, ਸੁਰਿੰਦਰ ਸਿੰਗਲਾ, ਪ੍ਰਕਾਸ਼ ਟਰੈਕਟਰ ਸਰਵਿਸ, ਹਰਪ੍ਰੀਤ ਸਿੰਘ ਬਿਰਦੀ, ਕ੍ਰਿਸ਼ਨਾ ਸੇਲਜ਼, ਲੱਕੀ, ਕੁਲਦੀਪ ਸਿੰਘ ਤੇ ਗੁਰਦੁਆਰਾ ਕਲਗੀਧਰ ਦਸਮੇਸ਼ ਨਗਰ ਦੀ ਪ੍ਰਬੰਧਕ ਕਮੇਟੀ ਧੂਰੀ ਆਦਿ ਸ਼ਾਮਲ ਸਨ।

# ਯੂਥ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸ਼ਿਵਰਾਜ ਸਿੰਘ ਗੁਰਦੁਆਰਾ ਸਾਹਿਬ ਹੋਏ ਨਤਮਸਤਕ

### ■ ਮੇਅਰ ਕੁੰਦਨ ਗੋਗੀਆ ਤੇ ਹੋਰ ਸੀਨੀਅਰ ਲੀਡਰਸ਼ਿਪ ਵੱਲੋਂ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਬਣਨ ਦੀ ਖੁਸ਼ੀ ਵਿੱਚ ਸ਼ਿਵਰਾਜ ਸਿੰਘ ਵਿਰਕ ਕੌਂਸਲਰ ਵਾਰਡ ਨੰਬਰ 10 ਵੱਲੋਂ ਆਪਣੀ ਸਮੁੱਚੀ ਟੀਮ ਨਾਲ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬਤ ਦੇ ਭਲੇ ਲਈ ਅਰਦਾਸ ਕਰਦਿਆਂ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਉਨ੍ਹਾ ਨਾਲ ਵਿਸ਼ੇਸ਼ ਤੌਰ 'ਤੇ ਮੇਅਰ ਕੁੰਦਨ ਗੋਗੀਆ, ਪੰਜਾਬ ਦੇ ਸਾਬਕਾ ਸਟੇਟ ਸੀਡ ਕਾਰਪੋਰੇਸ਼ਨ ਤੇ ਟੂਰਿਜਮ ਪੰਜਾਬ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ, ਜਗਦੀਪ ਜਗਾ ਡਿਪਟੀ ਮੇਅਰ ਤੇ ਸਟੇਟ ਸੈਕਟਰੀ, ਹਰਿੰਦਰ ਕੋਹਲੀ ਸੀਨੀਅਰ ਡਿਪਟੀ ਮੇਅਰ, ਜਸਵੀਰ ਸਿੰਘ ਗਾਂਧੀ ਕੌਂਸਲਰ, ਐਡਵੋਕੇਟ ਮਨਬੀਰ ਸਿੰਘ ਵਿਰਕ ਆਦਿ ਮੌਜੂਦ ਸਨ।ਇਸ ਮੌਕੇ ਉਪਰੋਕਤ ਨੇ ਸ਼ਿਵਰਾਜ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਦਾ ਰਾਜਨੀਤੀ ਵਿੱਚ ਆ ਕੇ ਸਮਾਜ ਦੀ ਭਲਾਈ ਕਰਨਾ ਬਹੁਤ ਹੀ ਚੰਗੀ ਗੱਲ ਹੈ।ਉਨ੍ਹਾਂ ਕਿਹਾ ਕਿ ਸ਼ਿਵਰਾਜ ਸਿੰਘ ਵਿਰਕ ਦੀ ਅਗਵਾਈ ਹੇਠ ਹੁਣ ਪਾਰਟੀ ਦਾ ਯੂਥ ਵਿੰਗ ਹੋਰ ਵੀ ਮਜ਼ਬੂਤ ਹੋਵੇਗਾ ਤੇ ਅਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਹਿਮ ਰੋਲ ਅਦਾ ਕਰੇਗਾ।ਇਸ ਮੌਕੇ ਪੰਜਾਬ ਦੇ ਸਾਬਕਾ ਚੇਅਰਮੈਨ ਤੇ ਪਾਰਟੀ ਦੇ ਸੀਨੀਅਰ ਨੇਤਾ ਸੁਰਜੀਤ ਸਿੰਘ ਅਬਲੋਵਾਲ ਨੇ ਆਖਿਆ ਕਿ ਸ਼ਿਵਰਾਜ ਸਿੰਘ ਵਿਰਕ ਨੇ ਹਮੇਸ਼ਾ ਪਾਰਟੀ ਵੱਲੋਂ ਦਿੱਤੀ ਗਈ ਹਰ ਡਿਊਟੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਇਆ ਹੈ, ਜਿਸ ਕਾਰਨ ਅੱਜ ਪਾਰਟੀ ਵੱਲੋਂ ਇਹ ਅਹੁਦਾ ਉਨ੍ਹਾਂ ਨੂੰ ਦਿੱਤਾ ਗਿਆ ਹੈ।ਉਨ੍ਹਾ ਕਿਹਾ ਕਿ ਪਾਰਟੀ ਵੱਲੋਂ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਹਮੇਸ਼ਾ ਚੰਗੇ ਅਹੁਦੇ ਦੇ ਕੇ ਤੇ ਵੱਡੀਆਂ ਜ਼ਿੰਮੇਵਾਰੀਆਂ ਦੇ ਕੇ ਨਵਾਜਿਆ ਜਾਂਦਾ ਹੈ।ਜਦੋਂਕਿ ਦੂਸਰੀ ਪਾਰਟੀਆਂ ਅੰਦਰ ਪੈਸਿਆਂ ਤੇ ਚਾਪਲੂਸੀ ਕਰਨ ਵਾਲਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ।ਉਨ੍ਹਾ ਕਿਹਾ ਕਿ ਸ਼ਿਵਰਾਜ ਵਿਰਕ ਦੀ ਅਗਵਾਈ ਹੇਠ ਯੂਥ ਵਿੰਗ ਅਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੰਗੀ ਭੂਮਿਕਾ ਨਿਭਾਉਂਦਾ ਹੋਇਆ ਪਾਰਟੀ ਦੀ ਇਕ ਵਾਰ ਮੁੜ ਜਿੱਤ ਵਿੱਚ ਆਪਣਾ ਪੂਰਾ ਯੋਗਦਾਨ ਪਾਵੇਗਾ।

# ਨੰਬਰਦਾਰ ਯੂਨੀਅਨ ਫਿਰੋਜ਼ਪੁਰ ਦੀ ਮੰਗਾਂ ਨੂੰ ਲੈ ਕੇ ਅਹਿਮ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਨੰਬਰਦਾਰ ਯੂਨੀਅਨ ਫਿਰੋਜ਼ਪੁਰ ਦੇ ਅਹੁਦੇਦਾਰਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਪ੍ਰਧਾਨ ਸੁਖਰਾਜ ਸਿੰਘ ਦੀ ਪ੍ਰਧਾਨਗੀ ਹੇਠ ਯੂਨੀਅਨ ਦਫ਼ਤਰ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ, ਜਿਸ ਵਿੱਚ ਨੰਬਰਦਾਰਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਨੂੰ ਹੱਲ ਕਰਵਾਉਣ ਦੇ ਨਾਲ-ਨਾਲ ਕਈ ਅਹਿਮ ਮਤੇ ਪਾਸ ਕੀਤੇ ਗਏ। ਮੀਟਿੰਗ ਵਿੱਚ ਨੰਬਰਦਾਰ ਯੂਨੀਅਨ ਦੇ ਅਹੁਦੇਦਾਰਾਂ ਨੇ ਡੀ ਸੀ ਫਿਰੋਜ਼ਪੁਰ ਤੋਂ ਮੰਗ ਕੀਤੀ ਕਿ ਪਿੰਡਾਂ ਦੀਆਂ ਸਾਰੀਆਂ ਤਸਦੀਕਾਂ ਸਿਰਫ਼ ਨੰਬਰਦਾਰਾਂ ਤੋਂ ਕਰਵਾਈਆਂ ਜਾਣ ਤੇ ਸਾਬਕਾ ਮੈਂਬਰ ਪੰਚਾਇਤ, ਸਰਪੰਚ ਤੇ ਐਡਵੋਕੇਟ ਨੂੰ ਇਹ ਤਸਦੀਕਾਂ ਕਰਨ ਤੋਂ ਰੋਕਿਆ ਜਾਵੇ ਤੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਤਸਦੀਕਾਂ ਨੂੰ ਨਾ ਮੰਨਿਆ ਜਾਵੇ, ਤਾਂ ਜੋ ਜਾਇਦਾਦ ਵਿੱਚ ਹੋਣ ਵਾਲੀਆਂ ਹੇਰਾ-ਫੇਰੀਆਂ ਨੂੰ ਰੋਕਿਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਨੰਬਰਦਾਰਾਂ ਦਾ ਮਾਣ ਭੱਤਾ ਘੱਟੋ-ਘੱਟ 5 ਹਜ਼ਾਰ ਰੁਪਏ ਮਹੀਨਾ ਕੀਤਾ ਜਾਵੇ, ਕਿਉਂਕਿ 1500 ਰੁਪਏ ਦੀ ਰਾਸ਼ੀ ਬਹੁਤ ਹੀ ਘੱਟ ਹੈ। ਇਸ ਤੋਂ ਇਲਾਵਾ ਹਰਿਆਣਾ ਵਿਚ ਵੀ ਨੰਬਰਦਾਰਾਂ ਨੂੰ 3 ਹਜ਼ਾਰ ਰੁਪਏ ਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਸ ਨੂੰ ਦੇਖਦੇ ਹੋਏ ਨੰਬਰਦਾਰਾਂ ਦਾ ਮਾਣ ਭੱਤਾ ਤੁਰੰਤ 5 ਹਜ਼ਾਰ ਰੁਪਏ ਕੀਤਾ ਜਾਵੇ। ਨੰਬਰਦਾਰਾਂ ਦੀ ਮੌਤ ਤੋਂ ਬਾਅਦ ਨਵਾਂ ਨੰਬਰਦਾਰ ਸਿਰਫ਼ ਉਸ ਦੇ ਬੇਟੇ ਜਾਂ ਉਸ ਦੇ ਪਰਿਵਾਰ ਵਿੱਚੋਂ ਬਣਾਇਆ ਜਾਵੇ ਅਤੇ ਨੰਬਰਦਾਰੀ ਨੂੰ ਜੱਦੀ-ਪੁਸ਼ਤੀ (ਪਿਤਾ ਪੁਰਖੀ) ਕੀਤਾ ਜਾਵੇ ਅਤੇ ਨੰਬਰਦਾਰਾਂ ਦੇ ਦਫ਼ਤਰ ਵਿਚ ਇਨਵਰਟਰ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਨੰਬਰਦਾਰ ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਹਨਾਂ ਨੂੰ ਮਜਬੂਰ ਹੋ ਕੇ ਸੰਘਰਸ਼ ਕਰਨਾ ਪਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਨੰਬਰਦਾਰ ਯੂਨੀਅਨ ਤੋਂ ਸੁਖਰਾਜ ਸਿੰਘ ਤਹਿਸੀਲ ਪ੍ਰਧਾਨ ਫਿਰੋਜ਼ਪੁਰ, ਪਰਮਜੀਤ ਸੋਢੀ ਪ੍ਰੈੱਸ ਸਕੱਤਰ, ਰਾਜੇਸ਼ ਕੁਮਾਰ ਖੰਨਾ ਤਹਿਸੀਲ ਸਕੱਤਰ, ਬਲਵਿੰਦਰ ਸਿੰਘ ਸਤੀਏਵਾਲਾ, ਵਿਜੇ ਕੁਮਾਰ ਨੂਰਪੁਰ ਸੇਠਾਂ, ਸੰਪੂਰਨ ਸਿੰਘ ਭਾਵੜਾ ਆਜ਼ਮ ਸ਼ਾਹ, ਅੰਗਰੇਜ਼ ਸਿੰਘ, ਰਾਮ ਦਾਸ, ਬੂਟਾ ਸਿੰਘ, ਬਲਜਿੰਦਰ ਸਿੰਘ, ਤਾਰਾ ਸਿੰਘ, ਸੁਖਵਿੰਦਰ ਸਿੰਘ, ਬਿੱਲਾ, ਜਗਸੀਰ ਸਿੰਘ, ਮੰਗਲ ਸਿੰਘ, ਸਤਪਾਲ ਤੇ ਹੋਰ ਨੰਬਰਦਾਰ ਮੌਜੂਦ ਸਨ।

## ਪੱਤਰਾਕਾਰਾਂ ਤੇ ਆਰ.ਟੀ.ਆਈ ਐਕਟੀਵਿਕਟ 'ਤੇ ਦਰਜ ਪਰਚੇ ਦੀ ਨਿੰਦਾ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਦੇ ਸੂਬਾ ਆਗੂ ਧਰਮਿੰਦਰ ਸਿੰਘ ਭਾਈ ਕੀ ਪਿਸ਼ੌਰ, ਰਾਮਪਾਲ ਸ਼ਰਮਾ ਸੁਨਾਮ, ਹਰਜਿੰਦਰ ਸਿੰਘ ਨੰਗਲਾ, ਮਲਕੀਤ ਸਿੰਘ ਤੂਰਬਣਜਾਰਾ ਤੇ ਸੂਬਾ ਸਿੰਘ ਸੰਗਤਪੁਰਾ ਨੇ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਮਨਿੰਦਰਜੀਤ ਸਿੱਧੂ, ਸੀਨੀਅਰ ਪੱਤਰਕਾਰ ਮਿੰਟੂ ਗੁਰੂਸਰੀਆ, ਆਰ ਟੀ ਆਈ ਐਕਟੀਵਿਜਸਟ ਮਾਨਿਕ ਗੋਇਲ ਸਮੇਤ 10 ਹੋਰ ਪੱਤਰਕਾਰ ਭਾਈਚਾਰੇ ਉੱਤੇ ਪਾਏ ਝੂਠੇ ਪਰਚਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੱਤਰਕਾਰ ਭਾਈਚਾਰੇ ਨਾਲ ਡਟ ਕੇ ਹਮਾਇਤ ਕਰਨ ਦਾ ਐਲਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਸਰਾਸਰ ਲੋਕਤੰਤਰ ਦਾ ਗਲ਼ਾ ਘੁੱਟਣ ਵਾਲ਼ੀ ਗੱਲ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਸਰਕਾਰ ਦੀ ਇਹ ਤਾਨਾਸ਼ਾਹੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

ਲੋਕ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਹਰ ਇਕ ਵਿਅਕਤੀ ਦਾ ਜਮਹੂਰੀ ਹੱਕ ਹੈ।ਇਸ ਨੂੰ ਧੱਕੇ ਨਾਲ ਡਰਾ ਧਮਕਾ ਕੇ ਨਹੀਂ ਖੋਹਿਆ ਜਾ ਸਕਦਾ।ਕੀ ਇਹ ਸਵਾਲ ਕਰਨਾ ਜਾਂ ਪੁੱਛਣਾ ਗੈਰਵਾਜਬ ਹੋ ਗਿਆ ਕ ਮੁੱਖ ਮੰਤਰੀ ਦੀ ਗੈਰ ਹਾਜ਼ਰੀ ਵਿੱਚ ਸਰਕਾਰੀ ਹੈਲੀਕਾਪਟਰ ਦੀ ਦੂਰ ਵਰਤੋਂ ਕੌਣ ਕਰ ਰਿਹਾ ਹੈ? ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਦੇ ਪੈਸੇ ਨੂੰ ਕਿਵੇਂ ਉਡਾਇਆ ਜਾ ਰਿਹਾ ਹੈ? ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਮੰਗ ਕਰਦੀ ਹੈ ਕਿ ਪੱਤਰਕਾਰਾਂ ਉਤੇ ਪਾਏ ਝੂਠੇ ਪਰਚਿਆਂ ਨੂੰ ਫੌਰੀ ਰੱਦ ਕੀਤਾ ਜਾਵੇ ਤੇ ਅੱਗੇ ਤੋਂ ਅਜਿਹਾ ਨਾ ਕਰਨ ਦੀ ਮੁੱਖ ਮੰਤਰੀ ਪੰਜਾਬ ਆਪ ਮਾਫ਼ੀ ਮੰਗਣ।

## ਗਣਤੰਤਰ ਦਿਵਸ ਮਨਾਉਣ ਸਬੰਧੀ ਅਧਿਕਾਰੀਆਂ ਨਾਲ ਕੀਤੀ ਬੈਠਕ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ 26 ਜਨਵਰੀ ਨੂੰ ਗਣਤੰਤਰ ਦਿਵਸ ਕੌਮੀ ਜਜ਼ਬੇ ਤੇ ਦੇਸ਼ ਭਗਤੀ ਨਾਲ ਮਨਾਇਆ ਜਾਵੇਗਾ।

ਸਮਾਗਮ ਸਬੰਧੀ ਅਗੇਤੇ ਪ੍ਰਬੰਧ ਕਰਨ ਹਿੱਤ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ ਆਈ.ਏ.ਐੱਸ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਬੈਠਕ ਕੀਤੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ. ਸੁਭਾਸ਼ ਚੰਦਰ, ਐੱਸ.ਡੀ.ਐੱਮ ਫ਼ਾਜ਼ਿਲਕਾ ਵੀਰਪਾਲ ਕੌਰ 'ਤੇ ਸਹਾਇਕ ਕਮਿਸ਼ਨਰ ਅਮਨਦੀਪ ਸਿੰਘ ਮਾਵੀ ਵੀ ਹਾਜ਼ਰ ਸਨ। ਬੈਠਕ ਦੌਰਾਨ ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਪੂਰੀ ਧੂਮਧਾਮ ਨਾਲ ਮਨਾਇਆ ਜਾਵੇਗਾ।ਇਸ ਲਈ ਸਾਰੇ ਵਿਭਾਗ ਹੁਣ ਤੋਂ ਹੀ ਤਿਆਰੀਆਂ ਆਰੰਭ ਕਰ ਦੇਣ।ਡਿਪਟੀ ਕਮਿਸ਼ਨਰ ਨੇ ਪੁਲਸ ਵਿਭਾਗ ਨੂੰ ਪਾਰਕਿੰਗ ਵਿਵਸਥਾ ਕਰਨ ਦੇ ਨਾਲ ਨਾਲ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧ ਕਰਨ ਲਈ ਕਿਹਾ, ਸਿਹਤ ਵਿਭਾਗ ਨੂੰ ਮੈਡੀਕਲ ਟੀਮਾਂ ਦੀ ਤਾਇਨਾਤੀ ਤੇ ਦਵਾਈਆਂ ਆਦਿ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ।

# ਇਸਲਾਮੀਆ ਪਬਲਿਕ ਸਕੂਲ ਲਈ 51.38 ਲੱਖ ਦੀ ਪਹਿਲੀ ਕਿਸ਼ਤ ਜਾਰੀ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਪੰਜਾਬ ਵਕਫ਼ ਬੋਰਡ ਦੇ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ ਨੇ ਦੱਸਿਆ ਕਿ ਪੰਜਾਬ ਵਕਫ਼ ਬੋਰਡ ਵੱਲੋਂ ਇਸਲਾਮੀਆ ਪਬਲਿਕ ਸਕੂਲ ਦੁਗਨੀ ਦੇ ਨਵੀਨੀਕਰਨ ਤੇ ਵਿਕਾਸ ਲਈ ਵੱਡਾ ਕਦਮ ਚੁੱਕਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਕੂਲ ਦੀ ਮੌਜੂਦਾ ਹਾਲਤ ਨੂੰ ਸੁਧਾਰਨ ਤੇ ਵਿਦਿਆਰਥੀਆਂ ਲਈ ਆਧੁਨਿਕ ਸਹੂਲਤਾਂ ਮੁਹੱਈਆ ਕਰਾਉਣ ਲਈ ਲਗਭਗ 1 ਕਰੋੜ 70 ਲੱਖ ਰੁਪਏ ਦਾ ਵਿਸਥਾਰਤ ਤਖਮੀਨਾ ਮਨਜ਼ੂਰ ਕੀਤਾ ਗਿਆ ਹੈ।ਡਾ. ਭਸੌੜ ਨੇ ਦੱਸਿਆ ਕਿ ਇਸ ਤਖਮੀਨੇ ਦੀ ਪਹਿਲੀ ਕਿਸ਼ਤ ਵਜੋਂ 51 ਲੱਖ 38 ਹਜ਼ਾਰ ਰੁਪਏ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਮੁਹੰਮਦ ਉਵੈਸ ਵੱਲੋਂ ਜਾਰੀ ਕਰ ਦਿੱਤੇ ਗਏ ਹਨ, ਜਿਸ ਨਾਲ ਸਕੂਲ ਦੇ ਨਵੀਨੀਕਰਨ ਦੇ ਕੰਮ ਨੂੰ ਤੁਰੰਤ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਰਕਮ ਨਾਲ ਸਕੂਲ ਦੀ ਇਮਾਰਤ, ਕਲਾਸਰੂਮਾਂ, ਬੁਨਿਆਦੀ ਢਾਂਚੇ ਤੇ ਹੋਰ ਸਿੱਖਿਆ ਸੰਬੰਧੀ ਸਹੂਲਤਾਂ ਨੂੰ ਬਿਹਤਰ ਬਣਾਇਆ ਜਾਵੇਗਾ।ਉਨ੍ਹਾਂ ਹੋਰ ਦੱਸਿਆ ਕਿ ਇਸਲਾਮੀਆ ਪਬਲਿਕ ਸਕੂਲ ਦੁਗਨੀ ਵਿੱਚ ਦਾਖਲੇ ਮੌਜੂਦਾ ਵਿਦਿਆਕ ਸੈਸ਼ਨ ਤੋਂ ਹੀ ਸ਼ੁਰੂ ਕੀਤੇ ਜਾਣਗੇ ਤੇ ਭਵਿੱਖ ਵਿੱਚ ਇਸ ਸਕੂਲ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗਰੇਡ ਕੀਤਾ ਜਾਵੇਗਾ।ਡਾ. ਅਨਵਰ ਭਸੌੜ ਨੇ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਨਿੱਜੀ ਸਕੂਲਾਂ ਦੇ ਸਮਾਨ ਗੁਣਵੱਤਾਪੂਰਨ ਸਿੱਖਿਆ, ਅਨੁਭਵੀ ਅਧਿਆਪਕ ਅਤੇ ਅਧੁਨਿਕ ਪਾਠ ਸਾਧਨ ਪ੍ਰਦਾਨ ਕੀਤੇ ਜਾਣਗੇ, ਤਾਂ ਜੋ ਇਲਾਕੇ ਦੇ ਬੱਚੇ ਬਿਹਤਰ ਭਵਿੱਖ ਵੱਲ ਅੱਗੇ ਵਧ ਸਕਣ।

## ਲਾਇਨਜ਼ ਕਲੱਬ ਮਿੱਡ ਟਾਊਨ ਨੇ ਨਵਾਂ ਸਾਲ ਧੂਮਧਾਮ ਨਾਲ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਲਾਇਨਜ਼ ਕਲੱਬ ਮਿੱਡ ਟਾਊਨ ਵੱਲੋਂ ਨਵਾਂ ਸਾਲ ਹੋਟਲ ਸਟਾਰ ਓਮ ਜੀ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਲਾਲ ਚੰਦ ਮੰਗਲਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ ਤੇ ਨਵੇਂ ਸਾਲ 2026 ਨੂੰ ਜੀ ਆਇਆਂ ਕਿਹਾ ਗਿਆ। ਲਾਇਨਜ਼ ਕਲੱਬ ਮਿੱਡ ਟਾਊਨ ਦੇ ਮੈਂਬਰਾਂ ਵੱਲੋਂ ਗੇਮਾਂ ਖਿਲਾਈਆਂ ਗਈਆਂ। ਇਸ ਤੋਂ ਬਾਅਦ ਮੈਂਬਰਾਂ ਵੱਲੋਂ ਡਾਂਸ ਵੀ ਕੀਤਾ ਗਿਆ ਤੇ ਕੇਕ ਵੀ ਕੱਟਿਆ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਲਾਲ ਚੰਦ ਮੰਗਲਾ, ਸੈਕਟਰੀ ਮਨੀਸ਼ ਚੁੱਘ, ਖਜ਼ਾਨਚੀ ਮੁਨੀਸ਼ ਬਾਂਸਲ, ਰਾਕੇਸ਼ ਜੈਨ ਫੰਕਸ਼ਨ ਚੇਅਰਮੈਨ, ਚਰਨਜੀਤ ਸਿੰਘ ਭੰਡਾਰੀ ਰਿਜਨ ਚੇਅਰਮੈਨ, ਸੁਭਾਸ਼ ਗਰਗ, ਰਾਕੇਸ਼ ਸਿੰਗਲਾ, ਸੰਜੇ ਬੰਸਲ, ਅੰਮ੍ਰਿਤ ਲਾਲ ਗੋਇਲ, ਭੂਸ਼ਣ ਗੋਇਲ, ਲਲਿਤ ਅੱਗਰਵਾਲ, ਰਾਜਿੰਦਰ ਚੌਹਾਨ, ਨਰਿੰਦਰ ਕੋਚਰ, ਅਜੈ ਬੰਸਲ, ਲੋਕੇਸ਼ ਟੰਡਨ, ਸਤੀਸ਼ ਗਰਗ, ਸੁਖਦੇਵ ਗਰਗ ਇਕਬਾਲ ਸਿੰਘ ਟੱਕਰ, ਡਾਕਟਰ ਪਰਮਿੰਦਰ ਸਿੰਘ ਪੂਰੇ ਮੈਂਬਰ ਪਰਿਵਾਰ ਸਮੇਤ ਹਾਜ਼ਰ ਸਨ।

## ਸਿਵਲ ਸਰਜਨ ਵੱਲੋਂ ਐੱਸ ਐੱਮ ਓ ਤੇ ਸੀ ਐੱਚ ਓ ਨਾਲ ਵਰਚੂਅਲ ਮੀਟਿੰਗ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਦਫਤਰ ਵਿਖੇ ਸੀਨੀਅਰ ਮੈਡੀਕਲ ਅਫਸਰਾਂ ਅਤੇ ਕਮਿਊਨਿਟੀ ਹੈਲਥ ਅਫਸਰਾਂ ਨਾਲ ਵਰਚੁਅਲ ਮੀਟਿੰਗ ਕੀਤੀ ਗਈ।ਉਨ੍ਹਾਂ ਆਯੁਸ਼ਮਾਨ ਆਰੋਗਿਆ ਕੇਂਦਰਾ ਵਿੱਚ ਉਪਲਬਧ ਕਰਾਈਆਂ ਜਾ ਰਹੀਆਂ ਗੈਰ-ਸੰਚਾਰੀ ਬਿਮਾਰੀਆਂ ਸਬੰਧੀ ਸੇਵਾਵਾਂ ਦਾ ਜਾਇਜ਼ਾ ਲਿਆ।ਸਿਵਲ ਸਰਜਨ ਨੇ ਕਿਹਾ ਕਿ ਗੈਰ-ਸੰਚਾਰੀ ਸੇਵਾਵਾਂ ਦਾ ਦਿੱਤਾ ਗਿਆ ਟੀਚਾ ਪੂਰਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਹਰੇਕ 30 ਸਾਲ ਤੋਂ ਉਪਰ ਵਿਅਕਤੀ ਦੀ ਸ਼ੂਗਰ ਤੇ ਬੀ.ਪੀ ਦੀ ਜਾਂਚ ਕੀਤੀ ਜਾਵੇ ਅਤੇ ਇਸਦੇ ਨਾਲ ਹੀ ਕੇਂਸਰ ਸਕਰੀਨਿੰਗ ਦਾ ਬਣਦਾ ਟੀਚਾ ਪੂਰਾ ਕੀਤਾ ਜਾਵੇ।ਉਨ੍ਹਾਂ ਆਯੁਸ਼ਮਾਨ ਆਰੋਗਿਆ ਕੇਂਦਰਾ ਵਿੱਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਕਰਨ ਲਈ ਸਟਾਫ ਨੂੰ ਤਨਦੇਹੀ ਨਾਲ ਕੰਮ ਕਰਨ ਦੀ ਅਪੀਲ ਵੀ ਕੀਤੀ।

## ਸ਼ਹੀਦਾਂ ਦੀ ਯਾਦ ਨੂੰ ਸਮਰਪਤ ਦਸਤਾਰ ਮੁਕਾਬਲੇ ਕਰਾਏ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਤੇ ਬਾਬਾ ਗੱਜਣ ਸ਼ਾਹ ਜੀ ਦੀ ਯਾਦ 'ਚ ਪਿੰਡ ਪੰਡੋਰੀ (ਬਰਨਾਲਾ) ਵਿਖੇ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਦਸਤਾਰ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਤਹਿਤ ਨੌਜਵਾਨ ਆਗੂ ਕੁਲਵੰਤ ਸਿੰਘ ਫ਼ੌਜੀ ਦੇ ਉੱਦਮ ਸਦਕਾ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਦਸਤਾਰ ਮੁਕਾਬਲੇ ਕਰਾਏ ਗਏ।ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਮਨਦੀਪ ਸਿੰਘ ਖੁਰਦ ਨੇ ਦੱਸਿਆ ਕਿ ਦਸਤਾਰ ਮੁਕਾਬਲੇ ਦੌਰਾਨ 60 ਦੇ ਕਰੀਬ ਬੱਚਿਆਂ ਨੇ ਭਾਗ ਲਿਆ।ਜੇਤੂ ਬੱਚਿਆਂ ਨੂੰ ਦਸਤਾਰਾਂ, ਨਕਦ ਇਨਾਮ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪ੍ਰਸੰਸਾ ਪੱਤਰ, ਮੈਡਲ, ਤੇ ਧਾਰਮਿਕ ਕਿਤਾਬਾਂ ਨਾਲ ਸਨਮਾਨਤ ਕੀਤਾ ਗਿਆ।ਭਾਈ ਮਨਦੀਪ ਸਿੰਘ ਖੁਰਦ ਨੇ ਜੇਤੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੇਸ ਗੁਰੂ ਦੀ ਮੋਹਰ ਹਨ ਤੇ ਦਸਤਾਰ ਸਾਡੀ ਸ਼ਾਨ ਹੈ, ਇਸ ਲਈ ਸਾਨੂੰ ਆਪਣੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਪਹਿਰਾ ਦੇਣ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਨੌਜਵਾਨ ਪੀੜ੍ਹੀ ਨੂੰ ਦਸਤਾਰ ਨਾਲ ਜੋੜਨ ਲਈ ਵਿਸ਼ਵ ਪੱਧਰੀ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੁਹਿੰਮ ਤਹਿਤ ਹਜ਼ਾਰਾਂ ਨੌਜਵਾਨ ਬਾਣੀ-ਬਾਣੇ ਨਾਲ ਜੁੜ ਰਹੇ ਹਨ।

## ਪੰਚਾਇਤ ਸਕੱਤਰ ਅਮਰੀਕ ਸਿੰਘ ਨੂੰ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਚਾਇਤ ਵਿਭਾਗ ਵਿੱਚ ਲੰਬਾ ਸਮਾਂ ਬਤੌਰ ਪੰਚਾਇਤ ਸੈਕਟਰੀ ਕੰਮ ਕਰਨ ਵਾਲੇ ਅਮਰੀਕ ਸਿੰਘ ਆਪਣੀ ਸ਼ਾਨਦਾਰ ਨੌਕਰੀ ਉਪਰੰਤ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਸਥਾਨਕ ਮਿਲਨ ਰੈਜ਼ੀਡੈਂਸੀ ਵਿਖੇ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਵਿਦਾਇਗੀ ਪਾਰਟੀ 'ਚ ਵਿਭਾਗ ਦੇ ਅਧਿਕਾਰੀਆਂ, ਉਨ੍ਹਾਂ ਦੇ ਸਹਿਕਰਮੀਆਂ ਤੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਵਿਦਾਇਗੀ ਪਾਰਟੀ ਦੌਰਾਨ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਤੜਾਂ ਬਘੇਲ ਸਿੰਘ ਨੇ ਕਿਹਾ ਕਿ ਕਿਸੇ ਵੀ ਸਰਕਾਰੀ ਕਰਮਚਾਰੀ ਲਈ ਸਭ ਤੋਂ ਖੁਸ਼ੀ ਦਾ ਪਲ ਉਹ ਹੁੰਦਾ ਹੈ, ਜਦੋਂ ਉਹ ਆਪਣੀ ਨੌਕਰੀ ਦੇ ਸਫਰ ਨੂੰ ਸ਼ਾਨਦਾਰ ਢੰਗ ਨਾਲ ਖਤਮ ਕਰਕੇ ਸੇਵਾ ਮੁਕਤੀ ਹਾਸਲ ਕਰਦਾ ਹੈ।ਉਨ੍ਹਾਂ ਕਿਹਾ ਕਿ ਪੰਚਾਇਤ ਸਕੱਤਰ ਅਮਰੀਕ ਸਿੰਘ ਜਿੱਥੇ ਇੱਕ ਮਿਹਨਤੀ ਵਿਅਕਤੀ ਸੀ, ਉੱਥੇ ਮਿਲਣਸਾਰ ਸੁਭਾਅ ਵਾਲਾ ਹੋਣ ਕਾਰਨ ਉਨ੍ਹਾਂ ਦੀ ਦੋਸਤੀ ਦਾ ਦਾਇਰਾ ਨਾ ਸਿਰਫ ਵਿਭਾਗ ਦੇ ਕਰਮਚਾਰੀਆਂ ਤੱਕ ਸਗੋਂ ਪਿੰਡਾਂ ਦੀਆਂ ਪੰਚਾਇਤਾਂ ਤੇ ਹੋਰ ਪਤਵੰਤਿਆਂ ਨਾਲ ਬੜਾ ਗਹਿਰਾਈ ਵਾਲਾ ਸੀ।ਬੇਦਾਗ ਢੰਗ ਨਾਲ ਆਪਣੀ ਸਰਵਿਸ ਪੂਰੀ ਕਰਨੀ ਜਿੱਥੇ ਅਮਰੀਕ ਸਿੰਘ ਦੀ ਵੱਡੀ ਪ੍ਰਾਪਤੀ ਹੈ, ਉੱਥੇ ਸਰਵਿਸ ਦੌਰਾਨ ਨਿਧੜਕ ਰਹਿ ਕੇ ਕੰਮ ਕਰਨਾ ਵੀ ਉਨ੍ਹਾਂ ਦਾ ਇੱਕ ਵੱਡਾ ਗੁਣ ਸਾਬਿਤ ਹੋਇਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਚਰਨਜੀਤ ਸਿੰਘ ਸੰਧੂ, ਸਾਬਕਾ ਸਰਪੰਚ ਬੂਟਾ ਸਿੰਘ ਗੁਲਾਹੜ, ਰਣਧੀਰ ਸਿੰਘ ਧੀਰੀ, ਭੁਪਿੰਦਰਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਚਾਇਤ ਸਕੱਤਰ ਤੇ ਦਫਤਰ ਦੇ ਸਾਥੀ ਕਰਮਚਾਰੀ ਹਾਜ਼ਰ ਸਨ।

## ਵਿਧਾਇਕ ਰਾਏ ਹੰਸਾਲੀ ਸਾਹਿਬ ਵਿਖੇ ਹੋਏ ਨਤਮਸਤਕ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਬਰਸੀ ਹੰਸਾਲੀ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਦੇ ਨਾਲ ਮਨਾਈ ਗਈ।ਇਸ ਮੌਕੇ ਦੂਰ ਦੁਰਾਡੇ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਗੁਰੂ ਘਰੋਂ ਆਸ਼ੀਰਵਾਦ ਪ੍ਰਾਪਤ ਕੀਤਾ।ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੀ ਗੁਰੂ ਘਰ ਨਤਮਸਤਕ ਹੋਣ ਲਈ ਪਹੁੰਚੇ।ਗੱਦੀ ਨਸ਼ੀਨ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਵਾਲਿਆਂ ਤੋਂ ਸਿਰੋਪਾਓ ਪ੍ਰਾਪਤ ਕੀਤਾ।ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਏ ਨੇ ਕਿਹਾ ਕਿ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਬਹੁਤ ਹੀ ਕਰਨੀ ਦੇ ਮਾਲਕ ਸਨ।ਉਨ੍ਹਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੇਸ਼ ਵਿਦੇਸ਼ ਤੋਂ ਇੱਥੇ ਪਹੁੰਚਦੀਆਂ ਸਨ।ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਉੱਤੇ ਹੁਣ ਸਦਾ ਹੀ ਮੇਲੇ ਲੱਗਦੇ ਹਨ।ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੇ ਆਪਣਾ ਸਮੁੱਚਾ ਜੀਵਨ ਮਾਨਵਤਾ ਦੀ ਸੇਵਾ ਵਿੱਚ ਲਗਾਇਆ ਹੈ।ਉਨ੍ਹਾਂ ਨੇ ਹਮੇਸ਼ਾ ਹੀ ਲੋੜਵੰਦਾਂ, ਦੁਖੀਆਂ ਤੇ ਜ਼ਰੂਰਤਮੰਦਾਂ ਦੀ ਬਾਂਹ ਫੜੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮੇਸ਼ ਪੂਨੀਆ, ਪ੍ਰਿਤਪਾਲ ਜੱਸੀ, ਬਲਕਾਰ ਸਿੰਘ ਨਬੀਪੁਰ, ਪੀਏ ਸਤੀਸ਼ ਲਟੌਰ ਆਦਿ ਹਾਜ਼ਰ ਸਨ।

## ਵਿਕਾਸ ਕਾਰਜਾਂ ਦੀ ਰਫ਼ਤਾਰ ਨਿਰਵਿਘਨ ਜਾਰੀ ਰਹੇਗੀ : ਸ਼ੈਰੀ ਕਲਸੀ

**ਬਟਾਲਾ : ( ਡਾ. ਮਲਵਿੰਦਰ ਸਿੰਘ)-** ਜਿਸ ਤਰ੍ਹਾਂ ਪਿਛਲੇ ਕਰੀਬ ਚਾਰ ਸਾਲਾਂ ਦੌਰਾਨ ਹਲਕੇ ਬਟਾਲਾ ਅੰਦਰ ਚਹੁਪੱਖੀ ਵਿਕਾਸ ਕਾਰਜ ਕਰਵਾਏ ਗਏ ਹਨ, ਉਸੇ ਰਫ਼ਤਾਰ ਨਾਲ ਨਵੇਂ ਸਾਲ 2026 ਵਿੱਚ ਵੀ ਵਿਕਾਸ ਕਾਰਜਾਂ ਦੀ ਰਫ਼ਤਾਰ ਜਾਰੀ ਰਹੇਗੀ ਤੇ ਲੋਕਾਂ ਦੀਆਂ ਪਹਿਲ ਦੇ ਆਧਾਰ 'ਤੇ ਮੁਸ਼ਕਿਲਾਂ ਹੱਲ ਕੀਤੀਆਂ ਜਾਣਗੀਆਂ।



ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ-ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ ਤੋਂ ਪੱਤੀ ਰਿਆੜ ਦੀਆਂ ਲਿੰਕ ਸੜਕਾਂ ਨੂੰ 18 ਫੁੱਟ ਚੌੜਾ ਤੇ ਮਜ਼ਬੂਤ ਕਰਨ ਲਈ ਕੰਮ ਸ਼ੁਰੂ ਕਰਵਾਉਣ ਉਪਰੰਤ ਕੀਤਾ।ਹਲਕਾ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸੂਬੇ ਭਰ ਵਿੱਚ ਲੋਕਾਂ ਦੇ ਹਿੱਤ ਵਿੱਚ ਵੱਡੇ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਬਟਾਲੇ ਹਲਕੇ ਅੰਦਰ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਚਹੁਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ।

## ਓ ਟੀ ਐੱਸ ਨੂੰ 31 ਮਾਰਚ ਤਕ ਵਧਾਉਣ ਦੇ ਸਰਕਾਰੀ ਫੈਸਲੇ ਦਾ ਵਪਾਰੀਆਂ ਵੱਲੋਂ ਭਰਵਾਂ ਸਵਾਗਤ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਦੇ ਵਪਾਰੀ ਅਤੇ ਵਪਾਰਕ ਭਾਈਚਾਰੇ ਨੇ ਪੰਜਾਬ ਸਰਕਾਰ ਦੇ ਯਕਮੁਸ਼ਤ ਨਿਪਟਾਰਾ ਯੋਜਨਾ (ਓਟੀਐੱਸ) 2025 ਨੂੰ 31 ਮਾਰਚ 2026 ਤੱਕ ਵਧਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ, ਜਿਸਨੂੰ ਇੱਕ ਬਹੁਤ ਹੀ ਪ੍ਰਗਤੀਸ਼ੀਲ ਅਤੇ ਵਪਾਰੀ-ਪੱਖੀ ਕਦਮ ਦੱਸਿਆ ਹੈ।ਰਾਜ ਭਰ ਦੇ ਵਪਾਰੀਆਂ ਵੱਲੋਂ ਧੰਨਵਾਦ ਪ੍ਰਗਟ ਕਰਦੇ ਹੋਏ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਪਾਰਕ ਭਾਈਚਾਰੇ ਦੇ ਲੰਬੇ ਸਮੇਂ ਤੋਂ ਲਟਕ ਰਹੇ ਟੈਕਸ-ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਸੰਵੇਦਨਸ਼ੀਲ ਅਤੇ ਵਿਹਾਰਕ ਪਹੁੰਚ ਲਈ ਧੰਨਵਾਦ ਕੀਤਾ। ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਓਟੀਐੱਸ ਯੋਜਨਾ ਦਾ ਵਿਸਥਾਰ ਵਪਾਰੀਆਂ ਅਤੇ ਉਦਯੋਗਾਂ ਨੂੰ ਦਰਪੇਸ਼ ਵਿਹਾਰਕ ਮੁਸ਼ਕਲਾਂ, ਖਾਸ ਕਰਕੇ ਸਾਲ ਦੀ ਆਖਰੀ ਤਿਮਾਹੀ ਦੌਰਾਨ ਦੇਖੇ ਗਏ ਭਾਰੀ ਪਾਲਣਾ ਬੋਝ ਅਤੇ ਪ੍ਰਕਿਰਿਆਤਮਕ ਚੁਣੌਤੀਆਂ ਦੀ ਰਾਜ ਸਰਕਾਰ ਦੀ ਡੂੰਘੀ ਸਮਝ ਨੂੰ ਦਰਸਾਉਂਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਇਹ ਸਕੀਮ ਜੀਐੱਸਟੀ ਤੋਂ ਪਹਿਲਾਂ ਦੇ ਕਾਨੂੰਨਾਂ, ਜਿਸ ਵਿੱਚ ਵੈਟ ਅਤੇ ਕੇਂਦਰੀ ਵਿਕਰੀ ਟੈਕਸ ਸ਼ਾਮਲ ਹਨ, ਅਧੀਨ ਵਿਰਾਸਤੀ ਵਿਵਾਦਾਂ ਨਾਲ ਨਜਿੱਠਣ ਵਾਲੇ ਕਾਰੋਬਾਰਾਂ ਲਈ ਇੱਕ ਵੱਡੀ



ਰਾਹਤ ਵਜੋਂ ਉਭਰੀ ਹੈ।ਉਨ੍ਹਾਂ ਅੱਗੇ ਕਿਹਾ ਕਿ ਓਟੀਐੱਸ ਸਕੀਮ ਨੂੰ 31 ਮਾਰਚ, 2026 ਤੱਕ ਵਧਾਉਣ ਦਾ ਫੈਸਲਾ, ਪੰਜਾਬ ਸਰਕਾਰ ਦੀ ਕਾਰੋਬਾਰ-ਪੱਖੀ ਮਾਹੌਲ ਬਣਾਉਣ ਅਤੇ ਸਵੈ-ਇੱਛਤ ਪਾਲਣਾ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਵਿਆਜ, ਜੁਰਮਾਨੇ ਅਤੇ ਯੋਗ ਟੈਕਸ ਰਕਮਾਂ ਤੇ ਮਹੱਤਵਪੂਰਨ ਛੋਟਾਂ ਨੇ ਵਪਾਰੀਆਂ ਵਿੱਚ ਵਿਸ਼ਵਾਸ ਪੈਦਾ ਕੀਤਾ ਹੈ ਅਤੇ ਉਨ੍ਹਾਂ ਨੂੰ ਅੱਗੇ ਆਉਣ ਅਤੇ ਲੰਬੇ ਸਮੇਂ ਤੋਂ ਲੰਬਿਤ ਬਕਾਏ ਦਾ ਨਿਪਟਾਰਾ ਕਰਨ ਲਈ ਉਤਸ਼ਾਹਿਤ ਕੀਤਾ ਹੈ।ਚੇਅਰਮੈਨ ਅਨਿਲ ਠਾਕੁਰ ਨੇ ਅੱਗੇ ਕਿਹਾ ਕਿ ਇਸ ਸਕੀਮ ਅਧੀਨ ਪ੍ਰਾਪਤ ਹੋਈਆਂ ਵੱਡੀ ਗਿਣਤੀ ਅਰਜ਼ੀਆਂ ਸਪੱਸ਼ਟ ਤੌਰ 'ਤੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਵਿੱਚ ਵਪਾਰਕ ਭਾਈਚਾਰੇ ਦੇ ਵਿਸ਼ਵਾਸ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਵਾਧਾ ਬਾਕੀ ਯੋਗ ਵਪਾਰੀਆਂ ਨੂੰ ਆਪਣੀਆਂ ਦੇਣਦਾਰੀਆਂ ਦਾ ਸਹੀ ਮੁਲਾਂਕਣ ਕਰਨ ਅਤੇ ਬਿਨਾਂ ਕਿਸੇ ਦਬਾਅ ਦੇ ਇਸ ਇੱਕ-ਵਾਰੀ ਮੌਕੇ ਦਾ ਫਾਇਦਾ ਉਠਾਉਣ ਦੀ ਆਗਿਆ ਦੇਵੇਗਾ।

ਉਨ੍ਹਾਂ ਪੰਜਾਬ ਦੇ ਸਾਰੇ ਵਪਾਰੀਆਂ, ਉਦਯੋਗਪਤੀਆਂ ਅਤੇ ਚੌਲ ਮਿੱਲਰਾਂ ਨੂੰ ਅਪੀਲ ਕੀਤੀ ਕਿ ਉਹ ਵਧਾਈ ਗਈ ਮਿਆਦ ਦਾ ਸਮਝਦਾਰੀ ਅਤੇ ਵਿਆਪਕ ਵਰਤੋਂ ਕਰਨ ਅਤੇ ਸੋਧੀ ਹੋਈ ਸਮਾਂ-ਸੀਮਾ ਦੇ ਅੰਦਰ ਓਟੀਐੱਸ ਸਕੀਮ ਦੀ ਚੋਣ ਕਰਨ।ਇਹ ਬਕਾਇਆਂ ਦਾ ਨਿਪਟਾਰਾ ਕਰਨ, ਭਵਿੱਖ ਵਿੱਚ ਮੁਕੱਦਮੇਬਾਜ਼ੀ ਤੋਂ ਬਚਣ ਅਤੇ ਨਵੇਂ ਵਿੱਤੀ ਸਾਲ ਦੀ ਸ਼ੁਰੂਆਤ ਸਾਫ਼-ਸੁਥਰੀ ਸਲੇਟ ਨਾਲ ਕਰਨ ਦਾ ਇੱਕ ਕੀਮਤੀ ਮੌਕਾ ਹੈ।ਵਪਾਰੀ ਭਾਈਚਾਰੇ ਨੂੰ ਸਮੇਂ ਸਿਰ ਭਾਗੀਦਾਰੀ ਅਤੇ ਪਾਲਣਾ ਨੂੰ ਯਕੀਨੀ ਬਣਾ ਕੇ ਸਰਕਾਰ ਦੇ ਸਾਕਾਰਾਤਮਕ ਇਰਾਦੇ ਦਾ ਸਮਰਥਨ ਕਰਨਾ ਚਾਹੀਦਾ ਹੈ।

## ਪ੍ਰੈੱਸ ਐਸੋਸੀਏਸ਼ਨ ਫ਼ਤਿਹਗੜ੍ਹ ਚੂੜੀਆਂ ਨੇ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

ਫ਼ਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)- ਲੋਕਤੰਤਰ ਦੇ ਚੌਥਾ ਥੰਮ੍ਹ ਮੀਡੀਆ ਨੂੰ ਅੱਜ ਸਮੇਂ ਦੀਆਂ ਸਰਕਾਰਾਂ ਕਰਕੇ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪੁਲਸ ਵੱਲੋਂ ਪੰਜਾਬ ਦੇ ਕੁੱਝ ਪੱਤਰਕਾਰਾਂ ਵਿਰੁੱਧ ਕੀਤਾ ਗਿਆ ਪਰਚਾ ਨਾ ਸਿਰਫ਼ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਹੈ ਬਲਕਿ ਦੇਸ਼ ਅੰਦਰ ਬੋਲਣ ਅਤੇ ਲਿਖਣ ਦੀ ਆਜ਼ਾਦੀ 'ਤੇ ਵੀ ਹਮਲਾ ਹੈ।ਇਸ ਤੋਂ ਸਿੱਧਾ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਆਪਣੀਆਂ ਗਲਤ ਨੀਤੀਆਂ ਵਿਰੁੱਧ ਉਠਣ ਵਾਲੀ ਹਰ ਆਵਾਜ਼, ਅਤੇ ਸਰਕਾਰ ਤੋਂ ਸਵਾਲ ਪੁੱਛਣ ਵਾਲੇ ਹਰ ਸਖ਼ਸ਼ ਨੂੰ ਦਬਾਉਣਾ ਚਾਹੁੰਦੀ ਹੈ। ਇਸ ਸੰਬੰਧੀ ਪ੍ਰੈੱਸ ਐਸੋਸੀਏਸ਼ਨ ਫ਼ਤਿਹਗੜ੍ਹ ਚੂੜੀਆਂ ਦੇ ਪ੍ਰਧਾਨ ਬਿਕਰਮਜੀਤ ਸਿੰਘ ਦੀ ਅਗਵਾਈ ਵਿੱਚ ਇਕ ਅਹਿਮ ਮੀਟਿੰਗ ਕਰਕੇ ਪੰਜਾਬ ਦੇ ਪੱਤਰਕਾਰ ਸਾਥੀ ਮਿੰਟੂ ਗੁਰੂਸਰੀਆ ਅਤੇ ਮਨਜਿੰਦਰ ਸਿੰਘ ਸਿੱਧੂ ਤੇ ਕੀਤੇ ਗਏ ਕਥਿਤ ਪਰਚੇ ਵਿਰੁੱਧ ਸਰਕਾਰ ਦੀ ਨਿੰਦਾ ਕੀਤਾ ਅਤੇ ਇਸਨੂੰ ਪੱਤਰਕਾਰਾਂ ਦਾ ਦਮਨ ਦੱਸਿਆ।

ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੇ ਸਿਰਫ਼ ਆਪਣੀ ਜ਼ਿੰਮੇਵਾਰੀ ਨਿਭਾਈ ਸੀ ਅਤੇ ਜਾਣਕਾਰੀ ਹਾਸਿਲ ਕਰਨੀ ਚਾਹੀ ਸੀ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਜਪਾਨ ਦੌਰੇ 'ਤੇ ਹਨ ਤਾਂ ਉਨ੍ਹਾਂ ਦਾ ਹੈਲੀਕਾਪਟਰ ਕੌਣ ਚਲਾ ਰਿਹਾ ਹੈ, ਜਿਸ ਕਰਕੇ ਪੰਜਾਬ ਸਰਕਾਰ ਵੱਲੋਂ



ਬਿਨਾਂ ਸੋਚੇ ਇਨ੍ਹਾਂ ਦੋਨੋਂ ਤੋਂ ਇਲਾਵਾ ਹੋਰ ਲੋਕਾਂ 'ਤੇ ਪਰਚਾ ਦਰਜ ਕਰ ਦਿੱਤਾ।ਐਸੋਸੀਏਸ਼ਨ ਦੇ ਮੈਂਬਰ ਰੋਜ਼ੀ ਸਿੰਘ, ਪ੍ਰੀਤਮ ਸਰਪੰਚ, ਧਰਮਿੰਦਰ ਬਾਠ, ਰਜਿੰਦਰ ਸਿੰਘ ਬੰਟੂ, ਰਮੇਸ਼ ਸੋਨੀ, ਮਨਜਿੰਦਰਪ੍ਰੀਤ ਸਿੰਘ ਗੋਲਡੀ, ਪੰਕਜ ਪਾਂਧੀ, ਰਾਜਨ ਸ਼ਰਮਾ, ਚਰਨਜੀਤ ਸਿੰਘ ਚੰਨ ਅਤੇ ਹੋਰ ਮੈਂਬਰਾਂ ਨੇ ਐੱਸ ਡੀ ਐੱਮ ਮੈਡਮ ਨੂੰ ਇਕ ਮੰਗ ਪੱਤਰ ਸੌਂਪਿਆ, ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਪੱਤਰਕਾਰਾਂ 'ਤੇ ਕੀਤੇ ਕਥਿਤ ਪਰਚੇ ਰੱਦ ਕਰੇ ਨਹੀਂ ਤਾਂ ਆਉਣ ਵਾਲੇ ਦਿਨਾਂ 'ਚ ਪੰਜਾਬ ਸਰਕਾਰ ਵਿਰੁੱਧ ਵੱਡਾ ਸੰਘਰਸ਼ ਵਿੱਢਿਆ ਜਾਵੇਗਾ ਕਿਉਂਕਿ ਪੰਜਾਬ ਸਰਕਾਰ ਪੱਤਰਕਾਰਾਂ ਨੂੰ ਕੋਈ ਸਹੂਲਤ ਦੇਣ ਦੀ ਬਜਾਏ, ਉਲਟਾ ਪੱਤਰਕਾਰਾਂ ਤੰਗ ਪ੍ਰੇਸ਼ਾਨ ਕਰਨ 'ਤੇ ਬਾਜ਼ਿਦ ਹੈ।

## ਨਵੇਂ ਸਾਲ ਦੀ ਆਮਦ 'ਤੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਪੱਟੀ : (ਬਲਦੇਵ ਸਿੰਘ ਸੰਧੂ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੇਵਾ ਕੇਂਦਰ ਪੱਟੀ ਦੇ ਕਰਮਚਾਰੀਆਂ ਵੱਲੋਂ ਨਵੇਂ ਸਾਲ ਦੀ ਆਮਦ ਨੂੰ ਲੈ ਕੇ ਸਰਬੱਤ ਦੇ ਭਲੇ ਲਈ ਸੇਵਾ ਕੇਂਦਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ।



ਸਰਬੱਤ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਗੁਰੂ ਸਾਹਿਬ ਅੱਗੇ ਅਰਦਾਸ ਬੇਨਤੀ ਕੀਤੀ ਗਈ।ਇਸ ਮੌਕੇ ਪੱਟੀ ਦੇ ਤਹਿਸੀਲਦਾਰ ਮੈਡਮ ਕਰਮਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਹਨੀ ਕੁਮਾਰ ਸੀਨੀਅਰ ਉਪਰੇਟਰ, ਨਵਦੀਪ ਸਿੰਘ, ਜਸਪ੍ਰੀਤ ਕੌਰ, ਸ਼ਰਨਜੀਤ ਸਿੰਘ, ਕਿਰਨਦੀਪ ਕੌਰ, ਜਗਦੀਪ ਸਿੰਘ, ਅਰਸ਼ਦੀਪ ਸਿੰਘ, ਦਿਲਬਾਗ ਸਿੰਘ ਮਠਾੜੂ ਫਰਨੀਚਰ, ਜੰਗ ਫਰਨੀਚਰ, ਗੁਰਸੇਵਕ ਸਿੰਘ, ਬੱਬਲਾ ਕੇਵਲ ਸਿੰਘ ਐੱਮ ਸੀ, ਮਲਕੀਤ ਸਿੰਘ ਮੱਲੂ, ਬਿੱਲਾ ਜੋਸਨ, ਸੰਦੀਪ ਸਿੰਘ, ਹਰਮੀਤ ਸਿੰਘ, ਸੁਖਦੇਵ ਸਿੰਘ ਕੰਡਿਆਲਾ ਪੰਨੂ, ਹਰਨੀਤ ਸਿੰਘ ਸ਼ਹੀਦ, ਗੁਰਵਿੰਦਰ ਸਿੰਘ ਵੈਟਰਨਰੀ ਹਸਪਤਾਲ ਸਮੇਤ ਸਮੂਹ ਸਟਾਫ਼ ਹਾਜ਼ਰ ਸੀ ।

## ਨਵੇਂ ਸਾਲ ਦੀ ਆਮਦ 'ਤੇ ਲਾਇਆ ਲੰਗਰ

ਛੇਹਰਟਾ, (ਮਨੋਜ ਕੁਮਾਰ)-ਨਵੇਂ ਸਾਲ 2026 ਦੀ ਆਮਦ 'ਤੇ ਸ਼ਹੀਦ ਭਗਤ ਸਿੰਘ ਮਾਰਕੀਟ, ਨੇੜੇ ਬੱਸ ਸਟੈਂਡ ਦੇ ਦੁਕਾਨਦਾਰਾਂ ਵੱਲੋਂ ਪ੍ਰਧਾਨ ਰਾਜੇਸ਼ ਗਾਂਧੀ ਦੀ ਪ੍ਰਧਾਨਗੀ ਹੇਠ ਕੇਕ ਕੱਟਿਆ ਗਿਆ ਤੇ ਲੰਗਰ ਲਗਾਇਆ ਗਿਆ। ਇਸ ਮੌਕੇ ਯੂਥ ਆਗੂ



ਸੁਨੀਲ ਨਈਅਰ, ਮੋਹਨ ਲਾਲ, ਅਸ਼ਵਨੀ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸੁਨੀਲ ਨਈਅਰ ਨੇ ਸਾਰਿਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ, ਸਾਰੇ ਆਪਸ ਮਿਲਜੁਲ ਕੇ ਰਹਿਣ ਚੇ ਦੇਸ਼ ਵਿਚ ਸ਼ਾਂਤੀ ਦਾ ਮਾਹੌਲ ਬਣਿਆ ਰਹੇ। ਇਸ ਮੌਕੇ ਦੁੱਧ, ਚਾਹ, ਬਰੈੱਡ ਅਤੇ ਬਿਸਕੁਟ ਵੀ ਵੰਡੇ ਗਏ।

## ਭਾਰਤੀ ਜਨਤਾ ਪਾਰਟੀ ਅੰਮ੍ਰਿਤਸਰ ਦਿਹਾਤੀ-1 ਨੇ ਅਹੁਦੇਦਾਰ ਐਲਾਨੇ

ਅਜਨਾਲਾ, (ਸੁੱਖਤਿੰਦਰ ਸਿੰਘ ਰਾਜੂ)-ਭਾਰਤੀ ਜਨਤਾ ਪਾਰਟੀ ਪੰਜਾਬ ਓਬੀਸੀ ਮੋਰਚਾ ਦੇ ਪ੍ਰਧਾਨ ਅਜਨਾਲਾ ਦੇ ਸਾਬਕਾ ਵਿਧਾਇਕ ਅਤੇ ਅੰਮ੍ਰਿਤਸਰ ਦਿਹਾਤੀ ਵਨ ਦੇ ਜਿਲਾਂ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਅੰਮ੍ਰਿਤਸਰ ਜ਼ਿਲ੍ਹਾ-1 ਦਾ ਹਾਈ ਕਮਾਂਡ ਦੇ ਹੁਕਮਾਂ ਮੁਤਾਬਕ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ।ਅਜਨਾਲਾ ਦਫਤਰ ਵਿੱਚ ਪ੍ਰੈੱਸ ਕਾਨਫਰੰਸ ਕਰਦਿਆ ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਪ੍ਰਦੀਪ ਕੁਮਾਰ



ਬੰਟਾ ਨੂੰ ਵਾਇਸ ਜ਼ਿਲਾ ਪ੍ਰਧਾਨ, ਵਿਕਰਮ ਬੇਦੀ ਕੌਂਸਲਰ ਨੂੰ ਜ਼ਿਲਾ ਅੰਮ੍ਰਿਤਸਰ ਦਿਹਾਤੀ ਦਾ ਯੂਥ ਪ੍ਰਧਾਨ, ਸੁਖਦੇਵ ਸਿੰਘ ਗੋਰੇਨੰਗਲ, ਵਾਈਸ ਪ੍ਰਧਾਨ, ਗੌਰਵ ਸਰੀਨ ਵਾਈਸ ਪ੍ਰਧਾਨ, ਬਲਜਿੰਦਰ ਨੇਪਾਲ ਵਾਈਸ ਪ੍ਰਧਾਨ, ਸੰਦੀਪ ਕੁਮਾਰ ਜਰਨਲ ਸੈਕਟਰੀ, ਰਾਜੇਸ਼ ਕੁਮਾਰ ਜਰਨਲ ਸੈਕਟਰੀ, ਟਰਾਂਸਪੋਰਟ ਅਸ਼ੋਕ ਕੁਮਾਰ ਮੰਨਣ ਖਜਾਨਚੀ, ਦਫਤਰ ਸੈਕਟਰੀ ਕਸ਼ਮੀਰ ਸਿੰਘ ਕਾਕੂ, ਰਾਜੇਸ਼ ਕੁਮਾਰ ਚੌਹਾਨ ਓ ਬੀ ਸੀ ਮੋਰਚਾ ਦੇ ਸਾਰੇ ਅਹੁਦੇਦਾਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ, ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਜਨਾਲਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਜੋ ਜ਼ਿੰਮੇਵਾਰੀ ਪਾਰਟੀ ਨੇ ਸੌਂਪੀ ਹੈ, ਤਹਿ ਦਿਲੋਂ ਨਿਭਾਵਾਂਗੇ।

## ਬਾਲ ਭਿੱਖਿਆ ਰੋਕੂ ਟਾਸਕ ਫੋਰਸ ਨੇ ਭੀਖ ਮੰਗਦੀ ਬੱਚੀ ਨੂੰ ਕੀਤਾ ਰੈਸਕਿਊ

ਜਲੰਧਰ ( ਸ਼ੈਲੀ ਐਲਬਰਟ) ਬਾਲ ਭਿੱਖਿਆ ਨੂੰ ਰੋਕਣ ਅਤੇ ਭੀਖ ਮੰਗਦੇ ਬੱਚਿਆਂ ਨੂੰ ਛੁਡਾਉਣ ਲਈ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਵਲੋਂ ਬੀ.ਐਮ.ਸੀ.ਚੌਕ, ਗੁਰੂ ਨਾਨਕ ਮਿਸ਼ਨ ਚੌਕ ਅਤੇ ਮਾਡਲ ਟਾਊਨ ਵਿੱਚ ਛਾਪੇਮਾਰੀ ਕੀਤੀ ਗਈ ਅਤੇ ਇਸ ਦੌਰਾਨ ਭੀਖ ਮੰਗਦੀ ਇਕ ਬੱਚੀ ਨੂੰ ਰੈਸਕਿਊ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ



ਮਨਜਿੰਦਰ ਸਿੰਘ ਨੇ ਦੱਸਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਸ਼ਹਿਰ ਵਿਚੋਂ ਬਾਲ ਭਿੱਖਿਆ ਨੂੰ ਰੋਕਣ ਲਈ ਟਾਸਕ ਫੋਰਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਭੀਖ ਮੰਗਦੇ ਬੱਚਿਆਂ ਨੂੰ ਰੈਸਕਿਊ ਕਰਕੇ ਬਾਲ ਭਲਾਈ ਕਮੇਟੀਆਂ ਨੂੰ ਸੌਂਪਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਦੀਆਂ ਵੱਖ-ਵੱਖ ਟੀਮਾਂ ਵਲੋਂ ਸ਼ਹਿਰ ਦੇ ਕਈ ਖੇਤਰਾਂ ਵਿੱਚ ਛਾਪੇਮਾਰੀ ਕਰਕੇ ਬੱਚਿਆਂ ਨੂੰ ਬੈਗਰੀ ਐਕਟ ਤਹਿਤ ਰੈਸਕਿਊ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਇਸ ਮੌਕੇ ਵੱਖ-ਵੱਖ ਟੀਮਾਂ ਵਲੋਂ ਆਮ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਬੱਚਿਆਂ ਦੇ ਅਧਿਕਾਰਾਂ, ਸਿੱਖਿਆ ਦੀ ਮਹੱਤਤਾ ਅਤੇ ਬੱਚਿਆਂ ਨਾਲ ਹੋ ਰਹੇ ਅਪਰਾਧਾਂ ਬਾਰੇ, ਬਾਲ ਮਜ਼ਦੂਰੀ, ਬਾਲ ਭਿਖਿਆ, ਬੱਚਿਆਂ ਨਾਲ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਵਰਗੀਆਂ ਬੁਰਾਈਆਂ ਬਾਰੇ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਨੂੰ ਬਾਲ ਭਿੱਖਿਆ, ਕਿਸੇ ਵੀ ਮੁਸੀਬਤ ਵਿੱਚ ਫਸੇ ਬੱਚੇ ਬਾਰੇ ਜਾਣਕਾਰੀ ਮਿਲੇ, ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਜਾਂ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਗਾਂਧੀ ਵਨੀਤਾ ਆਸ਼ਰਮ ਵਿਖੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

## ਨਵੇਂ ਸਾਲ ਮੌਕੇ ਨਰਸਿੰਗ ਕਾਲਜ 'ਚ ਧਾਰਮਿਕ ਤੇ ਸੱਭਿਆਚਾਰਕ ਸਮਾਗਮ

ਮਜੀਠਾ (ਸੋਇਮ ਆਨੰਦ)-ਆਨੰਦ ਕਾਲਜ ਆਫ਼ ਨਰਸਿੰਗ ਨਵੇਂ ਸਾਲ ਦੇ ਸ਼ੁੱਭ ਅਵਸਰ 'ਤੇ ਕਾਲਜ ਵਿੱਚ ਇੱਕ ਸੁਹਾਵਣਾ ਅਤੇ ਅਰਥਪੂਰਨ ਸਮਾਗਮ ਆਯੋਜਿਤ ਕੀਤਾ ਗਿਆ।ਦਿਨ ਦੀ ਸ਼ੁਰੂਆਤ ਧਾਰਮਿਕ ਰੂਪ ਵਿੱਚ ਪਾਠ ਦੇ ਆਯੋਜਨ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਸ਼ਰਧਾ ਨਾਲ ਹਿੱਸਾ ਲਿਆ।ਪਾਠ ਦੌਰਾਨ ਸਰਬੱਤ ਦੇ ਭਲੇ ਅਤੇ ਨਵੇਂ ਸਾਲ ਵਿੱਚ ਸੁਖ-ਸ਼ਾਂਤੀ ਦੀ ਅਰਦਾਸ ਕੀਤੀ ਗਈ।ਪਾਠ ਉਪਰੰਤ ਵਿਦਿਆਰਥੀਆਂ ਵੱਲੋਂ ਨਵੇਂ ਸਾਲ ਦੀ ਖੁਸ਼ੀ ਨੂੰ ਮਨਾਉਂਦਿਆਂ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਮੈਨੇਜਿੰਗ ਡਾਇਰੈਕਟਰ ਸੂਰਿਯਾ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਰਚਨਾ ਕੁਮਾਰੀ, ਵਾਇਸ ਪ੍ਰਿੰਸੀਪਲ ਰਮਨਜੀਤ ਕੌਰ ਸੋਹਲ ਅਤੇ ਨਰਸਿੰਗ ਅਡਵਾਇਜ਼ਰ ਊਸ਼ਾ ਸਰੀਨ ਨੇ ਸਭ ਨੂੰ ਨਵੇਂ ਸਾਲ ਦੀਆਂ ਦਿਲੋਂ ਵਧਾਈਆਂ ਦਿੰਦਿਆਂ ਵਿਦਿਆਰਥੀਆਂ ਨੂੰ ਮਨ ਲਾ ਕੇ ਪੜ੍ਹਾਈ ਕਰਨ, ਅਨੁਸ਼ਾਸਨ ਵਿੱਚ ਰਹਿਣ ਅਤੇ ਸਮਾਜ ਦੀ ਭਲਾਈ ਲਈ ਯੋਗਦਾਨ ਪਾਉਣ ਦੀ ਪ੍ਰੇਰਨਾ ਦਿੱਤੀ।ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਰੰਗਾ-ਰੰਗ ਨਾਚ, ਮਨੋਰੰਜਕ ਖੇਡਾਂ ਅਤੇ ਹੋਰ ਦਿਲਚਸਪ ਗਤੀਵਿਧੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਦਾ ਉਤਸ਼ਾਹ ਅਤੇ ਜੋਸ਼ ਦੇਖਣਯੋਗ ਸੀ। ਇਹ ਸਮਾਗਮ ਨਾ ਸਿਰਫ਼ ਮਨੋਰੰਜਨ ਦਾ ਸਾਧਨ ਬਣਿਆ, ਸਗੋਂ ਵਿਦਿਆਰਥੀਆਂ ਵਿੱਚ ਆਪਸੀ ਸਹਿਯੋਗ, ਏਕਤਾ ਅਤੇ ਸਾਕਾਰਾਤਮਕ ਸੋਚ ਨੂੰ ਵੀ ਪ੍ਰੋਤਸਾਹਿਤ ਕੀਤਾ।ਪ੍ਰਬੰਧਕ ਕਮੇਟੀ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਨਵੇਂ ਸਾਲ ਲਈ ਸ਼ੁਭਕਾਮਨਾਵਾਂ



ਦਿੱਤੀਆਂ।ਇਹ ਸਮਾਗਮ ਖੁਸ਼ੀ, ਅਨੁਸ਼ਾਸਨ ਅਤੇ ਉਤਸ਼ਾਹਪੂਰਣ ਮਾਹੌਲ ਵਿੱਚ ਖ਼ਤਮ ਹੋਇਆ, ਜੋ ਸਾਰਿਆਂ ਲਈ ਯਾਦਗਾਰ ਬਣ ਗਿਆ।ਇਸ ਮੌਕੇ 'ਤੇ ਪ੍ਰੋਫੈਸਰ ਮਨਵਿੰਦਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਸੀਮਾ, ਮਨਦੀਪ ਕੌਰ, ਪ੍ਰਿਯੰਕਾ, ਰੁਪਨਦੀਪ, ਹਰਮ, ਨਵਜੋਤ ਕੌਰ, ਕੋਮਲ ਢਿੱਲੋਂ, ਪੁਨਰ, ਰਮਨਦੀਪ ਕੌਰ, ਰਮਨ ਸੰਧੂ, ਹਰਮਨਜੋਤ ਕੌਰ, ਸਰਨਦੀਪ ਕੌਰ, ਸਿਮਰਨ ਢਿੱਲੋਂ, ਸੁਖਸਰਨ, ਆਬਿਦਾ, ਨਿਧੀ, ਰਿੱਪਨਦੀਪ ਕੌਰ, ਸ਼ਵੇਤਾ, ਪੱਲਵੀ ਅਤੇ ਅੰਜਲੀ ਸਮੇਤ ਹੋਰ ਸਟਾਫ਼ ਅਤੇ ਵਿਦਿਆਰਥਣਾਂ ਵੀ ਸ਼ਾਮਲ ਸਨ।

## ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਨਵੇਂ ਸਾਲ ਦੀ ਜੰਤਰੀ ਅਤੇ ਕੈਲੰਡਰ ਲੋਕ ਅਰਪਿਤ

**ਬਾਬਾ ਬਕਾਲਾ ਸਾਹਿਬ : (ਜਸਪਾਲ ਸਿੰਘ)-**ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਪਿਛਲੇ 40 ਸਾਲਾਂ ਤੋਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁੱਟੀ ਚਰਚਿੱਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ, 2025 ਨੂੰ ਅਲਵਿਦਾ ਕਹਿੰਦਿਆਂ ਅਤੇ ਨਵੇਂ ਵਰ੍ਹੇ 2026 ਨੂੰ ਜੀ ਆਇਆਂ ਕਹਿਣ ਲਈ "ਅਰਦਾਸ ਦਿਵਸ ਸਮਾਗਮ" ਇਤਿਹਾਸਕ ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ।

ਇਸ ਮੌਕੇ ਦੀਵਾਨ ਹਾਲ ਵਿੱਚ ਹੈੱਡ ਗ੍ਰੰਥੀ ਗਿਆਨੀ ਹਰਦੇਵ ਸਿੰਘ ਨੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ 41ਵੇਂ ਸਾਲ ਵਿੱਚ ਪ੍ਰਵੇਸ਼ ਕਰਨ ਦੀ ਖੁਸ਼ੀ ਵਿੱਚ, ਨਵੇਂ ਸਾਲ ਵਿੱਚ ਨਵੇਂ ਪ੍ਰੋਗਰਾਮ ਉਲੀਕਣ ਲਈ ਅਤੇ ਸਰਬੱਤ ਦੇ ਭਲੇ ਲਈ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ । ਇਸ ਮੌਕੇ ਸਭਾ ਵੱਲੋਂ ਸਮੁੱਚੇ ਤੌਰ 'ਤੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦੇ ਮਹਾਂਵਾਕ ਅਨੁਸਾਰ ਆਉਂਦੇ ਵਰ੍ਹੇ ਵਿੱਚ ਆਪਣੇ ਚੁਫੇਰੇ ਨੂੰ ਸਾਫ ਸੁਥਰਾ, ਹਰਿਆ ਭਰਿਆ ਰੱਖਣ, ਰੁੱਖ ਲਾਉਣ, ਪਾਣੀ ਦੀ ਹੋ ਰਹੀ ਬਰਬਾਦੀ ਨੂੰ ਰੋਕਣ, ਜਲ ਸਰੋਤਾਂ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਦਾ ਪ੍ਰਣ ਕੀਤਾ ਗਿਆ ।

ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਅਤੇ ਮੀਤ ਮੈਨੇਜਰ ਭਾਈ ਸ਼ੇਰ ਸਿੰਘ ਨੇ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵੱਲੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲ਼ਾਘਾ ਕੀਤੀ ਅਤੇ ਸਭਾ ਵੱਲੋਂ ਪ੍ਰਕਾਸ਼ਿਤ ਆਨ ਲਾਇਨ ਮੈਗਜ਼ੀਨ "ਕੌਮੀ ਸਵਤੰਤਰ" ਕਾਵਿ ਸਾਂਝਾਂ ਵੱਲੋਂ ਪ੍ਰਕਾਸ਼ਿਤ ਨਵੇਂ ਸਾਲ ਦੀ ਜੰਤਰੀ ਅਤੇ ਕੈਲੰਡਰ ਵੀ ਲੋਕ



ਅਰਪਿਤ ਕੀਤਾ । ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਸੁਖਦੇਵ ਸਿੰਘ ਭੁੱਲਰ ਸਾ: ਸੀਨੀਅਰ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਮੱਖਣ ਸਿੰਘ ਭੈਣੀਵਾਲਾ ਸਾ: ਬੀ.ਈ.ਈ.ਓ., ਡਾ: ਕੁਲਵੰਤ ਸਿੰਘ ਬਾਠ ਸਾ: ਵੈਟਰਨਰੀ ਅਫਸਰ, ਪੰਜਾਬੀ ਸਾਹਿਤ ਸਭਾ (ਮਹਿਲਾ ਵਿੰਗ) ਦੇ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ, ਗੁਰਮੀਤ ਕੌਰ ਬੱਲ, ਸੁਰਿੰਦਰ ਕੌਰ ਖਿਲਚੀਆਂ, ਸਿਮਰਨਜੀਤ ਕੌਰ ਮਾਹਲਾ, ਬਖਤੌਰ ਧਾਲੀਵਾਲ, ਨਵਦੀਪ ਸਿੰਘ ਬਦੇਸ਼ਾ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਮਾ: ਲਖਵਿੰਦਰ ਸਿੰਘ ਮਾਨ, ਸਰਬਜੀਤ ਸਿੰਘ ਪੱਡਾ, ਲਖਵਿੰਦਰ ਸਿੰਘ ਉੱਪਲ, ਬਲਵਿੰਦਰ ਸਿੰਘ ਅਠੌਲਾ, ਮਾ: ਮਨਜੀਤ ਸਿੰਘ ਕੰਬੋ, ਸਕੱਤਰ ਸਿੰਘ ਪੁਰੇਵਾਲ, ਅਜੀਤ ਸਿੰਘ ਸਠਿਆਲਾ ਅਤੇ ਹੋਰ ਕਵੀਜਨਾਂ ਨੇ ਹਿੱਸਾ ਲਿਆ ।

## ਮਨਾਹੀ ਦੇ ਬਾਵਜੂਦ ਸ਼ਹਿਰ 'ਚ ਧੜੱਲੇ ਨਾਲ ਹੋ ਰਹੀ ਹੈ ਚਾਈਨਾ ਡੋਰ ਦੀ ਵਿੱਕਰੀ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹੇ ਅੰਦਰ ਚਾਈਨਾ ਡੋਰ ਦੀ ਵਿਕਰੀ ਵੀ ਸ਼ੁਰੂ ਹੋ ਗਈ ਹੈ ਜਿਸ ਵੱਲ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਜਾਣਕਾਰੀ ਅਨੁਸਾਰ ਹਰ ਸਾਲ ਵੱਡੀ ਗਿਣਤੀ ਵਿਚ ਚਾਈਨਾ ਡੋਰ ਨਾਲ ਲੋਕ ਜ਼ਖਮੀ ਹੋ ਜਾਂਦੇ ਹਨ ਅਤੇ ਕਈ ਆਪਣੀ ਜਾਨਾਂ ਵੀ ਗਵਾ ਬੈਠਦੇ ਹਨ।



ਲੋਕਾਂ ਦਾ ਕਹਿਣਾ ਕਿ ਚਾਈਨਾ ਡੋਰ ਦੀ ਲਪੇਟ ਵਿਚ ਅਨੇਕਾਂ ਸਕੂਟਰ, ਮੋਟਰਸਾਈਕਲ ਸਵਾਰ ਆ ਜਾਂਦੇ ਹਨ, ਜਿਨ੍ਹਾਂ ਦੇ ਜ਼ਿਆਦਾਤਰ ਗਲੇ ਆਦਿ ਕੱਟੇ ਜਾਂਦੇ ਹਨ। ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਨਾਲ ਹੋ ਰਹੀ ਹੈ। ਇਸੇ ਤਰ੍ਹਾਂ ਕਈ ਜਾਨਵਰ ਅਤੇ ਪੰਛੀ ਵੀ ਇਸ ਡੋਰ ਦੀ ਲਪੇਟ ਵਿਚ ਆ ਜਾਂਦੇ ਹਨ ਅਤੇ ਕਾਫ਼ੀ ਜ਼ਖਮੀ ਹੋ ਜਾਂਦੇ ਹਨ। ਸੀਜ਼ਨ ਤੋਂ ਪਹਿਲਾਂ ਕੁਝ ਦੁਕਾਨਦਾਰਾਂ ਵੱਲੋਂ ਚਾਈਨਾ ਡੋਰ ਨੂੰ ਸਟੋਰ ਕਰ ਲਿਆ ਜਾਂਦਾ ਹੈ ਅਤੇ ਬਾਅਦ 'ਚ ਅੰਦਰ ਖ਼ਾਤੇ ਚੁਪ-ਚਪੀਤੇ ਡੋਰ ਨੂੰ ਵੇਚਿਆ ਜਾਂਦਾ ਹੈ। ਘਰ ਦੀਆਂ ਛੱਤਾਂ ਉਤੇ ਬੱਚੇ ਚਾਈਨਾ ਡੋਰ ਨਾਲ ਪਤੰਗਬਾਜ਼ੀ ਕਰਦੇ ਵੇਖੇ ਜਾਂਦੇ ਹਨ।

ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪੰਤਗਬਾਜ਼ੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਇਆਂ ਚਾਈਨਾ ਡੋਰ ਦੇ ਖਿਲਾਫ ਨਕੇਲ ਕੱਸੀ ਜਾਵੇ ਤਾਂ ਜੋ ਚਾਈਨਾ ਡੋਰ ਨਾਲ ਹੁੰਦੇ ਹਾਦਸਿਆਂ ਤੋਂ ਬਚਿਆ ਜਾਵੇ।

## ਨਵੇਂ ਸਾਲ ਦੀ ਆਮਦ 'ਤੇ ਪੀ ਐੱਚ ਸੀ ਥਰੀਏਵਾਲ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਮਜੀਠਾ (ਸੋਇਮ ਆਨੰਦ)-ਨਵੇਂ ਸਾਲ ਦੀ ਆਮਦ ਤੇ ਸੀਨੀਅਰ ਮੈਡੀਕਲ ਅਫਸਰ ਪੀ. ਐੱਚ. ਸੀ. ਥਰੀਏਵਾਲ ਡਾ. ਸ਼ਿਵਕਰਨ ਸਿੰਘ ਕਾਹਲੋਂ ਦੀ ਅਗਵਾਈ ਹੇਠ ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈਣ ਲਈ ਧੰਨ ਧੰਨ



ਸ੍ਰੀ ਗੁਰੂ ਗ੍ਰੰਥ ਸਹਿਬ ਜੀ ਮਹਾਰਾਜ ਪੀਐੱਚਸੀ ਥਰੀਏਵਾਲ ਵਿਖੇ ਚਰਨ ਪਾਏ।ਸ੍ਰੀ ਸੁਖਮਨੀ ਸਾਹਿਬ ਤੋਂ ਬਾਅਦ ਐੱਸ. ਆਈ. ਕੁਲਜੀਤ ਸਿੰਘ ਤੇ ਸਾਥੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ।ਗੁਰੂ ਕੇ ਕੀਰਤਨ ਤੋਂ ਬਾਅਦ ਅਤੁੱਟ ਲੰਗਰ ਵਰਤਾਇਆ ਗਿਆ।ਡਾ. ਸ਼ਿਵਕਰਨ ਸਿੰਘ ਕਾਹਲੋਂ ਵੱਲੋਂ ਸਮੂਹ ਸਟਾਫ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਖੇੜਿਆਂ ਭਰਿਆਂ ਆਵੇ।ਇਸ ਦੌਰਾਨ ਪੀਐੱਚਸੀ ਥਰੀਏਵਾਲ ਦੇ ਅਧੀਨ ਆਉਂਦੀਆਂ ਸਿਹਤ ਸੰਸਥਾਵਾਂ ਦੇ ਸਮੂਹ ਸਟਾਫ, ਸਾਰੇ ਫੀਲਡ ਸਟਾਫ ਨੇ ਸ਼ਿਰਕਤ ਕੀਤੀ।ਇਸ ਮੌਕੇ ਡਾ. ਵਿਕਰਮਜੀਤ ਸਿੰਘ, ਡਾ. ਮਨਜਿੰਦਰ ਸਿੰਘ, ਬੀਈਈ ਰਣਜੀਤ ਕੁਮਾਰ, ਡਾ. ਮਨਅਰਪਣ ਕੌਰ, ਸਤਪਾਲ ਸਿੰਘ, ਬਲਤੇਜ ਸਿੰਘ, ਸਾਹਿਲ ਮੱਟੂ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ, ਤਰੁਣਾ ਭਗਤ, ਮਨਵਿੰਦਰ ਸਿੰਘ, ਸੋਨੀਆ, ਗੁਰਲਾਲ ਸਿੰਘ, ਰਜਿੰਦਰ ਕੁਮਾਰ, ਪ੍ਰਭਜੀਤ ਕੌਰ, ਰੰਜੂ ਕਸ਼ਯਪ, ਰੇਣੁਕਾ, ਪੂਨਮ ਸੈਣੀ, ਸੁਖਰਾਜ, ਕੁਨਾਲ, ਨਵਜੀਵਨ, ਗੁਰਮੀਤ ਕੌਰ, ਅਰਵਨਬੀਰ ਕੌਰ, ਗੁਰਬਖਸ਼ੀਸ਼ ਸਿੰਘ, ਹੁਸ਼ਿਆਰ ਸਿੰਘ, ਦਵਿੰਦਰ ਸਿੰਘ, ਗੁਰਤਿੰਦਰ ਸਿੰਘ, ਮਨਦੀਪ ਸਿੰਘ, ਜਗਰੂਪ ਕੌਰ, ਕੁਲਦੀਪ ਸਿੰਘ, ਸਤਨਾਮ ਸਿੰਘ, ਸਤਵਿੰਦਰ ਸਿੰਘ, ਰਘਬੀਰ ਸਿੰਘ, ਗੁਰਮੇਜ ਕੌਰ, ਸਰਬਜੀਤ ਕੌਰ, ਪਰਗਟ ਸਿੰਘ, ਗੁਰਿੰਦਰ ਸਿੰਘ, ਗੁਰਮੇਜ ਕੌਰ, ਰਜਵੰਤ ਕੌਰ, ਪ੍ਰਭਜੋਤ ਕੌਰ, ਪੁਸ਼ਪਿੰਦਰ ਕੌਰ, ਪਰਮਜੀਤ ਕੌਰ, ਰਾਜ ਕੁਮਾਰੀ, ਮਨਦੀਪ ਕੌਰ, ਬਲਜਿੰਦਰ ਸਿੰਘ, ਜਸਵੰਤ ਕੌਰ, ਰਮਨਦੀਪ ਕੌਰ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਬਾਬਾ ਸੱਜਣ ਸਿੰਘ ਮਨਜਿੰਦਰ ਸਿੰਘ ਕੰਗ ਸਰਾਂ ਦੇ ਲੜਕੇ ਦੇ ਵਿਆਹ 'ਤੇ ਪੁੱਜੇ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮਜੀਠਾ ਹਲਕੇ ਨਾਲ ਸੰਬੰਧਿਤ ਪਿੰਡ ਸਰਾਂ ਤੋਂ ਸਾਬਕਾ ਵਿਧਾਇਕ ਅਤੇ ਸਾਬਕਾ ਚੇਅਰਮੈਨ ਜੰਗਲਾਤ ਕਾਰਪੋਰੇਸ਼ਨ ਸਰਦਾਰ ਮਨਜਿੰਦਰ ਸਿੰਘ ਕੰਗ ਜਿਨ੍ਹਾਂ ਦੇ ਲੜਕੇ ਮਹਿਤਾਬ ਸਿੰਘ ਦੇ ਵਿਆਹ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਅਤੇ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ ਵੱਲੋਂ ਨਵੀਂ ਜੋੜੀ ਨੂੰ ਆਸ਼ੀਰਵਾਦ ਦਿੱਤਾ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਵਰਣਨਯੋਗ ਹੈ ਕਿ ਮਨਜਿੰਦਰ ਸਿੰਘ ਕੰਗ ਜੰਗਲਾਤ ਕਾਰਪੋਰੇਸ਼ਨ ਦੇ ਚੇਅਰਮੈਨ ਰਹੇ ਹਨ ਜਿਸ ਦੌਰਾਨ ਉਹ ਆਪਣੇ ਪਿੰਡ ਸਰਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਬਹੁਤ ਹੀ ਪ੍ਰਭਾਵਸ਼ਾਲੀ ਰੈਲੀਆਂ ਕਰਵਾਉਂਦੇ ਰਹੇ ਸਨ ਅਤੇ 2007 ਵਿੱਚ ਹਲਕਾ ਬਿਆਸ ਤੋਂ ਵਿਧਾਇਕ ਬਣੇ ਸਨ ਜਿਨ੍ਹਾਂ ਦਾ ਇਸ ਇਲਾਕੇ ਵਿੱਚ ਬਹੁਤ ਹੀ ਬੋਲਬਾਲਾ ਰਿਹਾ ਹੈ। ਅੱਜ ਵੀ ਹਲਕੇ ਦੇ ਪੰਚ ਸਰਪੰਚ ਮਨਜਿੰਦਰ ਸਿੰਘ ਕੰਗ ਨੂੰ ਯਾਦ ਕਰਦੇ ਹਨ। ਕੁਝ ਸਮੇਂ ਤੋਂ ਉਹ ਸਿਆਸਤ ਤੋਂ ਦੂਰ ਹਨ ਪਰ ਫਿਰ ਵੀ ਹਲਕਾ ਮਜੀਠਾ ਨਾਲ ਜੁੜੇ ਹੀ ਰਹਿੰਦੇ ਹਨ। ਸੰਤ ਬਾਬਾ ਸੱਜਣ ਸਿੰਘ ਤੇ ਹੋਰ ਸ਼ਖ਼ਸੀਅਤਾਂ ਨੂੰ ਮਨਜਿੰਦਰ ਸਿੰਘ ਕੰਗ ਵੱਲੋਂ ਜੀ ਆਇਆਂ ਕਹਿੰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਬੁਨਿਆਦੀ ਢਾਂਚੇ ਦੇ 13 ਹੋਰ ਪ੍ਰੋਜੈਕਟਾਂ 'ਤੇ ਖ਼ਰਚੇ ਜਾਣਗੇ 108 ਲੱਖ ਰੁਪਏ

ਪੱਟੀ (ਬਲਦੇਵ ਸਿੰਘ ਸੰਧੂ)-ਬੀਤੇ ਸਾਲ ਹੜ੍ਹਾਂ ਕਾਰਨ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਰੰਗਲਾ ਪੰਜਾਬ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਮਿਸ਼ਨ ਚੜ੍ਹਦੀਕਲਾ ਦੇ ਤਹਿਤ ਸੀਐੱਸਆਰ ਅਤੇ ਨਾਨ-ਸੀਐੱਸਆਰ. ਕੈਟਾਗਰੀ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ 14 ਪ੍ਰੋਜੈਕਟਾਂ ਜਿਨ੍ਹਾਂ ਦੀ ਕੁੱਲ ਲਾਗਤ 161 ਲੱਖ ਰੁਪਏ ਹੈ, ਲਈ ਵਿੱਤੀ ਮਨਜ਼ੂਰੀ ਅਤੇ ਪ੍ਰਬੰਧਕੀ ਪ੍ਰਵਾਨਗੀ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਰਾਹੁਲ, ਨੇ ਦੱਸਿਆ ਕਿ ਇਨ੍ਹਾਂ 14 ਪ੍ਰੋਜੈਕਟਾਂ ਵਿੱਚ ਸੀਐੱਸਆਰ. ਕੈਟਾਗਰੀ ਤਹਿਤ ਪਿੰਡ ਠੱਠੀਆਂ ਖੁਰਦ ਦੇ ਸਰਕਾਰੀ ਸਕੂਲ ਦੀ ਚਾਰਦੀਵਾਰੀ ਉਪਰ 24 ਲੱਖ ਰੁਪਏ ਖ਼ਰਚ ਕੀਤੇ ਜਾਣਗੇ।ਇਸੇ ਤਰ੍ਹਾਂ ਹੀ ਪਿੰਡ ਰਾਏਪੁਰ ਬਲੀਮ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਮੁਰੰਮਤ 'ਤੇ 21 ਲੱਖ ਰੁਪਏ, ਪਿੰਡ ਨੰਦਪੁਰ ਦੇ ਆਂਗਨਵਾੜੀ ਸੈਂਟਰ 'ਤੇ 10 ਲੱਖ ਰੁਪਏ, ਪਿੰਡ ਲਾਲਪੁਰ ਦੇ ਆਂਗਨਵਾੜੀ ਸੈਂਟਰ 'ਤੇ 10 ਲੱਖ ਰੁਪਏ, ਪਿੰਡ ਤੁੜ ਦੇ ਆਂਗਨਵਾੜੀ ਸੈਂਟਰ 'ਤੇ 10 ਲੱਖ ਰੁਪਏ, ਪਿੰਡ ਰਸੂਲਪੁਰ ਕਲਾਂ ਦੀ ਧਰਮਸ਼ਾਲਾ ਉਪਰ 5 ਲੱਖ ਰੁਪਏ, ਪਿੰਡ ਆਸਲ ਉਤਾੜ ਵਿਖੇ ਡਿਫੈਂਸ ਡਰੇਨ ਦੀ ਸੜਕ ਉਪਰ 5 ਲੱਖ ਰੁਪਏ, ਪਿੰਡ ਭੂਸੇ ਦੇ ਸਰਕਾਰੀ ਸਕੂਲ ਉਪਰ 18 ਲੱਖ ਰੁਪਏ ਅਤੇ ਪਿੰਡ ਬੁਰਜ ਦੀ ਧਰਮਸ਼ਾਲਾ ਉੱਪਰ 20 ਲੱਖ ਰੁਪਏ ਖ਼ਰਚ ਕੀਤੇ ਜਾਣਗੇ।ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਨਾਨ ਸੀ.ਐੱਸ.ਆਰ. ਕੈਟਾਗਰੀ ਤਹਿਤ ਪਿੰਡ ਬਨਵਾਲੀਪੁਰ ਦੀ ਐੱਸਸੀ ਸ਼ਮਸ਼ਾਨਘਾਟ ਉੱਪਰ 6 ਲੱਖ ਰੁਪਏ, ਮੁੰਡਾ ਪਿੰਡ ਦੀ ਸ਼ਮਸ਼ਾਨਘਾਟ ਉਪਰ 8 ਲੱਖ ਰੁਪਏ, ਗੁੱਜਰਪੁਰ ਪਿੰਡ ਦੀ ਸ਼ਮਸ਼ਾਨਘਾਟ ਉਪਰ 6 ਲੱਖ ਰੁਪਏ ਅਤੇ ਪਿੰਡ ਧੁਦੀਆਈਵਾਲਾ ਦੀ ਸ਼ਮਸ਼ਾਨਘਾਟ ਉੱਪਰ 8 ਲੱਖ ਰੁਪਏ ਖ਼ਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਾਰੇ ਪ੍ਰੋਜੈਕਟਾਂ ਲਈ ਵਿੱਤੀ ਮਨਜ਼ੂਰੀ ਅਤੇ ਪ੍ਰਬੰਧਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸਾਰੇ ਪ੍ਰਵਾਨਤ ਕੰਮ ਮਿਤੀ 28 ਫਰਵਰੀ 2026 ਤੱਕ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਨੇ ਅੱਗੇ ਦੱਸਿਆ ਕਿ ਮਿਸ਼ਨ ਚੜ੍ਹਦੀਕਲਾ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 13 ਹੋਰ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ ਜਿਨ੍ਹਾਂ ਉਪਰ 108 ਲੱਖ ਰੁਪਏ ਦੀ ਲਾਗਤ ਆਵੇਗੀ।ਉਨ੍ਹਾਂ ਕਿਹਾ ਕਿ ਜਲਦ ਹੀ ਇਨ੍ਹਾਂ ਪ੍ਰੋਜੈਕਟਾਂ ਉੱਪਰ ਵੀ ਕੰਮ ਸ਼ੁਰੂ ਕੀਤਾ ਜਾਵੇਗਾ।

## ਬਾਬਾ ਬਲਬੀਰ ਸਿੰਘ ਵੱਲੋਂ ਬੀਬੀ ਪ੍ਰਕਾਸ਼ ਕੌਰ ਦੇ ਦਿਹਾਂਤ 'ਤੇ ਦੁੱਖ ਦਾ ਇਜ਼ਹਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-**ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਡਾ. ਸਾਧੂ ਸਿੰਘ ਹਮਦਰਦ ਟਰੱਸਟ ਦੇ ਟਰੱਸਟੀ ਅਤੇ ਸਕੱਤਰ ਬੀਬੀ ਪ੍ਰਕਾਸ਼ ਕੌਰ 'ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਟਾ ਕੀਤਾ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰਕ ਮੈਂਬਰਾਂ ਤੇ ਸਕੇ-ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਬੀਬੀ ਪ੍ਰਕਾਸ਼ ਕੌਰ ਸਾਦਗੀ, ਸੇਵਾ ਤੇ ਸਮਰਪਣ ਭਾਵਨਾ ਦੇ ਪ੍ਰਤੀਕ ਸਨ।ਉਨ੍ਹਾਂ ਦੀ ਸਾਹਿਤਕ ਖੇਤਰ ਵਿਚ ਵੀ ਚੰਗੀ ਪਹਿਚਾਣ ਹੈ। ਉਨ੍ਹਾਂ ਦੇ ਵਿਛੋੜੇ ਨਾਲ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ।ਗੁਰੂ ਸਾਹਿਬ ਮਾਤਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## 'ਸਕੋਡਾ ਆਟੋ ਦਾ 25ਵਾਂ ਸਾਲ ਹੁਣ ਤੱਕ ਦਾ ਸਭ ਤੋਂ ਸਫਲ ਸਾਲ ਰਿਹਾ'

ਅੰਮ੍ਰਿਤਸਰ : ਸਕੋਡਾ ਆਟੋ ਇੰਡੀਆ ਲਈ ਸਾਲ 2025 ਇਤਿਹਾਸਕ ਸਾਬਤ ਹੋਇਆ ਹੈ। ਭਾਰਤ ਵਿੱਚ ਆਪਣੇ 25 ਸਾਲ ਪੂਰੇ ਕਰਨ ਦੇ ਨਾਲ ਹੀ ਕੰਪਨੀ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਵਿਕਰੀ ਦਰਜ ਕੀਤੀ। 2025 ਦੌਰਾਨ ਸਕੋਡਾ ਨੇ ਕੁੱਲ 72,665 ਗੱਡੀਆਂ ਵੇਚੀਆਂ, ਜੋ ਪਿਛਲੇ ਸਾਲ ਦੇ ਮੁਕਾਬਲੇ 107 ਫੀਸਦੀ ਦਰ ਦਾ ਵਾਧਾ ਹੈ। ਕੰਪਨੀ ਦੀ ਕਾਮਯਾਬੀ ਵਿੱਚ ਨਵੀਂ ਕਾਇਲੈਕ ਐੱਸ ਯੂ ਵੀ ਦੀ ਮਹੱਤਵਪੂਰਨ ਭੂਮਿਕਾ ਰਹੀ, ਜਿਸ ਨੂੰ ਗ੍ਰਾਹਕਾਂ ਵੱਲੋਂ ਭਰਪੂਰ ਸਹਿਯੋਗ ਮਿਲਿਆ। ਇਸ ਦੇ ਨਾਲ ਹੀ ਕੋਡਿਆਕ, ਕੁਸ਼ਾਕ ਅਤੇ ਸਲਾਵੀਆ ਮਾਡਲਾਂ ਦੀ ਮੰਗ ਲਗਾਤਾਰ ਬਣੀ ਰਹੀ, ਜਦ ਕਿ ਆਕਟਾਵੀਆ ਆਰ ਐਸ ਦੀ ਵਾਪਸੀ ਨੇ ਕਾਰ ਪ੍ਰੇਮੀਆਂ ਵਿੱਚ ਖਾਸ ਜੋਸ਼ ਭਰਿਆ।ਸਕੋਡਾ ਆਟੋ ਇੰਡੀਆ ਨੇ ਆਪਣਾ ਨੈੱਟਵਰਕ ਵਧਾਉਂਦੇ ਹੋਏ ਦੇਸ਼ ਦੇ 183 ਸ਼ਹਿਰਾਂ ਵਿੱਚ 325 ਤੋਂ ਵੱਧ ਗ੍ਰਾਹਕ ਸੇਵਾ ਕੇਂਦਰ ਸਥਾਪਿਤ ਕੀਤੇ ਹਨ।

## ਮਜੀਠਾ ਰੈਲੀ ਵਿਰੋਧੀਆਂ ਦੇ ਭਰਮ-ਭੁਲੇਖੇ ਦੂਰ ਕਰ ਦੇਵੇਗੀ: ਮੱਤੇਵਾਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-**ਹਾਲ ਹੀ ਵਿਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਹੋਈ ਵੱਡੀ ਸ਼ਾਨਦਾਰ ਜਿੱਤ 'ਤੇ ਵੋਟਰਾਂ ਦਾ ਧੰਨਵਾਦ ਕਰਨ ਲਈ ਹਲਕਾ ਇੰਚਾਰਜ ਤਲਵੀਰ ਸਿੰਘ ਗਿੱਲ ਦੀ ਅਗਵਾਈ ਹੇਠ 18 ਜਨਵਰੀ ਨੂੰ ਹੋ ਰਹੀ ਮਜੀਠਾ ਦੀ ਦਾਣਾ ਮੰਡੀ ਵਿੱਚ ਰੈਲੀ ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ, ਸਬੰਧੀ ਹਲਕੇ ਦੇ ਲੋਕਾਂ



ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਇਸ ਰੈਲੀ ਵਿੱਚ ਰਿਕਾਰਡ ਇਕੱਠ ਹੋਵੇਗਾ ਜੋ ਵਿਰੋਧੀਆਂ ਦੇ ਭਰਮ ਭੁਲੇਖੇ ਦੂਰ ਕਰੇਗੀ। ਇਹ ਪ੍ਰਗਟਾਵਾ ਬਲਾਕ ਸੰਮਤੀ ਜ਼ੋਨ ਮੱਤੇਵਾਲ ਤੋਂ ਜੇਤੂ ਰਹੇ ਗੁਰਬੀਰ ਸਿੰਘ ਮੱਲੀ ਮੱਤੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਗੁਰਬੀਰ ਸਿੰਘ ਮੱਲ੍ਹੀ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਜਿੱਥੇ ਅਕਾਲੀ ਦਲ ਦੀ ਹਮੇਸ਼ਾ ਹੀ ਚੜ੍ਹਤ ਰਹੀ ਹੈ, ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਕੀਤੀ ਮਿਹਨਤ ਸਦਕਾ ਬਲਾਕ ਸੰਮਤੀ ਦੀਆਂ ਕੁੱਲ 33 ਸੀਟਾਂ ਵਿੱਚੋਂ ਆਮ ਆਦਮੀ ਪਾਰਟੀ ਨੇ 29 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਕੁੱਲ ਚਾਰ ਸੀਟਾਂ ਹਨ ਜਿਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਦੇ ਤਿੰਨ ਉਮੀਦਵਾਰ ਜੇਤੂ ਰਹੇ ਹਨ।ਉਨ੍ਹਾਂ ਮਜੀਠੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ 18 ਜਨਵਰੀ ਦੀ ਰੈਲੀ ਵਿੱਚ ਵੱਧ ਤੋਂ ਵੱਧ ਇਕੱਠ ਕੀਤਾ ਜਾਵੇ ਤਾਂ ਜੋ ਹਲਕੇ ਦੇ ਰਹਿੰਦੇ ਮਸਲੇ ਵੀ ਤਲਬੀਰ ਸਿੰਘ ਗਿੱਲ ਮੁੱਖ ਮੰਤਰੀ ਪੰਜਾਬ ਤੋਂ ਹੱਲ ਕਰਵਾ ਸਕਣ।

## ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ : ਭੈਣੀ

ਝਬਾਲ, (ਹਰਜਿੰਦਰ ਸਿੰਘ ਸੋਨੀ)-ਗ਼ਦਰ ਲਹਿਰ ਦੇ ਮੋਢੀ ਮਹਾਨ ਇਨਕਲਾਬੀ ਦੇਸ਼ ਭਗਤ, ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਅਤੇ ਆਜ਼ਾਦੀ ਉਪਰੰਤ ਮਜ਼ਦੂਰਾਂ ਕਿਸਾਨਾਂ ਦੇ ਹੱਕਾਂ ਲਈ ਸਾਰੀ



ਜ਼ਿੰਦਗੀ ਸੰਘਰਸ਼ਸ਼ੀਲ ਰਹੇ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਹਾੜਾ ਸਮੂਹ ਦੇਸ਼ ਭਗਤਾਂ ਨੂੰ ਯਾਦ ਕਰਦਿਆਂ ਚਾਰ ਜਨਵਰੀ ਨੂੰ ਹਰ ਸਾਲ ਦੀ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪਿੰਡ ਭਕਨਾ ਵਿਖੇ ਮਨਾਇਆ ਜਾਵੇਗਾ।ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਦੱਸਿਆ ਕਿ ਪਿਛਲੇ ਤੀਹ ਸਾਲਾਂ ਤੋਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਕਿਰਤੀਆਂ ਕਿਸਾਨਾਂ ਤੇ ਆਮ ਮਿਹਨਤਕਸ਼ ਜਨਤਾ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਬਾਬਾ ਭਕਨਾ ਜੀ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ।ਯਾਦ ਰਹੇ ਕਿ ਇਸ ਦਿਨ ਪਹਿਲਾਂ ਬਾਬਾ ਜੀ ਦੇ ਪਰਿਵਾਰਕ ਮੈਂਬਰਾਂ ਵੱਲੋਂ ਜਸਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਬਾਬਾ ਜੀ ਦੀ ਯਾਦਗਾਰ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਇਆ ਜਾਂਦਾ ਹੈ।ਇਸ ਉਪਰੰਤ ਬਾਬਾ ਸੋਹਣ ਸਿੰਘ ਭਕਨਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਿਆਸੀ ਕਾਨਫਰੰਸ ਤੇ ਲੋਕ ਪੱਖੀ ਸਭਿਆਚਾਰਕ ਪ੍ਰੋਗਰਾਮ ਕਰਕੇ ਬਾਬਾ ਜੀ ਤੇ ਬਾਕੀ ਸਭ ਗ਼ਦਰੀ ਯੋਧਿਆਂ ਤੇ ਦੇਸ਼ ਭਗਤਾਂ ਨੂੰ ਯਾਦ ਕਰਦਿਆਂ ਦੇਸ਼ ਵਿੱਚ ਬਾਬਾ ਜੀ ਦੀ ਵਿਚਾਰਧਾਰਾ ਦਾ ਰਾਜ ਪ੍ਰਬੰਧ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।ਇਸਦੀ ਤਿਆਰੀ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਅਟਾਰੀ ਵੰਨ ਦੇ ਸਕੱਤਰ ਕਾਮਰੇਡ ਮੰਗਲ ਸਿੰਘ ਬਾਸਰਕੇ ਭੈਣੀ, ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਦੁਧਾਲਾ, ਸਰਬਜੀਤ ਸਿੰਘ ਭੱਲਾ, ਜਸਪਾਲ ਸਿੰਘ ਚੱਕ ਮੁਕੰਦ, ਕੁਲਦੀਪ ਸਿੰਘ ਭਕਨਾ, ਨਿਰਮਲ ਸਿੰਘ ਰਾਮਪੁਰਾ, ਗੁਲਜ਼ਾਰ ਸਿੰਘ ਚੀਚਾ, ਚੰਦ ਸਿੰਘ ਚੀਚਾ, ਜਗਤਾਰ ਸਿੰਘ ਰਾਮਪੁਰਾ ਸਮੇਤ ਕਈ ਕਮਿਊਨਿਸਟ ਵਰਕਰ ਤਿਆਰੀਆਂ ਵਿੱਚ ਲੱਗੇ ਹੋਏ ਹਨ।

## ਕਿਸਾਨ-ਮਜ਼ਦੂਰ ਕੁਰਬਾਨੀਆਂ ਦੇਣ ਲਈ ਤਿਆਰ ਰਹਿਣ : ਕਾਮਰੇਡ ਚੰਦਰ ਸ਼ੇਖਰ

**ਵਿਸ਼ਾਖਾਪਟਨਮ (ਨਜ਼ਸ)-**ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ 'ਚ ਚੱਲ ਰਹੇ ਸੀਟੂ ਆਲ ਇੰਡੀਆ ਦੇ ਡੈਲੀਗੇਸ਼ਨ ਅਜਲਾਸ ਦੇ ਤੀਜੇ ਦਿਨ ਕੌਮੀ ਜਨਰਲ ਸਕੱਤਰ ਕਾਮਰੇਡ ਤਪਨ ਸੇਨ ਵੱਲੋਂ ਪੇਸ਼ ਕੀਤੀ ਰਾਜਨੀਤਕ ਰਿਪੋਰਟ 'ਤੇ ਵੱਖ-ਵੱਖ ਰਾਜਾਂ ਦੇ ਡੈਲੀਗੇਟ ਆਗੂਆਂ ਵੱਲੋਂ ਚਰਚਾ ਕੀਤੀ ਗਈ।ਇਸ ਮੌਕੇ ਪੰਜਾਬ ਦੇ ਡੈਲੀਗੇਸ਼ਨ ਵੱਲੋਂ ਕਾਮਰੇਡ ਚੰਦਰ ਸ਼ੇਖਰ ਸੂਬਾਈ ਪ੍ਰਧਾਨ ਸੀਟੂ ਨੇ ਵੀ ਆਪਣੇ ਵਿਚਾਰ ਰੱਖੇ ।ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਸਾਨੂੰ ਸੱਤਾ ਦਾ ਸੁੱਖ ਭੋਗ ਚੁੱਕੇ ਅਕਾਲੀ ਦਲ ਵਾਲੇ, ਕਾਂਗਰਸੀ ਤੇ ਕੇਂਦਰੀ ਸੱਤਾ 'ਤੇ ਬਿਰਾਜਮਾਨ ਭਾਜਪਾ ਤੇ ਪੰਜਾਬ ਦੀ ਸੱਤਾ 'ਤੇ ਕਾਬਜ਼ ਆਮ ਪਾਰਟੀ ਵਾਲਿਆਂ ਕੋਲ ਨਾ ਤਾਂ ਲੋਕਾਂ ਦੇ ਮਸਲਿਆਂ ਦਾ ਕੋਈ ਹੱਲ ਹੈ ਤੇ ਨਾ ਹੀ ਇਹ ਪੰਜਾਬ ਦੇ ਵਿਕਾਸ ਲਈ ਕੋਈ ਠੋਸ ਕਦਮ ਚੁੱਕ ਸਕਦੇ ਹਨ ।ਸਾਨੂੰ ਲੋਕ ਮਸਲੇ ਹੱਲ ਕਰਵਾਉਣ ਲਈ ਕਿਸਾਨਾਂ, ਮਜਦੂਰਾਂ, ਖੇਤ ਮਜ਼ਦੂਰਾਂ ਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਮਸਲਿਆਂ ਦੇ ਅਧਾਰ 'ਤੇ ਲਾਮਬੰਦ ਕਰਦੇ ਹੋਏ ਸੰਘਰਸ਼ਾਂ ਉੱਤੇ ਹੀ ਟੇਕ ਰੱਖਣੀ ਚਾਹੀਦੀ ਹੈ।ਇਸ ਲਈ ਲੋਕ ਲਾਮਬੰਦੀ ਸਾਡਾ ਪਹਿਲਾ ਉਦੇਸ਼ ਹੋਣਾ ਚਾਹੀਦਾ ਹੈ। ਇਹ ਜਨਤਕ ਲਾਮਬੰਦੀ ਜਿਥੇ ਫਿਰਕੂ ਫਾਸ਼ੀਵਾਦ ਨੂੰ ਹਰਾਉਣ ਵਿਚ ਅਹਿਮ ਰੋਲ ਅਦਾ ਕਰੇਗੀ ਉਥੇ ਹੀ ਇਹ ਸਾਡੇ ਸੰਵਿਧਾਨ ਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ, ਜਨਤਕ ਮਸਲੇ ਹੱਲ ਕਰਵਾਉਣ ਲਈ ਤੇ ਲੋਕ ਘੋਲਾਂ ਨੂੰ ਹੋਰ ਤਿੱਖਾ ਕਰਨ ਵਿਚ ਵੀ ਪ੍ਰਮੁੱਖ ਭੂਮਿਕਾ ਨਿਭਾਏਗੀ।

ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਲੋਕ ਘੋਲਾਂ ਨੂੰ ਦਬਾਉਣ ਲਈ ਵਰਤੇ ਜਾ ਰਹੇ ਤਾਨਾਸ਼ਾਹੀ ਰਵੱਈਏ, ਕਿਸਾਨਾਂ, ਮਜ਼ਦੂਰਾਂ ਤੇ ਪੱਤਰਕਾਰਾਂ ਉਤੇ ਪਰਚੇ ਦਰਜ ਕਰਨ ਤੇ ਜੇਲ੍ਹਾਂ 'ਚ



ਡੱਕਣ ਦੀ ਵੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ।ਇਸ ਮੌਕੇ ਉਨਾਂ ਸੰਯੁਕਤ ਕਿਸਾਨ ਮੋਰਚੇ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਿਸਾਨ-ਮਜ਼ਦੂਰ ਏਕਤਾ ਨੇ ਲੋਕਾਂ ਦਾ ਭਰੋਸਾ ਜਿੱਤਿਆ ਹੈ ਤੇ ਇਸ ਭਰੋਸੇ ਨੂੰ ਹੋਰ ਪਕੇਰਾ ਬਣਾਉਣ ਲਈ ਸਾਨੂੰ ਵਧੇਰੇ ਮਿਹਨਤ ਤੇ ਕੁਰਬਾਨੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ ਡੈਲੀਗੇਸ਼ਨ ਹਾਊਸ ਵਿਚ ਇਕ ਵਿਸ਼ੇਸ਼ ਮਤਾ ਪੇਸ਼ ਕਰਕੇ ਬੰਗਾਲ ਦੇ ਮਜ਼ਦੂਰਾਂ ਉਪਰ ਹਿੰਦੂਤਵਵਾਦੀ ਤੱਤਾਂ ਵੱਲੋਂ ਬੰਗਲਾਦੇਸ਼ੀ ਕਹਿ ਕੇ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਤੇ ਕਤਲਾਂ ਦੀ ਸਖ਼ਤ ਸ਼ਬਦਾਂ ਵਿਚ ਨਖੇਧੀ ਕੀਤੀ ਗਈ ਤੇ ਮੰਗ ਕੀਤੀ ਕਿ ਕੇਂਦਰ ਤੇ ਸੂਬਾਈ ਸਰਕਾਰਾਂ ਇਨ੍ਹਾਂ ਅੰਤਰਰਾਜੀ ਮਜ਼ਦੂਰਾਂ ਦੀ ਸੁਰੱਖਿਆ ਲਈ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਤੇ ਦੋਸ਼ੀ ਹਮਲਾਵਰਾਂ ਨੂੰ ਮਿਸਾਲੀ ਸਜ਼ਾਵਾਂ ਦੇਣਾ ਯਕੀਨੀ ਬਣਾਉਣ।ਵਰਨਣਯੋਗ ਹੈ ਕਿ ਸੀਟੂ ਦੀ ਇਸ 5 ਰੋਜ਼ਾ ਕੌਮੀ ਕਾਨਫਰੰਸ ਵਿਚ ਪੰਜਾਬ ਵਿਚੋਂ 19 ਮੈਂਬਰੀ ਡੈਲੀਗੇਸ਼ਨ ਭਾਗ ਲੈ ਰਿਹਾ ਹੈ।

## ਕੀਮਤੀ ਜਾਨਾਂ ਬਚਾਉਣ ਲਈ ਸਰਬੱਤ ਦਾ ਭਲਾ ਟਰੱਸਟ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸੰਸਾਰ ਪ੍ਰਸਿੱਧ ਸਮਾਜਸੇਵੀ ਸ਼ਖ਼ਸੀਅਤ ਡਾ. ਐੱਸ. ਪੀ. ਸਿੰਘ ਓਬਰਾਏ ਦੀ ਯੋਗ ਰਹਿਨੁਮਾਈ ਹੇਠ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਅਗਵਾਈ ਵਿੱਚ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ



ਰਵਿੰਦਰ ਸਿੰਘ ਮਠਾਰੂ ਅਤੇ ਟਰੱਸਟ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ ਵੱਲੋਂ ਟੀਮ ਮੈਂਬਰਾਂ ਦੇ ਨਾਲ ਮਿਲ ਕੇ ਪੁਲਿਸ ਜ਼ਿਲ੍ਹਾ ਬਟਾਲਾ ਦੇ ਅੰਦਰ ਵੱਖ-ਵੱਖ ਵਾਹਨਾਂ ਦੇ ਉਪਰ ਰਿਫਲੈਕਟਰ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਡਾ. ਮਹਿਤਾਬ ਸਿੰਘ, ਐੱਪੀ ਇਨਵੈਸਟੀਗੇਸ਼ਨ ਸੰਦੀਪ ਵਢੇਰਾ, ਟ੍ਰੈਫਿਕ ਪੁਲਸ ਬਟਾਲਾ ਦੇ ਇੰਚਾਰਜ ਇੰਸਪੈਕਟਰ ਸੁਰਿੰਦਰ ਸਿੰਘ ਗੁਰਾਇਆ, ਐੱਸਐੱਸਪੀ ਦੇ ਰੀਡਰ ਇੰਸਪੈਕਟਰ ਅਨਿਲ ਪਵਾਰ, ਟ੍ਰੈਫਿਕ ਪੁਲਿਸ ਦੇ ਮੁਨਸ਼ੀ ਰਾਜੀਵ ਕੁਮਾਰ, ਏਐੱਸਆਈ ਸੁਖਵਿੰਦਰ ਸਿੰਘ, ਟਰੱਸਟ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਹਰਸ਼ਮੀਤ ਸਿੰਘ, ਐਡਵੋਕੇਟ ਪੰਕਜ ਜੁਕਲਾ, ਮਲਕੀਤ ਸਿੰਘ, ਸ਼ਮਸ਼ੇਰ ਸਿੰਘ ਵੱਲੋਂ ਐੱਸਐੱਸਪੀ ਦਫਤਰ ਦੇ ਬਾਹਰ ਵੱਖ-ਵੱਖ ਵਾਹਨਾਂ ਦੇ ਉਪਰ ਰਿਫਲੈਕਟਰ ਲਗਾਏ ਗਏ।ਇਸ ਮੌਕੇ ਐੱਸਪੀ ਇਨਵੈਸਟੀਗੇਸ਼ਨ ਸੰਦੀਪ ਵਢੇਰਾ ਅਤੇ ਟ੍ਰੈਫਿਕ ਪੁਲਿਸ ਦੇ ਇੰਚਾਰਜ ਇੰਸਪੈਕਟਰ ਸੁਰਿੰਦਰ ਸਿੰਘ ਗੁਰਾਇਆ ਨੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹਰ ਸਾਲ ਹੀ ਧੁੰਦ ਦੇ ਮੌਸਮ ਵਿੱਚ ਕੀਮਤੀ ਜਿੰਦਗੀਆਂ ਬਚਾਉਣ ਦੇ ਮਕਸਦ ਨਾਲ ਵਾਹਨਾਂ ਦੇ ਉੱਪਰ ਰਿਫਲੈਕਟਰ ਲਗਾਏ ਜਾਂਦੇ ਹਨ, ਜੋ ਕਿ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਟਰੱਸਟ ਦੇ ਮੁਖੀ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਲੋਕ ਭਲਾਈ ਦੇ ਕਾਰਜਾਂ ਤੇ ਖਰਚ ਕੀਤਾ ਜਾ ਰਿਹਾ ਹੈ, ਜਦਕਿ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਅਤੇ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ।ਐੱਸਪੀ ਇਨਵੈਸਟੀਗੇਸ਼ਨ ਸੰਦੀਪ ਵਢੇਰਾ ਅਤੇ ਇੰਸਪੈਕਟਰ ਸੁਰਿੰਦਰ ਸਿੰਘ ਗੁਰਾਇਆ ਨੇ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਵੱਡੇ ਪੱਧਰ ਤੇ ਗੱਡੀਆਂ ਨੂੰ ਰਿਫਲੈਕਟਰ ਲਗਾਉਣ ਦਾ ਜਿਹੜਾ ਉਪਰਾਲਾ ਕੀਤਾ ਗਿਆ ਹੈ, ਉਸਨੂੰ ਟ੍ਰੈਫਿਕ ਪੁਲਿਸ ਪੂਰਾ ਸਾਥ ਦੇ ਕੇ ਕਾਮਯਾਬ ਬਣਾਵੇਗੀ, ਤਾਂ ਜੋ ਧੁੰਦ ਦੇ ਕਾਰਨ ਵਾਪਰਦੇ ਹਾਦਸਿਆਂ ਨੂੰ ਰੋਕਿਆ ਜਾ ਸਕੇ ਅਤੇ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਅੱਜ ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਡਾ. ਮਹਿਤਾਬ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਪੁਲਸ ਨੂੰ 2 ਹਜ਼ਾਰ ਰਿਫਲੈਕਟਰ ਵੱਖ-ਵੱਖ ਵਾਹਨਾਂ ਉੱਪਰ ਲਗਾਉਣ ਦੇ ਲਈ ਭੇਂਟ ਕੀਤੇ ਗਏ ਹਨ, ਜਦਕਿ ਅੱਜ ਪੁਲਿਸ ਅਧਿਕਾਰੀਆਂ ਵੱਲੋਂ ਰਿਫਲੈਕਟਰ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਨੂੰ ਹੋਰ ਰਿਫਲੈਕਟਰ ਲਗਾਉਣ ਦੀ ਜ਼ਰੂਰਤ ਪਵੇਗੀ ਤਾਂ ਸਰਬੱਤ ਦਾ ਭਲਾ ਟਰੱਸਟ ਪੁਲਸ ਨੂੰ ਹੋਰ ਵੀ ਰਿਫਲੈਕਟਰ ਮੁਹੱਈਆ ਕਰਵਾਏਗਾ।ਇਸ ਮੌਕੇ ਹੋਰ ਵੀ ਆਗੂ ਤੇ ਮੈਂਬਰ ਹਾਜ਼ਰ ਸਨ।

# ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਸਵਿਤ੍ਰੀ ਬਾਈ ਫੂਲੇ ਦੇ ਆਗਮਨ ਦਿਵਸ ਨੂੰ ਸਮਰਪਿਤ ਮਾਨਸਾ ਵਿਸ਼ੇਸ਼ ਸਪਲੀਮੈਂਟ

## ਨਿਸ਼ਕਾਮ ਸੇਵਾ, ਦ੍ਰਿੜਤਾ, ਸਿਧਾਂਤਕ ਪਕਿਆਈ ਅਤੇ ਔਰਤਾਂ, ਦਲਿਤਾਂ ਦੇ ਜਮਹੂਰੀ ਹੱਕਾਂ ਦੀ ਅਲੰਬਰਦਾਰ ਮਾਤਾ ਸਵਿਤ੍ਰੀ ਬਾਈ ਫੂਲੇ

ਭਾਰਤ ਦੀ ਇਸ ਮਹਾਨ ਧਰਤੀ 'ਤੇ ਅਨੇਕਾਂ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ, ਯੋਧਿਆਂ, ਬਲਵਾਨਾਂ, ਸ਼ਹੀਦਾਂ, ਦੇਸ਼ ਭਗਤਾਂ ਆਦਿ ਤੋਂ ਇਲਾਵਾ ਵੱਡੇ-ਵੱਡੇ ਕਾਨੂੰਨਦਾਨਾਂ, ਰਾਜੇ ਮਹਾਰਾਜਿਆਂ ਦੀ ਪੈਦਾਇਸ਼ ਵੀ ਹੋਈ। ਇਸ ਸੂਚੀ 'ਚ ਸਿਰਫ਼ ਮਰਦ ਹੀ ਨਹੀਂ ਸਗੋਂ ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ੁਮਾਰ ਹਨ। ਇਨ੍ਹਾਂ ਮਹਾਨ ਔਰਤਾਂ 'ਚ ਇੱਕ ਨਾਮ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਵੀ ਅੰਕਿਤ ਹੈ, ਜੋ ਕਿ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ ਹੈ। ਇਹ ਭਾਰਤ ਦੇਸ਼ ਦੀ ਪਹਿਲੀ ਅਧਿਆਪਕਾ ਵਜੋਂ ਜਾਣੇ ਜਾਂਦੇ ਹਨ। ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਮਹਾਰਾਸ਼ਟਰ ਦੇ ਜਿਲ੍ਹੇ ਸਤਾਰਾ ਵਿੱਚਲੇ ਇੱਕ ਪਿੰਡ ਨਵਾਂ ਗਾਉਂ 'ਚ 03 ਜਨਵਰੀ 1831 ਈਸਵੀ ਨੂੰ ਮਾਤਾ ਲਛਮੀ ਬਾਈ ਅਤੇ ਪਿਤਾ ਖੰਡੋਜੀ ਨੈਵੇਸਾ ਦੇ ਘਰ ਅੰਤਾਂ ਦੀ ਗਰੀਬੀ ਨਾਲ ਦੋ ਚਾਰ ਹੋ ਰਹੇ ਮਾਲੀ ਪਰਿਵਾਰ ਵਿੱਚ ਹੋਇਆ। ਉਸ ਸਮੇਂ ਬਾਲ ਵਿਆਹ ਦੀ ਪ੍ਰਥਾ ਪੂਰੇ ਭਾਰਤ 'ਚ ਅਤੇ ਵਿਸ਼ੇਸ਼ ਕਰਕੇ ਮਹਾਰਾਟਰ 'ਚ ਵੱਡੀ ਪੱਧਰ ਤੇ ਪ੍ਰਚੱਲਤ ਸੀ। ਜਿਸ ਕਾਰਨ ਮਾਤਾ ਜੀ ਦਾ ਵਿਆਹ ਮਹਿਜ 9 ਵਰਿਆਂ ਦੀ ਉਮਰ 'ਚ ਹੀ 13 ਸਾਲਾ ਜੋਤੀ ਬਾ ਫੂਲੇ ਨਾਲ ਕਰ ਦਿੱਤਾ ਗਿਆ। ਜੋਤੀ ਬਾ ਫੂਲੇ ਤਾਂ ਉਸ ਸਮੇਂ ਦੇ ਮੁਤਾਬਿਕ ਕੁੱਝ ਪੜ੍ਹੇ ਲਿਖੇ ਸਨ, ਪ੍ਰੰਤੂ ਮਾਤਾ ਜੀ ਬਿਲਕੁਲ ਹੀ ਅਨਪੜ੍ਹ ਸਨ। ਇਸ ਲਈ ਪਹਿਲਾਂ ਉਨ੍ਹਾਂ ਨੇ ਆਪਣੇ ਪਤੀ ਤੋਂ ਆਪ ਅੱਖਰ ਗਿਆਨ ਹਾਸਲ ਕੀਤਾ। ਉਸ ਸਮੇਂ ਬ੍ਰਹਾਮਣਵਾਦ ਦਾ ਬੋਲਬਾਲਾ ਆਪਣੀ ਚਰਮਸੀਮਾ 'ਤੇ ਸੀ। ਜਿਸ ਕਰਕੇ ਸਮੁੱਚੀਆਂ ਔਰਤਾਂ ਅਤੇ ਵਿਸ਼ੇਸ਼ ਕਰਕੇ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਦਲਿਤ ਅਤੇ ਪਛੜਿਆ ਵਰਗ ਸਿੱਖਿਆ ਤੋਂ ਪੂਰੀ ਤਰ੍ਹਾਂ ਵਿਰਵਾ ਸੀ। ਸਵਿੱਤਰੀ ਬਾਈ ਫੂਲੇ ਨੂੰ ਇਸ ਤਰ੍ਹਾਂ ਦੀ ਵਿਤਕਰੇਬਾਜੀ ਅਤੇ ਹਨੇਰਗਰਦੀ ਹਰਗਿਜ ਪਸੰਦ ਨਹੀਂ ਸੀ। ਉਨ੍ਹਾਂ ਨੇ ਆਪਣੇ ਪਤੀ ਨਾਲ ਮਿਲ ਕੇ ਲੜਕੀਆਂ/ਔਰਤਾਂ ਦੀ ਸਿੱਖਿਆ ਅਤੇ ਦਲਿਤ ਵਰਗ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਖਿਲਾਫ਼ ਸ਼ਾਂਤਮਈ ਅੰਦੋਲਨ ਵਿੱਢਣ ਦੀ ਠਾਣ ਲਈ। ਇਸ ਲਈ ਦੰਪਤੀ ਵੱਲੋਂ ਲੜਕੀਆਂ ਦੀ ਪੜ੍ਹਾਈ ਲਈ ਪਹਿਲਾ ਸਕੂਲ ਪਹਿਲੀ ਜਨਵਰੀ 1848 ਨੂੰ ਖੋਲ੍ਹ ਕੇ ਪੜਾਉਣ ਦਾ ਜੋਖਮ ਭਰਿਆ ਕਾਰਜ ਸ਼ੁਰੂ ਕੀਤਾ ਅਤੇ ਦੇਸ਼ ਦੀ ਪਹਿਲੀ ਅਧਿਆਪਕਾ ਹੋਣ ਦਾ ਮਾਣ ਹਾਸਲ ਕਰਨ 'ਚ ਮਾਣ ਵੀ ਹਾਸਲ ਕੀਤਾ। ਪ੍ਰੰਤੂ ਸਮੇਂ ਦੇ ਸਮਾਜਿਕ ਅਤੇ ਧਾਰਮਿਕ ਠੇਕੇਦਾਰਾਂ ਨੂੰ ਅਜਿਹਾ ਔਰਤ ਅਤੇ ਲੋਕ ਪੱਖੀ ਕਾਰਜ਼ ਕਿਵੇਂ ਵੀ ਬਰਦਾਸ਼ਤ ਨਹੀਂ ਸੀ। ਉਨ੍ਹਾਂ ਨੇ ਸਵਿੱਤਰੀ ਬਾਈ ਫੂਲੇ ਜੀ ਨੂੰ ਤਰ੍ਹਾਂ ਤਰ੍ਹਾਂ ਨਾਲ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਸਕੂਲ ਜਾਣ ਸਮੇਂ ਉਨ੍ਹਾਂ ਦੇ ਕਪੜਿਆਂ ਤੇ ਚਿੱਕੜ ਅਤੇ ਗੰਦਗੀ ਆਦਿ ਸੁਟਣ ਤੋਂ ਇਲਾਵਾ, ਉਨ੍ਹਾਂ ਖਿਲਾਫ ਤਰ੍ਹਾਂ ਤਰ੍ਹਾਂ ਦਾ ਕੂੜ ਪ੍ਰਚਾਰ ਵੀ ਕੀਤਾ ਜਾਂਦਾ, ਤਾਂ ਕਿ ਉਹ ਆਪਣੇ ਮਿਸ਼ਨ ਤੋਂ ਥਿੜਕ ਕੇ ਇਸ ਕੰਮ ਨੂੰ ਬੰਦ ਕਰ ਦੇਵੇ। ਅਜਿਹੀਆਂ ਕੋਝੀਆਂ ਹਰਕਤਾਂ ਮਾਤਾ ਜੀ ਦੇ ਦ੍ਰਿੜ ਇਰਾਦੇ ਅੱਗੇ ਟਿਕ ਨਹੀਂ ਸਕੀਆਂ। ਪਤੀ ਪਤਨੀ ਵੱਲੋਂ ਜਨਤਕ ਸਹਿਯੋਗ ਸਦਕਾ ਗਰੀਬ ਲੋਕਾਂ ਦੇ ਇਲਾਜ ਲਈ ਚਿਕਿਤਸਾ ਕੇਂਦਰ ਵੀ ਖੋਲ੍ਹੇ ਗਏ ਜਿੱਥੇ ਹਾਸ਼ੀਏ ਤੇ ਧੱਕੇ ਹੋਏ ਲੋਕਾਂ ਦਾ ਇਲਾਜ ਬਿਲਕੁੱਲ ਮੁਫ਼ਤ ਕੀਤਾ ਜਾਂਦਾ ਸੀ। ਆਪਣੇ ਪਤੀ ਜੋਤੀ ਬਾ ਫੂਲੇ ਦੀ ਅਚਾਨਕ ਹੋਈ ਮੌਤ ਨਾਲ ਭਾਵੇਂ ਉਨ੍ਹਾਂ ਨੂੰ ਕੁੱਝ ਝਟਕਾ ਜਰੂਰ ਲੱਗਾ, ਪ੍ਰੰਤੂ ਕੁੱਝ ਸਮੇਂ ਬਾਅਦ ਹੀ ਉਹ ਮੁੜ ਆਪਣੇ ਪੱਧਰ ਤੇ ਹੀ ਆਪਣੇ ਮਿਸ਼ਨ ਦੀ ਪੂਰਤੀ ਲਈ ਮੁੜ ਜੁੱਟ ਗਏ। ਇਥੇ ਵਿਸ਼ੇਸ਼ ਤੌਰ ਤੇ ਜਿਕਰਯੋਗ ਹੈ ਕਿ ਮਾਤਾ ਜੀ ਬਹੁਤ ਹੀ ਸੁਘੜ, ਕੁਸ਼ਲ ਅਤੇ ਦੂਰਦਰਸ਼ੀ ਸੋਚ ਦੇ ਮਾਲਕ ਸਨ, ਕਿਉਂਕਿ ਅਜੋਕੀਆਂ ਸਰਕਾਰਾਂ ਜਿੱਥੇ ਅੱਜ 21ਵੀਂ ਸਦੀ 'ਚ ਵੀ ਵਿਦਿਆਰਥੀਆਂ ਨੂੰ ਨਵੀਨਤਮ ਵਿਧੀਆਂ ਨਾਲ ਸਿੱਖਿਆ ਦੇਣ ਦੇ ਸਿਰਫ਼ ਯਤਨ 'ਚ ਹੀ ਹਨ ਹੈ। ਉੱਥੇ, ਮਾਤਾ ਜੀ ਨੇ ਉਸ ਸਮੇਂ ਵੀ ਅਜਿਹੀਆਂ ਯੋਜਨਾਵਾਂ ਅਤੇ ਢੰਗ ਤਰੀਕੇ ਵਿਦਿਆਰਥਣਾਂ ਲਈ ਸ਼ੁਰੂ ਕੀਤੇ ਹੋਏ ਸਨ। ਉਸ ਸਮੇਂ ਵੀ ਵਿਦਿਆਰਥੀਆਂ ਦੇ ਘਰੇਲੂ ਹਾਲਾਤਾਂ ਦੇ ਮੱਦੇਨਜਰ ਦੁਪਹਿਰ ਦਾ ਖਾਣਾ, ਲੋੜਬੰਦ ਅਤੇ ਕਮਜੋਰ ਵਿਦਿਆਰਥੀਆਂ ਦੀ ਪੜ੍ਹਾਈ ਲਈ ਵੱਖਰਾ ਸਮਾਂ ਨਿਸਚਿਤ ਕਰਨਾ, ਵਿਦਿਆਰਥੀਆਂ ਨੂੰ ਪੜ੍ਹਾਈ 'ਚ ਰੁਚਿਤ ਅਤੇ ਪ੍ਰੇਰਿਤ ਕਰਨ ਲਈ ਵਜੀਫ਼ੇ ਆਦਿ ਦੇਣ ਤੋਂ ਇਲਾਵਾ, ਮਾਪੇ ਅਧਿਆਪਕ ਮਿਲਣੀਆਂ ਦਾ ਜਿਕਰ ਉਨ੍ਹਾਂ ਵੱਲੋਂ ਚਲਾਈ ਜਾ ਰਹੇ ਸਕੂਲਾਂ 'ਚ ਕਿਤੇ ਨਾ ਕਿਤੇ ਪੜਿਆ ਸੁਣਿਆ ਜਾਂਦਾ ਹੈ। ਸਮੇਂ ਦੇ ਥਪੇੜੇ ਸਹਿੰਦਿਆਂ ਅਤੇ, ਦੁੱਖਾਂ ਸੁੱਖਾਂ ਨਾਲ ਦੋ ਚਾਰ ਹੁੰਦਿਆਂ ਉਨ੍ਹਾਂ ਦੇ ਮਿਸ਼ਨ ਅਤੇ ਜੀਵਨ ਸਫ਼ਰ ਦੌਰਾਨ ਅਚਨਚੇਤ ਅਜਿਹੀ ਘਟਨਾ ਵਾਪਰੀ ਜਿਸ ਨੇ ਸ਼ਾਂਤ ਮਈ, ਅਤੇ ਸਹਿਯਤਾ ਨਾਲ ਤੁਰ ਰਹੀ ਜੀਵਨ ਰੂਪੀ ਗੱਡੀ ਅਤੇ ਸਮੂਚੇ ਢਾਂਚੇ ਨੂੰ ਲੀਹੋਂ ਲਾਹ ਕੇ ਰੱਖ ਦਿੱਤਾ। ਘਟਣਾ ਇਸ ਤਰ੍ਹਾਂ ਹੋਈ ਕਿ ਪਲੇਗ ਵਰਗੀ ਨਾਮੁਰਾਦ ਬਿਮਾਰੀ ਨੇ ਪੂਰੇ ਭਾਰਤ ਨੂੰ ਹੀ ਆਪਣੀ ਚਪੇਟ 'ਚ ਲੈ ਲਿਆ। ਸੇਵਾ ਦੀ ਪੁੰਜ ਸਵਿੱਤਰੀ ਬਾਈ ਫੂਲੇ ਇੱਕ ਪਲੇਗ ਦੀ ਮਰੀਜ ਔਰਤ ਦੀ ਸੇਵਾ ਸੰਭਾਲ ਕਰਦਿਆਂ ਖੁਦ ਵੀ ਇਸ ਘਾਤਕ ਰੋਗ ਦਾ ਸ਼ਿਕਾਰ ਹੋ ਗਈ। ਮਾਤਾ ਜੀ ਆਪਣੇ ਵਿਦਿਆਰਥੀਆਂ ਅਤੇ ਦੁਸ਼ਵਾਰੀਆਂ 'ਚ ਗ੍ਰਸ਼ਤ 'ਚ ਲਿਪਤ ਔਰਤਾਂ ਤੋਂ ਇਲਵਾ ਦਲਿਤਾਂ, ਪਛੜਿਆਂ ਨੂੰ ਰੋਂਦੀਆਂ ਵਿਲਕਦਿਆਂ ਛੱਡ ਕੇ 10 ਮਾਰਚ 1897 ਈਸਵੀ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਆਖਿਰ 'ਚ ਅਫ਼ਸੋਸ ਅਤੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਦੇਸ਼ ਦੀ ਪਹਿਲੀ ਅਧਿਆਪਕਾ, ਦਲਿਤਾਂ, ਪਛੜਿਆਂ ਅਤੇ ਵਿਸ਼ੇਸ਼ ਕਰਕੇ ਔਰਤਾਂ ਦੀ ਸਿੱਖਿਆ ਨੂੰ ਸਮਰਪਿੱਤ ਅਤੇ ਉਨ੍ਹਾਂ ਦੇ ਜਮਹੂਰੀ ਅਧਿਕਾਰਾਂ ਦੀ ਅਲੰਬਰਦਾਰ ਅਤੇ ਵੱਡੇ ਕੱਦ ਬੁੱਤ ਦੀ ਮਾਲਿਕ ਉਸ ਮਹਾਨ ਔਰਤ, ਦੀ ਸਮੇਂ ਦੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਤੋਂ ਇਲਾਵਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਸਬੰਧਤ ਅਧਿਆਪਕ ਜੱਥੇਬੰਦੀਆਂ (ਇੱਕਾ ਦੁੱਕਾ ਨੂੰ ਛੱਡ ਕੇ) ਵੱਲੋਂ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦੇਣ ਦਾ ਜੋਖਮ ਨਹੀਂ ਲਿਆ। ਉਮੀਦ ਕੀਤੀ ਜਾ ਸਕਦੀ ਹੈ ਕਿ ਭਵਿੱਖ 'ਚ ਸਬੰਧਤ ਧਿਰਾਂ, ਆਪਣੀ ਜੁੰਮੇਵਾਰੀ ਸਮਝਦਿਆਂ ਇਸ ਪਾਸੇ ਧਿਆਨ ਦੇ ਕੇ ਬਣਦੀ ਭੂਮਿਕਾ ਨਿਭਾਉਂਦਿਆਂ, ਫ਼ਰਜ ਪੂਰਤੀ ਦੀ ਮਿਸਾਲ ਕਾਇਮ ਕਰਕੇ, ਚੰਗੇ ਸ਼ਹਿਰੀ ਹੋਣ ਤੋਂ ਇਲਾਵਾ ਸੁਹਿਰਦ ਆਗੂ ਹੋਣ ਦਾ ਮੁਜਾਹਰਾ ਵੀ ਕਰਨਗੇ।





ਆਤਮਾ ਸਿੰਘ ਪਮਾਰ
ਕਾਲਮ ਨਵੀਸ ਅਤੇ
ਪ੍ਰੈਸ ਰਿਪੋਰਟਰ ਮਾਨਸਾ
89680-56200

## ਸਮੂਹਿਕ ਸੰਦੇਸ਼



ਐਸ.ਆਰ. ਲੱਧੜ ਆਈ.ਏ.ਐਸ. (ਰਿਟਾ.) ਸੂਬਾ ਪ੍ਰਧਾਨ ਬੀ.ਜੇ.ਪੀ. (ਐਸ.ਸੀ.ਵਿੰਗ) ਪੰਜਾਬ | ਡਾ. ਰਣਜੀਤ ਸਿੰਘ ਰਾਏ ਜ਼ਿਲ੍ਹਾ ਸਿਹਤ ਅਫ਼ਸਰ ਜ਼ਿਲ੍ਹਾ ਮਾਨਸਾ | ਵਿਜੈ ਜੈਨ ਸਾਬਕਾ ਪ੍ਰਧਾਨ ਯੂਥ ਕਾਂਗਰਸ (ਆਈ) ਅਤੇ ਐਂਟੀ ਕੁਰਪਸ਼ਨ ਬੋਰਡ ਮਾਨਸਾ | ਦਵਿੰਦਰ ਕੌਰ ਪ੍ਰਸਿੱਧ ਯੂ-ਟਿਊਬਰ, ਸੇਵਾ ਮੁਕਤ ਪੰਜਾਬੀ ਅਧਿਆਪਕਾ ਲੁਧਿਆਣਾ | ਕੁਲਵੰਤ ਕੌਰ ਪਮਾਰ ਸੇਵਾ ਮੁਕਤ ਬੀ.ਪੀ.ਈ.ਓ. ਮਾਨਸਾ | ਸਿਕੰਦਰ ਸਿੰਘ ਘਰਾਂਗਣਾਂ ਪ੍ਰਧਾਨ ਰਿਟਾ. ਇੰਪ. ਵੈਲਫੇਅਰ ਐਸੋਸੀਏਸ਼ਨ ਮਾਨਸਾ

ਭਾਰਤ ਦੀ ਪਹਿਲੀ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਆਗਮਨ ਦਿਵਸ ਦੀਆਂ ਸਮੁੱਚੀ ਮਾਨਵਤਾਂ, ਵਿਸ਼ੇਸ਼ ਕਰਕੇ ਔਰਤ ਜਾਤੀ ਅਤੇ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਗਏ ਦਲਿਤ ਵਰਗ ਨੂੰ ਲੱਖ-ਲੱਖ ਵਧਾਈਆਂ। ਮਾਤਾ ਜੀ ਨੂੰ ਲੜਕੀਆਂ ਅਤੇ ਔਰਤਾਂ ਦੀ ਪੜ੍ਹਾਈ ਤੋਂ ਇਲਾਵਾ ਦਲਿਤਾਂ ਅਤੇ ਹੋਰ ਗਰੀਬ ਵਰਗ ਲਈ ਆਪੇ ਨੂੰ ਜੋਖ਼ਮ ਵਿੱਚ ਝੋਕ ਕੇ ਕੀਤੇ ਗਏ ਅਣਥੱਕ ਉੱਪਰਾਲਿਆਂ ਅਤੇ ਸ਼ਲਾਂਘਾਯੋਗ ਨੇਕ ਕਾਰਜਾਂ ਲਈ ਕੋਟਿ ਕੋਟਿ ਪ੍ਰਣਾਂਮ। ਅਦਾਰਾ ਰੋਜਾਨਾ 'ਨਵਾਂ ਜਮਾਨਾਂ' ਜਲੰਧਰ ਅਤੇ ਮਾਨਸਾ ਤੋਂ ਇਸ ਦੇ ਪ੍ਰਤੀਨਿੱਧ ਆਤਮਾ ਸਿੰਘ ਪਮਾਰ ਨੂੰ ਅਜਿਹੇ ਸੁਭਾਗੇ ਦਿਨ 'ਤੇ ਇਸ ਮਹਾਨ ਸ਼ਖਸ਼ੀਅਤ ਨੂੰ ਸਮੱਰਪਿਤ ਮਾਨਸਾ ਵਿਸ਼ੇਸ਼ 'ਸਪਲੀਮੈਂਟ' ਪ੍ਰਕਾਸ਼ਿਤ ਕਰਨ ਲਈ ਅਸੀਂ ਸਾਂਝੇ ਤੌਰ ਤੇ ਸ਼ੁਭ ਕਾਮਨਾਵਾਂ ਤੋਂ ਇਲਾਵਾ ਅਤੇ ਸੰਗਰਾਮੀ ਮੁਬਾਰਕਾਂ ਵੀ ਭੇਟ ਕਰਦੇ ਹਾਂ।

ਇੰਡਿਯਨਆੱਯਲ Indane IndianOil SAFE.RELIABLE.CONVENIENT
1. ਕੇ.ਵਾਈ.ਸੀ. ਕਰਵਾਉਣੀ ਬਹੁਤ ਜਰੂਰੀ ਹੈ।
2. ਗੈਸ ਬੁੱਕ ਕਰਵਾਉਣ ਤੇ ਹੀ ਮਿਲੇਗੀ।
3. ਫੋਨ '84548-55555' ਤੇ ਮਿਸ ਕਾਲ ਕੀਤੀ ਜਾ ਸਕਦੀ ਹੈ।
Mansa Gas Service Mansa
Ph. 01652-228596, 232596, 70094-42611, 95013-28596



ਇੰਦਰਜੀਤ ਸਿੰਘ ਗੋਗੀ ਸਰਦੂਲਗੜ੍ਹ ਪ੍ਰਧਾਨ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਬ੍ਰਾਂਚ ਮਾਨਸਾ

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥

ਕੰਪਿਊਟਰ ਅਧਿਆਪਕ ਯੂਨੀਅਨ ਮਾਨਸਾ



ਸੰਤ ਪ੍ਰਤਾਪ ਸਿੰਘ ਜ਼ਿਲ੍ਹਾ ਪ੍ਰਧਾਨ | ਜੁਗਰਾਜ ਸਿੰਘ ਸੀਨੀ. ਮੀਤ ਪ੍ਰਧਾਨ | ਨਿਤੇਸ਼ ਕੁਮਾਰ ਕੈਸ਼ੀਅਰ

ਗੌਰਮਿੰਟ ਟੀਚਰਜ਼ ਯੂਨੀਅਨ ਜ਼ਿੰਦਾਬਾਦ....... ਇੱਕੋ ਇੱਕ ਠੀਕ ਰਾਹ ਏਕੇ ਤੇ ਸੰਘਰਸ਼ ਦਾ........

### ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਜ਼ਿਲ੍ਹਾ ਮਾਨਸਾ

ਸਿੱਖਿਆ ਵਿਭਾਗ ਪੰਜਾਬ,
ਅਧਿਆਪਕ ਹਿੱਤਾਂ ਦੀ ਰਾਖੀ ਲਈ ਵਚਨਬੱਧ।
ਵੱਲੋਂ:- ਪ੍ਰਧਾਨਗੀ ਮੰਡਲ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਜ਼ਿਲ੍ਹਾ ਮਾਨਸਾ

## ਸਪਲੀਮੈਂਟ ਲਈ ਸਹਿਯੋਗੀ ਸੱਜਣਾਂ ਅਤੇ ਸਮੂਹ ਜੱਥੇਬੰਦੀਆਂ ਦਾ ਤਹਿ ਦਿਲੋਂ ਧੰਨਵਾਦ ਜੀ



ਡਾ. ਜਨਕ ਰਾਜ ਸਿੰਗਲਾ ਪ੍ਰਧਾਨ ਆਈ.ਐੱਮ.ਏ. ਮਾਨਸਾ | ਬਲਦੇਵ ਸਿੰਘ ਮੰਢਾਲੀ (ਸੂਬਾ ਪ੍ਰਧਾਨ) ਇੰਪਲਾਈਜ਼ ਫੈਡਰੇਸ਼ਨ PSEB ਪਹਿਲਵਾਨ | ਕ੍ਰਿਸ਼ਨ ਸਿੰਘ ਮਾਨਬੀਬੜੀਆਂ ਤਰਕਸ਼ੀਲ ਆਗੂ

ਸਵਿੰਦਰ ਸਿੰਘ ਰਿਟਾ. ਜੇ.ਈ. ਪੀ.ਡਬਲਯੂ ਮਾਨਸਾ | ਜੀਤ ਸਿੰਘ ਸੰਧੂ ਰਿਟਾ. ਮੁੱਖ ਅਧਿਆਪਕ ਮਾਨਸਾ | ਗੁਰਦੇਵ ਸਿੰਘ ਘੁਮਾਣ ਰਿਟਾ. ਫੂਡ ਸਪਲਾਈ ਅਫ਼ਸਰ ਮਾਨਸਾ | ਸੇਠੀ ਸਿੰਘ ਸਰਾਂ ਸੇਵਾ ਮੁਕਤ ਏ.ਆਰ ਸਹਿਕਾਰੀ ਸਭਾਵਾਂ ਪੰਜਾਬ | ਬਾਦਸ਼ਾਹ ਸਿੰਘ ਸੇਵਾ ਮੁਕਤ ਇੰਸਪੈਕਟਰ ਸਹਿਕਾਰੀ ਸਭਾਵਾਂ ਪੰਜਾਬ

### ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ

ਕਰਮਜੀਤ ਸਿੰਘ ਤਾਮਕੋਟ ਜ਼ਿਲ੍ਹਾ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ | ਰਾਜਵਿੰਦਰ ਸਿੰਘ ਬਹਿਣੀਵਾਲ ਸੀਨੀ. ਮੀਤ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ | ਹਰਜਿੰਦਰ ਸਿੰਘ ਅਨੂਪਗੜ੍ਹ ਜ਼ਿਲ੍ਹਾ ਸਕੱਤਰ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ

### ਬਹੁਜਨ ਮੁਕਤੀ ਪਾਰਟੀ ਅਤੇ ਬਹੁਜਨ ਮੋਰਚਾ, ਜ਼ਿਲ੍ਹਾ ਮਾਨਸਾ

ਡਾ. ਸੁਰਿੰਦਰ ਸਿੰਘ ਜੋਨ ਇੰਚਾਰਜ (ਬਾਮਸੇਫ) | ਜਸਵੰਤ ਸਿੰਘ ਵਾਇਸ ਪ੍ਰਧਾਨ ਪੰਜਾਬ | ਦਲਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ (ਬਾਮਸੇਫ)

### ਫੀਲਡ ਐਂਡ ਵਰਕਸ਼ਾਪ ਯੂਨੀਅਨ ਪੰਜਾਬ (ਵਿਗਿਆਨਿਕ) ਰਜਿ. ਨੰ. 302 ਮੁੱਖ ਦਫ਼ਤਰ ਸੰਗਤਪੁਰਾ (ਲਹਿਰਾ ਗਾਗਾ) ਸੰਗਰੂਰ



ਬਿੱਕਰ ਸਿੰਘ ਮਾਖਾ ਸੂਬਾ ਪ੍ਰਧਾਨ | ਹਿੰਮਤ ਸਿੰਘ | ਜਸਪ੍ਰੀਤ ਸਿੰਘ ਜੱਸੀ | ਸੁਖਵਿੰਦਰ ਸਿੰਘ | ਨਿਰਮਲ ਸਿੰਘ ਰਾਮਦਿੱਤੇਵਾਲਾ | ਸੁਰਜੀਤ ਸਿੰਘ ਯਾਦਵ | ਜਸਪ੍ਰੀਤ ਸਿੰਘ ਵਾਲੀਆ | ਜਸਮੇਲ ਸਿੰਘ ਅਤਲਾ | ਗੁਰਸੇਵਕ ਸਿੰਘ ਭੀਖੀ

### ਦੀ ਰਿਟਾਇਰਡ ਇੰਪਲਾਈਜ਼ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਮਾਨਸਾ

ਸਿਕੰਦਰ ਸਿੰਘ ਘਰਾਂਗਣਾਂ ਪ੍ਰਧਾਨ ਰਿਟਾ. ਇੰਪ. ਵੈਲਫੇਅਰ ਐਸੋਸੀਏਸ਼ਨ ਮਾਨਸਾ | ਅਜੈਬ ਸਿੰਘ ਚਹਿਲ ਸਕੱਤਰ ਰਿਟਾ. ਇੰਪ. ਪੈਨਸ਼ਨਰਜ਼ ਵੈਲਫੇਅਰ ਐਸੋ. ਮਾਨਸਾ | ਜੀਤ ਸਿੰਘ ਭੁੱਲਰ ਖਜਾਨਚੀ ਰਿਟਾ. ਇੰਪ. ਪੈਨਸ਼ਨਰਜ਼ ਵੈਲਫੇਅਰ ਐਸੋ. ਮਾਨਸਾ

### ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਪੰਜਾਬ, ਜ਼ਿਲ੍ਹਾ ਇਕਾਈ ਮਾਨਸਾ



ਬੇਅੰਤ ਸਿੰਘ ਰੜ੍ਹ ਮਾਨਸਾ | ਕਰਮਜੀਤ ਸਿੰਘ ਤਾਮਕੋਟ ਮਾਨਸਾ | ਦਰਸ਼ਨ ਸਿੰਘ ਅਲੀਸ਼ੇਰ ਮਾਨਸਾ | ਲਖਵਿੰਦਰ ਸਿੰਘ ਮਾਨ ਮਾਨਸਾ

### ਸੀ.ਪੀ.ਐਫ. ਕਰਮਚਾਰੀ ਯੂਨੀਅਨ, ਜ਼ਿਲ੍ਹਾ ਮਾਨਸਾ

ਮਲਕੀਤ ਸਿੰਘ ਖਿਆਲਾ ਜ. ਸਕੱਤਰ ਸੀ.ਪੀ.ਐਫ. ਕਰਮਚਾਰੀ ਯੂਨੀ. ਮਾਨਸਾ | ਸੁਖਜੀਤ ਸਿੰਘ ਸਟੇਟ ਪ੍ਰਧਾਨ ਸੀ.ਪੀ.ਐਫ. ਕਰਮਚਾਰੀ ਯੂਨੀ. ਮਾਨਸਾ | ਧਰਮਿੰਦਰ ਸਿੰਘ ਹੀਰੇਵਾਲਾ ਜ਼ਿਲ੍ਹਾ ਪ੍ਰਧਾਨ ਸੀ.ਪੀ.ਐਫ. ਕਰਮਚਾਰੀ ਯੂਨੀ. ਮਾਨਸਾ | ਪ੍ਰਭਜੋਤ ਸਿੰਘ ਸੀਨੀ. ਸਟੇਟ ਮੀਤ ਸੀ.ਪੀ.ਐਫ. ਕਰਮਚਾਰੀ ਯੂਨੀ. ਮਾਨਸਾ

### ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਮਾਨਸਾ

ਰਾਜ ਕੁਮਾਰ ਰੰਗਾ ਜ਼ਿਲ੍ਹਾ ਪ੍ਰਧਾਨ ਪੰਜਾਬ ਸੁਬਾਰਡੀਨੇਟਰ ਸਰਵਿਸਿਜ਼ ਫੈਡਰੇਸ਼ਨ ਮਾਨਸਾ | ਹਰਪਾਲ ਸਿੰਘ ਮੂਲੇਵਾਲਾ ਜ. ਸਕੱਤਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਮਾਨਸਾ | ਨਾਜਮ ਸਿੰਘ ਬੁਰਜ ਢਿੱਲਵਾਂ ਸਹਾ. ਸਕੱਤਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਮਾਨਸਾ

ਲੱਖਾ ਸਿੰਘ ਸਹਾਰਨਾ ਰਿਟਾ. ਅੰਗਰੇਜ਼ੀ ਲੈਕ. ਸੀਨੀ. ਤਰਕਸ਼ੀਲ ਆਗੂ | ਹਰਬੰਸ ਸਿੰਘ ਢਿੱਲੋਂ ਤਰਕਸ਼ੀਲ ਆਗੂ ਮਾਨਸਾ

### ਪੰਜਾਬ ਕਿਸਾਨ ਯੂਨੀਅਨ, ਜ਼ਿਲ੍ਹਾ ਮਾਨਸਾ



ਨਰਿੰਦਰ ਕੌਰ ਬੁਰਜ ਹਮੀਰਾ ਪੰਜਾਬ ਕਿਸਾਨ ਯੂਨੀ. ਦੇ ਸੂਬਾਈ ਆਗੂ | ਗੁਰਜੰਟ ਸਿੰਘ ਮਾਨਸਾ ਸੂਬਾਈ ਆਗੂ ਪੰਜਾਬ ਕਿਸਾਨ ਯੂਨੀਅਨ

ਅਜੈਬ ਸਿੰਘ ਚਹਿਲ ਸਕੱਤਰ ਰਿਟਾ. ਇੰਪ. ਪੈਨਸ਼ਨਰਜ਼ ਵੈਲਫੇਅਰ ਐਸੋ. ਮਾਨਸਾ | ਸੰਦੀਪ ਸਿੰਘ ਆਗੂ ਪੀ.ਐਸ.ਐਮ.ਐਸ.ਯੂ. ਜ਼ਿਲ੍ਹਾ ਮਾਨਸਾ | ਪ੍ਰਤਾਪ ਸਿੰਘ ਪ੍ਰਧਾਨ ਪੀ.ਐਸ.ਐਮ.ਐਸ.ਯੂ. ਜ਼ਿਲ੍ਹਾ ਮਾਨਸਾ | ਮੇਜਰ ਸਿੰਘ ਸਾਬਕਾ ਅਧਿਆਪਕ ਆਗੂ ਅਤੇ ਸਰਪੰਚ ਦਰੀਆਪੁਰ | ਦਰਸ਼ਨ ਸਿੰਘ ਔਜਲਾ ਸੇਵਾ ਮੁਕਤ ਲਾਇਬ੍ਰੇਰੀਅਨ | ਸਵਰਨਜੀਤ ਸਿੰਘ ਦਲਿਓ ਐਡਵੋਕੇਟ ਸਕੱਤਰ ਸੀ.ਪੀ.ਆਈ. (ਐਮ) ਜ਼ਿਲ੍ਹਾ ਮਾਨਸਾ

### ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ.295

ਮੁੱਖ ਦਫ਼ਤਰ: 4-ਮਾਡਲ ਟਾਊਨ, ਨੇੜੇ ਟੀ.ਵੀ. ਟਾਵਰ ਬਠਿੰਡਾ।



ਧੰਨਾ ਮੱਲ ਗੋਇਲ ਸੂਬਾ ਪ੍ਰਧਾਨ | ਰਾਕੇਸ਼ ਮਹਿਤਾ ਵਿੱਤ ਸਕੱਤਰ | ਗੁਰਮੇਲ ਸਿੰਘ ਮਾਛੀਕੇ ਜਨਰਲ ਸਕੱਤਰ

ਮਾਤਾ ਸਵਿਤਰੀ ਬਾਈ ਫੂਲੇ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਅਦਾਰਾ 'ਨਵਾਂ ਜਮਾਨਾ' ਜਲੰਧਰ ਅਤੇ ਇਸ ਦੇ ਮਾਨਸਾ ਤੋਂ ਪ੍ਰਤੀਨਿੱਧ 'ਆਤਮਾ ਸਿੰਘ ਪਮਾਰ' ਨੂੰ ਮਾਨਸਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਲਈ ਬਹੁਤ ਬਹੁਤ ਮੁਬਾਰਕਾਂ। ਇਸਦੇ ਨਾਲ ਹੀ ਆਪ ਸਭ ਨੂੰ ਚਣੌਤੀਆਂ ਭਰੇ ਨਵੇਂ ਸਾਲ ਦੀ ਆਮਦ 'ਤੇ ਉਜਵਲ ਭਵਿੱਖ ਦੀ ਕਾਮਨਾ ਤੋਂ ਇਲਾਵਾ ਸੰਗਰਾਮੀ ਮੁਬਾਰਕਾਂ।

ਪੰਜਾਬ ਸਰਕਾਰ ਤੋਂ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਸ਼ਾਰਟ ਟਰਮ ਟ੍ਰੇਨਿੰਗ ਦੇ ਕੇ ਮੁਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਮਾਨਤਾ ਦੀ ਪੁਰਜ਼ੋਰ ਮੰਗ।



ਧਾਲੀਵਾਲ ਪ੍ਰੋਪਰਟੀ ਸਲਾਹਕਾਰ
ਹਰ ਤਰ੍ਹਾਂ ਦੀ ਪ੍ਰੋਪਰਟੀ ਜਮੀਨ, ਜਾਇਦਾਦ, ਪਲਾਟ, ਦੁਕਾਨਾਂ ਆਦਿ ਖ੍ਰੀਦਣ ਅਤੇ ਵੇਚਣ ਲਈ ਮਿਲੋ
ਚਤਰਜੀਤ ਸਿੰਘ ਧਾਲੀਵਾਲ 98157-63099, 90410-63099
ਪਤਾ:- ਨੇੜੇ ਗਾਂਧੀ ਸਕੂਲ, ਮਾਨਸਾ






ਜਗਸੀਰ ਸਿੰਘ ਆਦਮਕੇ ਹੈੱਡ ਟੀਚਰ ਸ.ਪ. ਸ਼ਕੂਲ ਬਰਨ | ਗੁਰਜੰਟ ਸਿੰਘ ਲਖਮੀਰ ਵਾਲਾ ਉੱਘੇ ਸਮਾਜ ਸੇਵੀ | ਬਲਜਿੰਦਰ ਸਿੰਘ (ਸਟੇਟ ਅਵਾਰਡੀ) ਮੁੱਖ ਅਧਿਆਪਕ ਸ.ਪ.ਸ, ਅਤਲਾ ਕਲਾਂ, ਮਾਨਸਾ | ਗੁਰਚਰਨ ਸਿੰਘ ਭੰਡੂਕੇ ਸੇਵਾ ਮੁਕਤ BPEO ਮਾਨਸਾ | ਗੁਰਮੇਲ ਸਿੰਘ ਗਿੱਲ ਸੇਵਾ ਮੁਕਤ ਮੁੱਖ ਅਧਿਆਪਕ ਮਾਨਸਾ | ਹਰਪਾਲ ਕੌਰ ਮਾਨਸਾ ਸੂਬਾ ਪ੍ਰਧਾਨ ਮਜ਼ਬੀ ਸਿੱਖ/ ਵਾਲਮੀਕ ਫਰੰਟ ਪੰਜਾਬ

ਬਲਦੇਵ ਸਿੰਘ ਸੇਵਾ ਮੁਕਤ ਸੁਪਰਡੈਂਟ ਮਾਨਸਾ | ਇਕਬਾਲ ਸੰਧੂ ਉੱਭਾ ਲੇਖਕ ਈ.ਟੀ.ਟੀ. ਅਧਿਆਪਕ | ਬਲਤੇਜ ਸਿੰਘ ਰਾਮਦਿੱਤੇ ਵਾਲਾ ਹੈੱਡ ਟੀਚਰ | ਮਨਜੀਤ ਸਿੰਘ ਮੀਹਾਂ ਜ਼ਿਲ੍ਹਾ ਪ੍ਰਧਾਨ ਸੰਘਰਸ਼ੀ ਯੋਧੇ ਮਾਨਸਾ | ਗੁਰਪ੍ਰੀਤ ਧਾਲੀਵਾਲ ਪੱਤਰਕਾਰ/ਡਿਜ਼ਾਇਨਰ ਮਾਨਸਾ | ਐਡਵੋਕੇਟ ਬਲਕਰਨ ਸਿੰਘ ਬੱਲੀ ਮਾਨਸਾ

ਜਸਪਿੰਦਰ ਕੌਰ ਅਧਿਆਪਕਾ ਸ.ਪ.ਸ. ਭਾਈ ਦੇਸਾ | ਭੁਪਿੰਦਰਜੀਤ ਸਿੰਘ ਅਧਿਆਪਕ ਸ.ਪ.ਸ. ਕਿਸ਼ਨਗੜ੍ਹ ਫਰਵਾਹੀਂ | ਗੁਰਦੇਵ ਸਿੰਘ ਸਹੋਤਾ ਉਪ ਮੰਡਲ ਅਫਸਰ ਪੀ.ਐਸ.ਪੀ.ਸੀ.ਐਲ.

ਡਾ.ਰਾਜਭੁਪਿੰਦਰ ਕੌਰ ਸਹਾਇਕ ਪ੍ਰੋਫੈਸਰ ਯਾਦਵਿੰਦਰਾ ਇੰਜ. ਕਾਲਜ ਤਲਵੰਡੀ ਸਾਬੋ | ਐਡਵੋਕੇਟ ਯਾਦਵਿੰਦਰ ਸਿੰਘ ਪਮਾਰ | ਪਸ਼ਮੀਨਾ ਰਾਣੀ ਇੰਗ. ਮਿਸਟ੍ਰੈਸ ਸ.ਮ.ਸ. ਰਾਮਾਂ ਨੰਦੀ (ਮਾਨਸਾ)